
38ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼


ਤਰਕਸ਼ੀਲ

TARKSHEEL

ਮਈ - ਜੂਨ 2023



ਅੰਤਰ ਝਾਤ :



1 ਮਈ 1886 ਸ਼ਿਕਾਗੋ ਦੇ ਸ਼ਹੀਦ (2)




ਕੋਟ ਫੱਤਾ ਬਲੀ ਕਾਂਡ (7)

30/-



ਨੱਕ ਨਾਲ ਸੁੰਘ ਕੇ ਪੜ੍ਹਨ ਦੇ ਪਾਖੰਡ ਦਾ ਪਰਦਾਫਾਸ਼ (11)



ਵਿਦਿਆਰਥੀ ਖ਼ੁਦਕੁਸ਼ੀਆਂ (42)

ਚੰਗੀਆਂ ਵਿੱਚੋਂ ਚੰਗੀ ਚੀਜ਼ ਸਿਰਫ਼ ਗਿਆਨ ਹੈ ਤੇ ਬੁਰੀਆਂ ਵਿੱਚੋਂ ਬੁਰੀ ਸਿਰਫ਼ ਅਗਿਆਨਤਾ : ਸੁਕਰਾਤ (ਯੂਨਾਨੀ ਦਾਰਸ਼ਨਿਕ)

"ਮੈਂ ਉਮਰ ਭਰ
ਉਸ ਦੇ ਖਿਲਾਫ਼
ਸੋਚਿਆ ਤੇ ਲਿਖਿਆ ਹੈ।
ਜੇ ਉਸ ਦੇ ਸੋਗ ਵਿੱਚ
ਸਾਰਾ ਦੇਸ਼ ਸ਼ਾਮਲ ਹੈ,
ਤਾਂ ਇਸ ਦੇਸ਼ 'ਚੋਂ
ਮੇਰਾ ਨਾਮ ਕੱਟ ਦੇਵੋ।"

.. ਪਾਸ਼



ਅਜੇ

ਅਜੇ ਨਾ ਆਈ ਮੰਜ਼ਲ ਤੇਰੀ, ਅਜੇ ਵਡੇਰਾ ਪਾੜ੍ਹਾ ਏ,
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜ੍ਹਾ ਏ।
ਅਜੇ ਮੁਸ਼ੱਵਰ ਛਾਪ ਨਾ ਸਕਿਆ, ਦਰਦ ਦੀਆਂ ਤਸਵੀਰਾਂ ਨੂੰ,
ਅਜੇ ਮਿਸਤਰੀ ਤੋੜ ਨਾ ਸਕਿਆ, ਇਹ ਮਜ਼੍ਹਬੀ ਜ਼ੰਜੀਰਾਂ ਨੂੰ।
ਅਜੇ ਇਸ਼ਕ ਦਾ ਕਾਸਾ ਖਾਲੀ, ਖ਼ੈਰ ਹੁਸਨ ਨੇ ਪਾਇਆ ਨਾ,
ਮਾਨਵਤਾ ਦੇ ਬੂਹੇ 'ਤੇ ਕੋਈ, ਰਾਂਝਾ ਮੰਗਣ ਆਇਆ ਨਾ।
ਹਰ ਦਿਲ ਦੇ ਵਿਚ ਸ਼ਿਕਵੇ, ਝੋਰੇ, ਹਰ ਦਿਲ ਦੇ ਵਿਚ ਸਾੜ੍ਹਾ ਏ,
ਅਜੇ ਬਹਾਰਾਂ ਨਹੀਂ ਚਹਿਕੀਆਂ, ਅਜੇ ਹਨੇਰਾ ਗਾੜ੍ਹਾ ਏ।
ਅਜੇ ਕਿਰਤ ਦੀ ਚੁੰਝ ਹੈ ਖਾਲੀ, ਵਿਹਲੜ ਰੱਜ ਰੱਜ ਖਾਂਦੇ ਨੇ,
ਮੁੱਲਾ, ਪੰਡਤ, ਭਾਈ, ਧਰਮ ਦੇ ਠੇਕੇਦਾਰ ਕਹਾਂਦੇ ਨੇ।
ਅਜੇ ਮਨੁੱਖ ਦੀ ਕਾਇਆ ਉੱਤੇ, ਸਾਇਆ ਹੈ ਜਾਗੀਰਾਂ ਦਾ,
ਅਜੇ ਮਨੁੱਖ ਨਾ ਮਾਲਿਕ ਬਣਿਆ, ਆਪਣੀਆਂ 'ਤਕਦੀਰਾਂ' ਦਾ।
ਅਜੇ ਕਿਸੇ ਬੇਵੱਸ ਜਿਸਮ ਦਾ, ਮਿਲਦਾ ਏਥੇ ਭਾੜਾ ਏ,
ਅਜੇ ਨਾ ਸੁੱਤੀ ਜਨਤਾ ਜਾਗੀ, ਅਜੇ ਹਨੇਰਾ ਗਾੜ੍ਹਾ ਏ।
ਅਜੇ ਤਾਂ ਏਥੇ ਲੋਕਾਂ ਦੇ, ਅਰਮਾਨ ਵੀ ਵੇਚੇ ਜਾਂਦੇ ਨੇ,
ਅਜੇ ਤਾਂ ਪੈਸੇ ਪੈਸੇ ਤੋਂ, ਈਮਾਨ ਵੀ ਵੇਚੇ ਜਾਂਦੇ ਨੇ।
ਅਜੇ ਹੈ ਪਰਬਤ ਓਡਾ-ਕੋਡਾ, ਅਜੇ ਨਾ ਤੇਜ਼ ਕੁਹਾੜਾ ਏ,
ਅਜੇ ਨਾ ਸ਼ੀਰੀ ਹੱਥ ਵਟਾਇਆ, ਅਜੇ ਹਨੇਰਾ ਗਾੜ੍ਹਾ ਏ।
ਅਜੇ ਤਾਂ ਹਿੰਸਾ ਖੁੱਲ੍ਹੀ ਚਰਦੀ, ਅਮਨ ਅਮਨ ਦੇ ਨਾਅਰੇ ਥੱਲੇ,
ਅਜੇ ਹੈ ਦੁਨੀਆ 'ਨਰਕ' ਭੋਗਦੀ, 'ਜੰਨਤ' ਦੇ ਇਕ ਲਾਰੇ ਥੱਲੇ।
ਅਜੇ ਨਾ ਕਾਲੇ ਬੱਦਲਾਂ ਵਿਚੋਂ, ਚਮਕੀ ਕੋਈ ਕਿਰਨ ਸੁਨਹਿਰੀ,
ਭਾਵੇਂ 'ਮੰਤਰ' ਯਾਦ ਅਸਾਡੇ, ਅਜੇ ਕੀਲਣੀ ਸੱਪਣੀ ਜ਼ਹਿਰੀ।
ਅਜੇ ਅਸੀਂ ਹੈ 'ਰੱਬ' ਨੂੰ ਦੱਸਣਾ, ਉਹ ਜਨਤਾ ਤੋਂ ਮਾੜਾ ਏ,
ਅਜੇ ਨਾ 'ਹੂਟਰ' ਵੱਜਿਆ ਸਾਥੀਓ, ਅਜੇ ਹਨੇਰਾ ਗਾੜ੍ਹਾ ਏ।



... ਸੰਤ ਰਾਮ ਉਦਾਸੀ

ਕਿਤਾਬਾਂ ਤੋਂ ਬਿਨ੍ਹਾਂ ਕੋਈ ਜਾਤੀ,
ਉਸ ਆਦਮੀ ਵਰਗੀ ਹੈ,
ਜਿਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ।
- ਰਸੂਲ ਹਮਜ਼ਾਤੋਵ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਰਾਮ ਸਵਰਨ ਲੱਖੇਵਾਲੀ
ਜਸਵੰਤ ਮੋਹਾਲੀ
ਪਾਲ ਬਾਗਪੁਰ
ਸੁਖਦੇਵ ਧੂਰੀ
ਸੁਖਦੇਵ ਫਗਵਾੜਾ
ਭੁਪਿੰਦਰ ਫੌਜੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ (94174 27538)

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਹੇਮ ਰਾਜ ਸਟੈਨੋ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਰਤੀਬ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


ਸੰਪਾਦਕੀ

2014 ਵਿੱਚ ਮੌਜੂਦਾ ਰੰਗ ਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਤੀਸਰੀ ਵਾਰ ਸਕੂਲੀ ਪਾਠਕ੍ਰਮ ਦੀਆਂ ਵਿਗਿਆਨ ਅਤੇ ਇਤਿਹਾਸ ਦੀਆਂ ਕਿਤਾਬਾਂ ਨਾਲ ਆਪਣੇ ਫਿਰਕੂ ਮਨਸੂਬਿਆਂ ਦੇ ਅਨੁਕੂਲ ਛੇੜਛਾੜ, ਤੋੜ-ਭੰਨ ਕੀਤੀ ਗਈ ਹੈ। ਦੇਸ਼ ਦੀ ਪਾਰਲੀਮੈਂਟ ਵਿੱਚ ਬਿਨ੍ਹਾਂ ਕੋਈ ਬਹਿਸ ਕਰਵਾਇਆਂ ਲਿਆਂਦੀ ਸਿੱਖਿਆ ਨੀਤੀ-2020, ਜਿੱਥੇ ਸਿੱਖਿਆ ਦੀ ਦਿਸ਼ਾ ਨੂੰ ਪੂਰੀ ਤਰ੍ਹਾਂ ਕੇਂਦਰੀਕਰਨ, ਨਿਜੀਕਰਨ, ਕਾਰਪੋਰੇਟੀਕਰਨ ਦੇ ਰਾਹ ਪਾਉਣ ਲਈ ਤਤਪਰ ਹੈ, ਉੱਥੇ ਇਹ ਅਸਿੱਧੇ ਢੰਗ ਨਾਲ ਸਿੱਖਿਆ ਦਾ ਪੂਰੀ ਤਰ੍ਹਾਂ ਭਗਵਾਕਰਨ ਕਰਨ ਦੀ ਵਕਾਲਤ ਵੀ ਪੂਰੇ ਜ਼ੋਰ-ਸ਼ੋਰ ਨਾਲ ਕਰਦੀ ਹੈ। ਐਨ.ਸੀ.ਈ.ਆਰ.ਟੀ. (ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ) ਵੱਲੋਂ ਪਿਛਲੇ ਦਿਨਾਂ ਵਿੱਚ ਵੱਖ-ਵੱਖ ਸਕੂਲੀ ਕਲਾਸਾਂ ਵਿੱਚੋਂ ਦਸਵੀਂ ਦੀ ਵਿਗਿਆਨ ਵਿੱਚੋਂ "ਜੀਵ ਵਿਕਾਸ" ਅਤੇ ਇਤਿਹਾਸ ਦੇ ਪਾਠਕ੍ਰਮ ਵਿੱਚੋਂ ਮੁਸਲਿਮ ਸੁਲਤਾਨਾਂ, ਮੁਗਲ ਬਾਦਸ਼ਾਹਾਂ, ਸਨਅਤੀ ਇਨਕਲਾਬ, ਜਮਹੂਰੀਅਤ ਨੂੰ ਚੁਣੌਤੀਆਂ, ਜਮਹੂਰੀਅਤ ਤੇ ਵੰਨ ਸੁਵੰਨਤਾ ਆਦਿ ਪਾਠ ਚੁੱਪ-ਚਾਪ ਹਟਾ ਦਿੱਤੇ ਗਏ ਹਨ। ਇਸ ਅਦਾਰੇ ਦਾ ਕਹਿਣਾ ਹੈ ਕਿ ਇਹ ਤਬਦੀਲੀਆਂ ਵਿਦਿਆਰਥੀਆਂ 'ਤੇ ਬੋਝ ਘਟਾਉਣ ਲਈ ਕੀਤੀਆਂ ਗਈਆਂ ਹਨ, ਪਰ ਤਬਦੀਲੀਆਂ ਦੀ ਦਿਸ਼ਾ ਪ੍ਰਤੱਖ ਵਿਖਾਈ ਦਿੰਦੀ ਹੈ। ਇਤਿਹਾਸ ਦੀ ਹਰ ਘਟਨਾ ਨੂੰ ਪੜ੍ਹਾਏ ਜਾਣ ਦਾ ਭਾਵ ਭਾਵੇਂ ਉਸ ਨਾਲ ਸਹਿਮਤੀ ਨਹੀਂ ਹੁੰਦਾ, ਪਰ ਸਾਰਥਿਕ ਵਿਚਾਰ-ਵਟਾਂਦਰੇ, ਵਿਗਿਆਨਕ ਵਿਸ਼ਲੇਸ਼ਣ ਲਈ ਸੰਵਾਦ ਰਚਾਉਣ ਦਾ ਦ੍ਰਿਸ਼ਟੀ ਤੋਂ ਉਸ ਨੂੰ ਵਿਦਿਆਰਥੀਆਂ ਦੇ ਗਿਆਨ-ਘੇਰੇ ਤੋਂ ਹਟਾ ਦੇਣਾ ਇੱਕ ਘੋਰ ਗੈਰ-ਲੋਕਤੰਤਰੀ ਕਾਰਜ ਹੈ। ਸਮਾਜ ਵਿੱਚ ਮੌਜੂਦ ਰਹੇ ਵਰਣ-ਆਸ਼ਰਮ ਅਤੇ ਅੱਜ ਵੀ ਜੜ੍ਹਾਂ ਜਮਾਈ ਬੈਠੇ ਜਾਤੀਵਾਦ ਬਾਰੇ ਸਮੱਗਰੀ ਨੂੰ ਵੀ ਹਟਾ ਦਿੱਤਾ ਗਿਆ ਹੈ। 12ਵੀਂ ਕਲਾਸ ਦੀ ਰਾਜਨੀਤੀ ਵਿਗਿਆਨ ਦੀ ਕਿਤਾਬ ਵਿੱਚੋਂ ਮਹਾਤਮਾ ਗਾਂਧੀ ਦੇ ਕਤਲ ਦਾ ਦੇਸ਼ ਦੇ ਫਿਰਕੂ ਹਾਲਾਤ 'ਤੇ ਅਸਰ, ਗਾਂਧੀ ਦੀ ਹਿੰਦੂ-ਮੁਸਲਿਮ ਏਕਤਾ ਦੀ ਧਾਰਨਾ ਨੇ ਹਿੰਦੂ ਕੱਟੜਪੰਥੀਆਂ ਨੂੰ ਭੜਕਾਇਆ ਅਤੇ ਆਰ.ਐੱਸ.ਐੱਸ (ਰਾਸ਼ਟਰੀ ਸਵੈ-ਸੇਵਕ ਸੰਘ) 'ਤੇ ਲਾਈ ਪਾਬੰਦੀ ਆਦਿ ਵਰਗੇ ਕੁੱਝ ਹਿੱਸੇ ਵੀ ਹਟਾ ਦਿੱਤੇ ਗਏ ਹਨ। ਗਿਆਰਵੀਂ ਜਮਾਤ ਦੀ ਰਾਜਨੀਤੀ ਵਿਗਿਆਨ ਦੀ ਕਿਤਾਬ ਵਿੱਚੋਂ ਅਜ਼ਾਦੀ ਘੁਲਾਟੀਏ ਮੌਲਾਨਾ ਆਜ਼ਾਦ ਨਾਲ ਸੰਬੰਧਿਤ ਸਮੱਗਰੀ ਵੀ ਹਟਾ ਦਿੱਤੀ ਗਈ ਹੈ। ਇਤਿਹਾਸ ਦੀ 12 ਵੀਂ ਦੀ ਕਿਤਾਬ "ਥੀਮਜ ਇੰਨ ਇੰਡੀਅਨ ਹਿਸਟਰੀ ਭਾਗ 3" ਵਿੱਚੋਂ ਗੌਡਸੇ ਦੇ ਇੱਕ ਫਿਰਕੂ ਅਖ਼ਬਾਰ ਦੇ ਸੰਪਾਦਕ ਹੋਣ ਬਾਰੇ ਤੱਥ ਨੂੰ ਹਟਾ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਜੂਨ ਵਿੱਚ ਗੁਜਰਾਤ ਦੰਗਿਆਂ, ਮੁਗ਼ਲ ਦਰਬਾਰ, ਐਮਰਜੈਂਸੀ, ਸੀਤ-ਜੰਗ, ਨਕਸਲੀ-ਅੰਦੋਲਨ ਆਦਿ ਨਾਲ ਸੰਬੰਧਿਤ ਅੰਸ਼ ਹਟਾਏ ਗਏ ਸਨ। 2017 ਵਿੱਚ 182 ਪਾਠ ਪੁਸਤਕਾਂ ਵਿੱਚ 1334 ਤਬਦੀਲੀਆਂ ਕੀਤੀਆਂ ਗਈਆਂ ਸਨ। ਬਾਦਸ਼ਾਹਾਂ/ਹਾਕਮਾਂ ਦੀਆਂ ਅੱਯਾਸ਼ੀਆਂ ਦਾ ਵਰਨਣ ਕਰਦੀਆਂ ਕਿਤਾਬਾਂ, ਪਾਠ ਇਤਿਹਾਸ ਨਹੀਂ ਹੁੰਦਾ, ਆਪਣੇ ਬਿਹਤਰ ਜੀਵਨ ਲਈ ਕਰਵਟਾਂ ਲੈਂਦੇ ਕਿਰਤੀ ਜਮਾਤ ਦਾ ਘੋਲ ਇਤਿਹਾਸ ਦੀ ਸਿਰਜਣਾ ਦੇ ਨਿਰਣਾਇਕ ਤੱਤ ਹੁੰਦੇ ਹਨ। ਬੀਤੇ ਨੂੰ ਸਿਰਫ ਤੰਗ ਧਾਰਮਿਕ ਸੋਚ ਦੇ ਸ਼ੀਸ਼ੇ ਵਿੱਚੋਂ ਵੇਖਣਾ ਭਵਿੱਖ ਨੂੰ ਡੂੰਘੇ ਖੱਡੇ ਵਿੱਚ ਸੁੱਟਣਾ ਹੁੰਦਾ ਹੈ। ਇਹਨਾਂ ਤਬਦੀਲੀਆਂ ਦਾ ਲੋਕ ਪੱਖੀ ਘੇਰਿਆਂ ਵੱਲੋਂ ਡਟਵਾਂ ਵਿਰੋਧ ਕੀਤਾ ਜਾਣਾ ਹੀ ਨਹੀਂ ਬਣਦਾ, ਸਗੋਂ ਤੋੜੇ-ਭੰਨੇ ਜਾ ਰਹੇ ਇਤਿਹਾਸ ਦੇ ਸਹੀ ਤੱਥਾਂ ਨੂੰ ਕਿਤਾਬਾਂ, ਲਿਖਤਾਂ ਦੇ ਰੂਪ ਵਿੱਚ ਸਮਾਜ ਵਿੱਚ ਹਾਕਮਾਂ ਦੇ ਇਤਿਹਾਸ ਦੇ ਸਮਾਂਤਰ ਇੱਕ ਬਦਲ ਦੇ ਰੂਪ ਵਿੱਚ ਲੈ ਕੇ ਜਾਣਾ ਵੀ ਸਮਾਜਿਕ ਜ਼ਿਮੇਵਾਰੀ ਬਣਦੀ ਹੈ। ਇਤਿਹਾਸ ਨੂੰ ਕੂੜੇਦਾਨ ਵਿੱਚ ਸੁੱਟੇ ਜਾਣ ਦੀ ਕੋਸ਼ਿਸ਼ ਕਰਨ ਵਾਲੇ ਹਾਕਮਾਂ ਨੇ ਇੱਕ ਦਿਨ ਯਕੀਨਨ ਆਪ ਵੀ ਕੂੜੇਦਾਨ ਵਿੱਚ ਜਾਣਾ ਹੁੰਦਾ ਹੈ।

ਮਈ ਦਿਵਸ

ਸ਼ਿਕਾਗੋ ਦੇ ਸ਼ਹੀਦ

ਹਾਵਰਡ ਫ਼ਾਸਟ



ਆਪਣੇ ਸੰਘਰਸ਼ ਦੇ ਦੌਰਾਨ ਮਜ਼ਦੂਰ ਵਰਗ ਨੇ ਆਪਣੇ ਬਹੁਤ ਸਾਰੇ ਨਾਇਕ ਪੈਦਾ ਕੀਤੇ ਹਨ। ਅਲਬਰਟ ਪਾਰਸਨਸ, ਆਗਸਟ ਸਪਾਈਸ, ਏਡਾਲਫ ਫਿਸ਼ਰ ਅਤੇ ਜਾਰਜ ਏਂਜਿਲ ਵੀ ਮਜ਼ਦੂਰਾਂ ਦੇ ਅਜਿਹੇ ਹੀ ਨਾਇਕ ਹਨ। ਸ਼ਿਕਾਗੋ ਦੇ ਇਹਨਾਂ ਸ਼ਹੀਦ ਮਜ਼ਦੂਰ ਆਗੂਆਂ ਨੂੰ ਆਮ ਮਿਹਨਤਕਸ਼ ਜਨਤਾ ਦੇ ਹੱਕਾਂ ਦੀ ਆਵਾਜ਼ ਉਠਾਉਣ ਲਈ ਅਤੇ "ਅੱਠ ਘੰਟੇ ਦੇ ਕੰਮ ਦਿਨ" ਦੀ ਮੰਗ ਨੂੰ ਲੈ ਕੇ ਮਿਹਨਤਕਸ਼ਾਂ ਦੀ ਅਗਵਾਈ ਕਰਨ ਦੇ ਕਾਰਣ 11 ਨਵੰਬਰ 1887 ਨੂੰ ਸ਼ਿਕਾਗੋ ਵਿੱਚ ਫਾਂਸੀ ਦੇ ਦਿੱਤੀ ਗਈ।



ਮੁੱਠੀ ਭਰ ਥੈਲੀ ਸ਼ਾਹ ਆਪਣੀ ਮਰਜ਼ੀ ਨਾਲ ਮਜ਼ਦੂਰਾਂ ਦੇ ਖੂਨ ਦੀ ਇੱਕ-ਇੱਕ ਬੂੰਦ ਨਿਚੋੜ ਕੇ ਆਪਣੇ ਐਸ਼ੋ-ਅਰਾਮ, ਅੱਯਾਸ਼ੀਆਂ ਦਾ ਸਮਾਨ ਜੁਟਾ ਰਹੇ ਸੀ। ਮਜ਼ਦੂਰਾਂ ਤੋਂ 14-14,16-16 ਘੰਟੇ ਕੰਮ ਲਿਆ ਜਾਂਦਾ ਸੀ। ਦੁਨੀਆਂ ਭਰ ਵਿੱਚ ਵੱਖ-ਵੱਖ ਥਾਂ 'ਤੇ ਦਿਨ ਵਿੱਚ ਅੱਠ ਘੰਟੇ ਕੰਮ ਕਰਾਏ ਜਾਣ ਦੀ ਮੰਗ ਨੂੰ ਲੈ ਕੇ ਘੋਲ ਚੱਲ ਰਹੇ ਸੀ। "ਅੱਠ ਘੰਟੇ ਦੇ ਕੰਮ ਦਿਨ" ਨੂੰ ਲੈ ਕੇ ਸ਼ਿਕਾਗੋ ਸ਼ਹਿਰ ਦੀ ਮੁੱਖ ਸੜਕ ਮਿਸ਼ੀਗਨ ਐਵੀਨਿਊ 'ਤੇ ਅਲਬਰਟ ਪਾਰਸਨਸ ਦੀ ਅਗਵਾਈ ਵਿੱਚ ਮਜ਼ਦੂਰਾਂ ਨੇ ਇੱਕ ਜਬਰਦਸਤ ਮੁਜ਼ਾਹਰਾ ਕੱਢਿਆ।

ਦੂਜੇ ਪਾਸੇ, ਮਜ਼ਦੂਰਾਂ ਦੀ ਵਧਦੀ ਤਾਕਤ ਅਤੇ ਉਹਨਾਂ ਦੇ ਆਗੂਆਂ ਦੀ ਪ੍ਰਤੀਬਧਤਾ ਤੋਂ ਡਰੇ ਹੋਏ ਉਦਯੋਗਪਤੀ, ਫੈਕਟਰੀ ਮਾਲਕ ਉਨ੍ਹਾਂ 'ਤੇ ਹਮਲਾ ਕਰਵਾਉਣ ਅਤੇ ਮਜ਼ਦੂਰ ਆਗੂਆਂ ਦੇ ਕਤਲ ਕਰਾ ਦੇਣ ਦੀ ਘਾਤ ਵਿੱਚ ਸਨ। ਉਹਨਾਂ ਨੇ ਪੁਲਿਸ ਅਤੇ ਪਿੰਕਰਟਨ ਏਜੰਸੀ ਦੇ ਗੁੰਡਿਆਂ ਨੂੰ ਮਜ਼ਦੂਰਾਂ 'ਤੇ ਹਮਲਾ ਕਰਾਉਣ ਲਈ ਤਿਆਰ ਕਰ ਰੱਖਿਆ ਸੀ।

ਤਾਲਾਬੰਦੀ ਦੇ ਖਿਲਾਫ਼ ਅਤੇ ਅੱਠ ਘੰਟੇ ਦੇ ਕੰਮ ਦਿਨ ਦੀ ਮੰਗ ਨੂੰ ਲੈ ਕੇ ਹੜਤਾਲ ਕਰ ਰਹੇ ਨਿਹੱਥੇ ਮਜ਼ਦੂਰਾਂ 'ਤੇ ਪੁਲਿਸ ਨੇ ਗੋਲੀਆਂ ਚਲਾਈਆਂ ਜਿਸ ਵਿੱਚ ਚਾਰ ਮਜ਼ਦੂਰ ਮਾਰੇ ਗਏ। ਇਸ ਭਿਆਨਕ ਜ਼ਬਰ ਦੇ ਵਿਰੋਧ ਵਿੱਚ ਹੇ ਮਾਰਕੀਟ ਚੌਂਕ 'ਤੇ ਇੱਕ ਜਨ-ਸਭਾ ਰੱਖੀ ਗਈ। ਇਸ ਸ਼ਾਂਤੀਪੂਰਨ ਲੋਕ ਇੱਕਠ ਨੂੰ ਲਗਭਗ 180 ਪੁਲਿਸ ਵਾਲਿਆਂ ਨੇ ਘੇਰਾ ਪਾ ਲਿਆ ਅਤੇ ਕਿਸੇ ਦੇ ਇਸ਼ਾਰੇ 'ਤੇ ਇੱਕ ਬੰਬ ਫਟਿਆ ਜਿਸ ਵਿੱਚ ਇੱਕ ਪੁਲਿਸ ਵਾਲਾ ਮਾਰਿਆ ਗਿਆ ਅਤੇ ਪੰਜ ਜਖ਼ਮੀ ਹੋ ਗਏ। ਫਿਰ ਕੀ ਸੀ, ਪਗਲਾਈ ਪੁਲਿਸ ਨੇ ਅੰਧਾਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲਾਬਾਰੀ ਵਿੱਚ 6 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 200 ਤੋਂ ਵੱਧ ਜਖ਼ਮੀ ਹੋ ਗਏ।

ਅਖ਼ਬਾਰਾਂ ਅਤੇ ਫੈਕਟਰੀ ਮਾਲਕਾਂ ਨੇ ਜੁਝਾਰੂ ਮਜ਼ਦੂਰਾਂ ਅਤੇ ਉਹਨਾਂ ਦੇ ਆਗੂਆਂ ਦੇ ਖਿਲਾਫ਼ ਅੰਧਾਧੁੰਦ ਪ੍ਰਚਾਰ ਕੀਤਾ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਪੁਲਿਸ ਨੇ ਮੁਹਿੰਮ ਛੇੜ ਦਿੱਤੀ। ਕੁੱਝ ਹੀ ਦਿਨਾਂ ਵਿੱਚ ਸੱਤ ਆਗੂ ਸਪਾਈਸ, ਫ਼ੀਲਡੇਨ, ਮਾਈਕੇਲ ਸ਼ਵਾਬ, ਏਡਾਲਫ਼ ਫਿਸ਼ਰ, ਜਾਰਜ ਏਂਜ਼ਿਲ, ਲੂਈਸ ਅਤੇ ਆਸਕਰ ਨੀਬੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਾਰਸਨਸ ਨੂੰ ਪੁਲਿਸ ਨਾ ਫੜ੍ਹ ਸਕੀ ਪਰ ਮੁਕੱਦਮੇ ਵਾਲੇ ਦਿਨ ਉਹ ਖ਼ੁਦ ਹੀ ਆਪਣੇ ਮਜ਼ਦੂਰ ਸਾਥੀਆਂ ਨਾਲ ਕਟਹਿਰੇ ਵਿੱਚ ਖੜ੍ਹਣ ਲਈ ਅਦਾਲਤ ਪਹੁੰਚ ਗਏ।

ਜਿਸ ਤਰ੍ਹਾਂ ਨਾਲ ਉਹ ਮੁਕੱਦਮਾ ਚੱਲਿਆ, ਉਸ ਤੋਂ ਬਿਲਕੁਲ ਸਾਫ ਸੀ ਕਿ ਉਦਯੋਗ ਮਾਲਕਾਂ ਅਤੇ ਸਰਕਾਰ ਨੇ ਹਰ ਕੀਮਤ 'ਤੇ ਮਜ਼ਦੂਰ ਆਗੂਆਂ ਨੂੰ ਫਸਾਉਣ ਦੀ ਠਾਣ ਲਈ ਸੀ। ਸਰਕਾਰੀ ਪੱਖ ਅਜਿਹਾ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆਂ ਕਿ ਉਹਨਾਂ 8 ਜਣਿਆਂ ਵਿੱਚੋ ਕਿਸੇ ਨੇ ਵੀ ਬੰਬ ਸੁੱਟਿਆ ਹੈ ਜਾਂ ਉਹਨਾਂ ਵਿੱਚੋਂ ਕੋਈ ਵੀ ਬੰਬ ਸੁੱਟਣ ਦੀ ਸਾਜਿਸ਼ ਵਿੱਚ ਸ਼ਾਮਲ ਹੈ। ਨੀਬੇ ਤੋਂ ਬਿਨ੍ਹਾਂ ਬਾਕੀ ਸਭ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਬਾਅਦ ਵਿੱਚ ਫ਼ੀਲਡੇਨ ਅਤੇ ਸ਼ਵਾਬ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਗਈ। 21 ਸਾਲ ਦੇ ਲੂਈਸ ਨੇ ਆਪਣੇ ਮੂੰਹ ਵਿੱਚ ਡਾਇਨਾਮਾਈਟ ਦਾ ਵਿਸਫੋਟ ਕਰਕੇ ਖ਼ੁਦਕੁਸ਼ੀ ਕਰ ਲਈ ਸੀ। ਬਾਕੀ ਚਾਰਾਂ-

ਅਲਬਰਟ ਪਾਰਸਨਸ, ਸਪਾਈਸ, ਏਂਜਿਲ ਅਤੇ ਫ਼ਿਸ਼ਰ ਨੂੰ 11 ਨਵੰਬਰ 1887 ਨੂੰ ਫ਼ਾਂਸੀ ਦੇ ਦਿੱਤੀ ਗਈ ।

6 ਸਾਲ ਬਾਅਦ, ਇਲਿਨਾਏ ਰਾਜ ਦੇ ਗਵਰਨਰ ਜਾਨ ਏਲਟਜੇਲਡ ਨੇ ਨੀਬੇ, ਫ਼ੀਲਡੇਨ ਅਤੇ ਸ਼ਵਾਬ ਨੂੰ ਰਿਹਾਅ ਕਰ ਦਿੱਤਾ ਅਤੇ ਮੌਤ ਦੀ ਸਜ਼ਾ ਪਾਉਣ ਵਾਲੇ ਪੰਜ ਜਣਿਆਂ ਨੂੰ ਮਰਨ ਤੋ ਬਆਦ ਬਰੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਖਿਲਾਫ਼ ਪੇਸ਼ ਕੀਤੇ ਜਿਆਦਾਤਰ ਸਬੂਤ ਫਰਜ਼ੀ ਸਨ ਅਤੇ ਮੁਕੱਦਮਾ ਇੱਕ ਨਾਟਕ ਸੀ।

ਇਹ ਆਗੂ ਭਾਵੇਂ ਅੱਜ ਜੀਵਤ ਨਹੀਂ ਰਹੇ, ਪਰ ਅਗਲੀਆਂ ਪੀੜੀਆਂ ਨੂੰ ਇਹਨਾਂ ਦਾ ਦਿੱਤਾ ਸੁਨੇਹਾ ਅਤੇ ਵਿਚਾਰ ਹਮੇਸ਼ਾ ਜੀਵਤ ਰਹਿਣਗੇ। ਸਪਾਈਸ ਨੇ ਲੁੱਟ ’ਤੇ ਟਿਕੇ ਗੈਰ ਮਨੁੱਖੀ ਪ੍ਰਬੰਧ ਦੇ ਨੁੰਮਾਇਦਿਆਂ ਨੂੰ ਜੋ ਚੇਤਾਵਨੀ ਦਿੱਤੀ ਸੀ, ਉਸ ਦੀ ਗੂੰਜ ਅੱਜ ਵੀ ਮੱਧਮ ਨਹੀਂ ਪਈ। ਉਸ ਨੇ ਕਿਹਾ ਸੀ “ਜੇ ਤੁਸੀਂ ਸੋਚਦੇ ਹੋ ਕੇ ਸਾਨੂੰ ਫ਼ਾਸੀ ’ਤੇ ਲਟਕਾ ਕੇ ਤੁਸੀਂ ਮਜ਼ਦੂਰ ਅੰਦੋਲਨ ਨੂੰ .... ਗਰੀਬੀ ਅਤੇ ਬਦਹਾਲੀ ਵਿੱਚ ਕਮਰ ਤੋੜ ਮਿਹਨਤ ਕਰਨ ਵਾਲੇ ਲੱਖਾਂ ਲੋਕਾਂ ਦੇ ਅੰਦੋਲਨ ਨੂੰ ਕੁਚਲ ਸੁੱਟੋਗੇ”; ਜੇ ਤੁਹਾਡੀ ਇਹ ਰਾਇ ਹੈ ਤਾਂ ਖੁਸ਼ੀ ਨਾਲ ਸਾਨੂੰ ਫ਼ਾਂਸੀ ਦੇ ਦੇਵੋ। ਪਰ ਯਾਦ ਰੱਖਣਾ...ਅੱਜ ਤੁਸੀਂ ਇੱਕ ਚੰਗਿਆੜੀ ਨੂੰ ਕੁਚਲ ਰਹੇ ਹੋ, ਪਰ ਇੱਧਰ-ਉੱਧਰ, ਤੁਹਾਡੇ ਪਿੱਛੇ, ਤੁਹਾਡੇ ਸਾਹਮਣੇ, ਹਰ ਪਾਸੇ ਲਾਟਾਂ ਭੜਕਣਗੀਆਂ। ਇਹ ਜੰਗਲ ਦੀ ਅੱਗ ਹੈ। ਤੁਸੀਂ ਇਸ ਨੂੰ ਕਦੇ ਨਹੀਂ ਬੁਝਾ ਸਕੋਗੇ। ਇੱਕ ਦਿਨ ਆਵੇਗਾ ਜਦ ਸਾਡੀ ਖ਼ਾਮੋਸ਼ੀ ਉਨ੍ਹਾਂ ਆਵਾਜਾਂ ਤੋਂ ਜਿਆਦਾ ਤਾਕਤਵਰ ਸਾਬਿਤ ਹੋਵੇਗੀ ਜਿਹਨਾਂ ਦਾ ਤੁਸੀਂ ਅੱਜ ਗਲਾ ਘੁੱਟ ਰਹੇ ਹੋ। ”

ਪਤਨੀ ਦੇ ਨਾਮ ਅਲਬਰਟ ਪਾਰਸਨਸ ਦਾ ਖ਼ਤ

ਕੁਕ ਕਾਊਂਟੀ ਬਾਸਤੀਆ ਜੇਲ੍ਹ
ਕੋਠੜੀ ਨੰਬਰ . 29
ਸ਼ਿਕਾਗੋ, 20 ਅਗਸਤ,1886

ਮੇਰੀ ਪਿਆਰੀ ਪਤਨੀ

ਅੱਜ ਸਵੇਰੇ ਸਾਡੇ ਬਾਰੇ ਹੋਏ ਫੈਸਲੇ ਨਾਲ ਪੂਰੀ ਦੁਨੀਆਂ ਦੇ ਜਾਬਰਾਂ ਵਿੱਚ ਖੁਸ਼ੀ ਛਾ ਗਈ ਹੈ, ਅਤੇ ਸ਼ਿਕਾਗੋ ਤੋਂ ਲੈ ਕੇ ਸੇਂਟ ਪੀਟਰਸਬਰਗ ਤੱਕ ਦੇ ਪੂੰਜੀਪਤੀ ਅੱਜ ਦਾਅਵਤਾਂ ਵਿੱਚ, ਸ਼ਰਾਬ ਦੀਆਂ ਨਦੀਆਂ ਵਹਾਉਣਗੇ। ਪਰ ਸਾਡੀ ਮੌਤ ਕੰਧ ’ਤੇ ਲਿਖੀ ਅਜਿਹੀ ਇਬਾਰਤ ਸਿੱਧ ਹੋਵੇਗੀ ਜੋ ਨਫ਼ਰਤ, ਵੈਰ, ਢੌਂਗ-ਪਾਖੰਡ, ਅਦਾਲਤ ਦੇ ਹੱਥੋਂ ਹੋਣ ਵਾਲੇ ਕਤਲਾਂ, ਜ਼ਬਰ ਅਤੇ ਮਨੁੱਖ ਦੇ ਹੱਥੋਂ ਮਨੁੱਖ ਦੀ ਗੁਲਾਮੀ ਦੇ ਅੰਤ ਦੀ ਭਵਿੱਖ ਬਾਣੀ ਕਰੇਗੀ। ਦੁਨੀਆਂ ਭਰ ਦੇ ਦੱਬੇ ਕੁਚਲੇ ਲੋਕ ਆਪਣੀਆਂ ਕਾਨੂੰਨੀ ਬੇੜੀਆਂ ਵਿੱਚ ਕਸਮਸਾ ਰਹੇ ਹਨ। ਵਿਸ਼ਾਲ ਮਜ਼ਦੂਰ ਜਮਾਤ ਜਾਗ ਰਹੀ ਹੈ । ਡੂੰਘੀ ਨੀਂਦ ਵਿੱਚੋਂ ਜਾਗੀ ਜਨਤਾ ਆਪਣੀਆਂ ਜ਼ੰਜੀਰਾਂ ਨੂੰ ਇਸ ਤਰ੍ਹਾਂ ਤੋੜ ਸੁੱਟੇਗੀ।

ਅਸੀਂ ਹਾਲਤਾਂ ਦੇ ਵਸ਼ ਵਿੱਚ ਹੁੰਦੇ ਹਾਂ। ਅਸੀਂ ਉਹ ਹੀ ਹਾਂ ਜੋ ਹਾਲਤਾਂ ਨੇ ਸਾਨੂੰ ਬਣਾਇਆ। ਇਹ ਸੱਚ ਦਿਨੋਂ ਦਿਨ ਸਾਫ ਹੁੰਦਾ ਜਾ ਰਿਹਾ ਹੈ।

ਅਜਿਹਾ ਕੋਈ ਸਬੂਤ ਨਹੀਂ ਸੀ ਕਿ ਜਿਹਨਾਂ 8 ਜਣਿਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਉਹਨਾਂ ਵਿੱਚੋਂ ਕਿਸੇ ਨੂੰ ਵੀ ਹੇ-ਮਾਰਕੀਟ ਦੀ ਘਟਨਾ ਬਾਰੇ ਕੋਈ ਜਾਣਕਾਰੀ ਸੀ, ਜਾਂ ਉਹਨਾਂ ਨੇ ਇਸ ਦੀ ਸਲਾਹ ਦਿੱਤੀ, ਜਾਂ ਕਿਸੇ ਨੂੰ ਭੜਕਾਇਆ। ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਅੱਯਾਸ਼ ਵਰਗ ਨੂੰ ਤਾਂ ਸ਼ਿਕਾਰ ਚਾਹੀਦੇ ਸੀ। ਕਰੋੜਪਤੀਆਂ ਦੀ ਪਾਗਲ ਭੀੜ ਦੀ ਖ਼ੂਨ ਦੀ ਪਿਆਸ ਨੂੰ ਸ਼ਾਂਤ ਕਰਨ ਲਈ ਸਾਡੀ ਬਲੀ ਚੜ੍ਹਾਈ ਜਾ ਰਹੀ ਹੈ ਕਿਉਂਕਿ ਸਾਡੀ ਜਾਨ ਤੋਂ ਘੱਟ ਕਿਸੇ ਚੀਜ਼ ਨਾਲ ਉਹ ਸੰਤੁਸ਼ਟ ਨਹੀਂ ਹੋਣਗੇ। ਅੱਜ ਇਜਾਰੇਦਾਰ ਪੂੰਜੀਪਤੀਆਂ ਦੀ ਜਿੱਤ ਹੋਈ ਹੈ। ਜ਼ੰਜ਼ੀਰ ਵਿੱਚ ਜਕੜਿਆ ਮਜ਼ਦੂਰ ਫਾਂਸੀ ਦੇ ਫੰਦੇ ’ਤੇ ਚੜ੍ਹ ਰਿਹਾ ਹੈ ਕਿਉਂਕਿ ਉਸ ਨੇ ਆਜ਼ਾਦੀ ਅਤੇ ਹੱਕ ਦੇ ਲਈ ਆਵਾਜ਼ ਚੁੱਕਣ ਦੀ ਹਿੰਮਤ ਕੀਤੀ ਹੈ ।

ਮੇਰੀ ਪਿਆਰੀ ਪਤਨੀ, ਮੈਨੂੰ ਤੇਰੇ ਲਈ ਅਤੇ ਸਾਡੇ ਛੋਟੇ-ਛੋਟੇ ਬੱਚਿਆਂ ਦੇ ਲਈ ਅਫਸੋਸ ਹੈ।

ਮੈਂ ਤੁਹਾਨੂੰ ਲੋਕਾਂ ਨੂੰ ਸੌਂਪਦਾ ਹਾਂ, ਕਿਉਂਕਿ ਤੁਸੀਂ ਆਮ ਲੋਕਾਂ ਵਿੱਚੋ ਹੀ ਇੱਕ ਹੋ। ਤੁਹਾਨੂੰ ਮੇਰਾ ਇੱਕ ਕਹਿਣਾ ਹੈ- ਸਮਾਜਵਾਦ ਦੇ ਮਹਾਨ ਆਦਰਸ਼ ਨੂੰ ਮੈਂ ਜਿੱਥੇ ਛੱਡ ਜਾਣ ਲਈ ਮਜਬੂਰ ਹੋ ਰਿਹਾ ਹਾਂ, ਤੁਸੀਂ ਉਸ ਨੂੰ ਹੋਰ ਉੱਚਾ ਚੁੱਕਣਾ।

ਮੇਰੇ ਬੱਚਿਆਂ ਨੂੰ ਦੱਸਣਾ ਕਿ ਉਹਨਾਂ ਦੇ ਪਿਤਾ ਨੇ ਇੱਕ ਅਜਿਹੇ ਸਮਾਜ ਵਿੱਚ, ਜਿੱਥੇ 10 ਵਿੱਚੋ 9 ਬੱਚਿਆਂ ਨੂੰ ਗੁਲਾਮੀ ਅਤੇ ਗਰੀਬੀ ਵਿੱਚ ਜੀਵਨ ਕੱਟਣਾ ਪੈਂਦਾ ਹੈ, ਸਬਰ ਅਤੇ ਗੁਲਾਮੀ ਦੇ ਨਾਲ ਜੀਵਣ ਕੱਟਣ ਦੀ ਥਾਂ ਉਹਨਾਂ ਲਈ ਆਜ਼ਾਦੀ ਅਤੇ ਖੁਸ਼ੀ ਲਿਆਉਣ ਦਾ ਯਤਨ ਕਰਦੇ ਹੋਏ ਮਰਨਾ ਬਿਹਤਰ ਸਮਝਿਆ।

ਆਪਣੀ ਇਸ ਕਾਲ-ਕੋਠੜੀ ਵਿੱਚੋਂ ਮੈਂ ਵਾਰ ਵਾਰ ਆਵਾਜ਼ ਲਗਾਉਂਦਾ ਹਾਂ :

ਆਜ਼ਾਦੀ ! ਨਿਆ ! ਬਰਾਬਰੀ !

-ਅਲਬਰਟ ਪਾਰਸਨਸ

—0—

ਪਾਰਸਨਸ ਦੀ ਜੇਲ੍ਹ ਦੀ ਕੋਠੜੀ ਵਿੱਚੋ ਆਪਣੇ ਬੱਚਿਆਂ ਦੇ ਨਾਮ ਚਿੱਠੀ

ਮੌਤ ਕੋਠੜੀ, ਨੰਬਰ-7
ਕੁਕ ਕਾਊਂਟੀ ਜੇਲ੍ਹ, ਸ਼ਿਕਾਗੋ
9 ਨਵੰਬਰ, 1887

ਮੇਰੇ ਪਿਆਰੇ ਬੱਚਿਓ

ਅਲਬਰਟ ਆਰ. ਪਾਰਸਨਸ (ਜੂਨੀਅਰ) ਅਤੇ ਬੇਟੀ ਲੂਲੂ ਏਡਾ ਪਾਰਸਨਸ

ਮੈਂ ਇਹ ਸ਼ਬਦ ਲਿਖ ਰਿਹਾ ਹਾਂ ਅਤੇ ਮੇਰੇ ਹੰਝੂ ਤੁਹਾਡਾ ਨਾਮ ਮਿਟਾ ਰਹੇ ਹਨ।ਅਸੀਂ ਫਿਰ ਕਦੇ ਨਹੀਂ ਮਿਲਾਂਗੇ। ਮੇਰੇ ਪਿਆਰੇ ਬੱਚਿਓ, ਤੁਹਾਡਾ ਪਿਤਾ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਆਪਣੇ ਪਿਆਰਿਆਂ ਲਈ ਆਪਣਾ ਪਿਆਰ ਅਸੀਂ ਜਿਉਂ ਕੇ ਪ੍ਰਦਰਸ਼ਤ ਕਰਦੇ ਹਾਂ ਅਤੇ ਜਦ ਲੋੜ ਹੁੰਦੀ ਹੈ, ਤਾਂ ਉਹਨਾਂ ਲਈ ਮਰ ਕੇ ਵੀ। ਮੇਰੀ ਜ਼ਿੰਦਗੀ ਅਤੇ ਮੇਰੀ ਗੈਰ ਸੁਭਾਵਿਕ ਅਤੇ ਕਰੂਰ ਮੌਤ ਬਾਰੇ ਤੁਹਾਨੂੰ ਹੋਰ ਲੋਕਾਂ ਤੋਂ ਪਤਾ ਲੱਗ ਜਾਵੇਗਾ।ਤੁਹਾਡੇ ਪਿਤਾ ਨੇ ਆਜ਼ਾਦੀ ਅਤੇ ਖ਼ੁਸ਼ੀ ਲਈ ਆਪਣੀ ਸ਼ਹਾਦਤ ਦਿੱਤੀ ਹੈ। ਤੁਹਾਡੇ ਲਈ ਮੈਂ ਇੱਕ ਇਮਾਨਦਾਰੀ ਅਤੇ ਕਰਤੱਵ-ਪਾਲਣ ਦੀ ਵਿਰਾਸਤ ਛੱਡੀ ਹੈ। ਇਸ ਨੂੰ ਬਣਾਈ ਰੱਖਣਾ ਅਤੇ ਇਸੇ ਰਸਤੇ ’ਤੇ ਅੱਗੇ ਵਧਣਾ।ਆਪਣੇ ਪ੍ਰਤੀ ਸੱਚੇ ਬਨਣਾ, ਫਿਰ ਤੁਸੀਂ ਕਦੇ ਦੂਜੇ ਲਈ ਵੀ ਦੋਸ਼ੀ ਨਹੀਂ ਬਣੋਗੇ।ਮਿਹਨਤੀ, ਗੰਭੀਰ ਅਤੇ ਹਸਮੁੱਖ ਬਨਣਾ।ਅਤੇ ਤੁਹਾਡੀ ਮਾਂ! ਉਹ ਬਹੁਤ ਮਹਾਨ ਹੈ। ਉਸ ਨੂੰ ਪਿਆਰ ਕਰਨਾ, ਉਸਦਾ ਸਤਿਕਾਰ ਕਰਨਾ ਅਤੇ ਉਸਦੀਆਂ ਗੱਲਾਂ ਮੰਨਣਾ।

ਮੇਰੇ ਬੱਚਿਓ! ਮੇਰੇ ਪਿਆਰਿਓ! ਮੈਂ ਕਹਿੰਦਾ ਹਾਂ ਕਿ ਇਸ ਵਿਦਾਈ ਸੁਨੇਹੇ ਨੂੰ ਮੇਰੀ ਹਰ ਬਰਸੀ ’ਤੇ ਪੜ੍ਹਨਾ ਅਤੇ ਮੇਰੇ ਵਿੱਚੋ ਇੱਕ ਅਜਿਹੇ ਮਨੁੱਖ ਨੂੰ ਯਾਦ ਕਰਨਾ ਜੋ ਸਿਰਫ਼ ਤੁਹਾਡੇ ਲਈ ਹੀ ਨਹੀਂ, ਸਗੋਂ ਭਵਿੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ਹੀਦ ਹੋਇਆ। ਖੁਸ਼ ਰਹੋ! ਮੇਰੇ ਪਿਆਰਿਓ! ਵਿਦਾ!

ਤੁਹਾਡਾ ਪਿਤਾ
ਅਲਬਰਟ ਆਰ. ਪਾਰਸਨਸ

ਸ਼ਿਕਾਗੋ ਦੇ ਮਜ਼ਦੂਰ ਨੇਤਾ

1. ਅਲਬਰਟ ਪਾਰਸਨਸ – ਪ੍ਰਿੰਟਿੰਗ ਪ੍ਰੈਸ ਦਾ ਮਜ਼ਦੂਰ
2. ਆਗਸਟ ਸਪਾਈਸ –ਫਰਨੀਚਰ ਕਾਰੀਗਰ
3. ਏਡਾਲਫ ਫਿਸ਼ਰ – ਪ੍ਰਿੰਟਿੰਗ ਪ੍ਰੈਸ ਦਾ ਮਜ਼ਦੂਰ
4. ਜਾਰਜ ਏਂਜਿਲ – ਖਿਡੌਣੇ ਵੇਚਣ ਵਾਲਾ
5. ਸੈਮੂਅਲ ਫ਼ੀਲਡੇਨ–ਸਮਾਨ ਦੀ ਢਲਾਈ ਕਰਨ ਵਾਲਾ ਮਜ਼ਦੂਰ
6. ਲੂਈਸ ਲਿੰਗ – ਬਢਈ
7. ਮਾਈਕੇਲ ਸ਼ਵਾਬ – ਬੁੱਕ ਬਾਈਂਡਰ
8. ਆਸਕਰ ਨੀਬੇ – ਇੱਕ ਦੁਕਾਨ ਵਿੱਚ ਹਿੱਸੇਦਾਰੀ ।

“ ਫਿਸ਼ਰ ਮਨੁੱਖਤਾ ਦੀ ਮੁਕਤੀ ਲਈ ਆਪਣੀ ਜਾਨ ਕੁਰਬਾਨ ਕਰ ਦੇਣ ਦੀ ਇੱਛਾ ਰੱਖਦਾ ਸੀ ਅਤੇ ਉਸ ਨੂੰ ਉਮੀਦ ਸੀ ਕਿ ਅਜਿਹਾ ਹੀ ਹੋਵੇਗਾ। ਉਸ ਨੂੰ ਮਜ਼ਦੂਰ ਵਰਗ ਦੀ ਹਾਲਤ ਵਿੱਚ ਥੋੜ੍ਹਾ ਬਹੁਤ ਸੁਧਾਰ ਕਰਨ ਵਾਲੇ ਕੰਮਾਂ ’ਤੇ ਜਰਾ ਵੀ ਭਰੋਸਾ ਨਹੀਂ ਸੀ ”– **ਵਿਲੀਅਮ ਹੋਲਮਸ**

“ ਏਂਜਿਲ ਮਜ਼ਦੂਰ ਜਮਾਤ ਦੇ ਸੰਘਰਸ਼ ਦਾ ਇੱਕ ਬਹਾਦਰ ਸਿਪਾਹੀ ਸੀ। ਉਹ ਕਿਰਤੀਆਂ ਦੀ ਮੁਕਤੀ ਦੇ ਉਦੇਸ਼ ਲਈ ਜੀ-ਜੀਨ ਲੜਾ ਦੇਣ ਵਾਲਾ ਬਾਗੀ ਸੀ।” –**ਆਸਕਰ ਨੀਬੇ**

“ ਲਿਖਣ ਪੜ੍ਹਣ ਵਾਲਿਆਂ ਵਿੱਚੋਂ ਜੇ ਕੋਈ ਕ੍ਰਾਂਤੀਕਾਰੀ ਬਣ ਜਾਵੇ ਤਾਂ ਆਮ ਤੌਰ ’ਤੇ ਇਸ ਨੂੰ ਗੁਨਾਹ ਨਹੀਂ ਮੰਨਿਆਂ ਜਾਂਦਾ, ਪਰ ਜੇ ਕੋਈ ਗਰੀਬ ਮਜ਼ਦੂਰ ਕ੍ਰਾਂਤੀਕਾਰੀ ਬਣ ਜਾਵੇ ਤਾਂ ਇਹ ਭਿਅੰਕਰ ਗੁਨਾਹ ਬਣ ਜਾਂਦਾ ਹੈ।” **-ਸੈਮੂਅਲ ਫ਼ੀਲਡੇਨ**

“ ਮਜ਼ਦੂਰਾਂ ਨੂੰ ਤਾਕਤ ਦੇ ਦਮ ’ਤੇ ਦਬਾ ਕੇ ਰੱਖਿਆ ਜਾਂਦਾ ਹੈ ਅਤੇ ਇਸ ਦਾ ਜਵਾਬ ਵੀ ਤਾਕਤ ਨਾਲ ਹੀ ਦਿੱਤਾ ਜਾਣਾ ਚਾਹੀਦਾ। ” **-ਲੂਈਸ ਲਿੰਗ**

“ ਮੈਂ ਜਾਣਦਾ ਹਾਂ ਕਿ ਸਾਡੇ ਸੁਪਨੇ ਇਸ ਸਾਲ ਜਾਂ ਅਗਲੇ ਸਾਲ ਪੂਰੇ ਹੋਣ ਵਾਲੇ ਨਹੀਂ ਹਨ, ਪਰ ਮੈਂ ਜਾਣਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ, ਇੱਕ-ਨ-ਇੱਕ ਦਿਨ ਜਰੂਰ ਪੂਰੇ ਹੋਣਗੇ।” **- ਮਾਈਕੇਲ ਸ਼ਵਾਬ**

“ਨੀਬੇ ਇਕ ਮਜ਼ਦੂਰ ਜਥੇਬੰਦਕ ਕਾਰਕੁਨ ਸੀ।ਮਨ ਦਾ ਸਾਫ਼ ਅਤੇ ਸਰਲ। ਉਹ ਲੋਕਾਂ ਨੂੰ ਇੱਕਠੇ ਕਰਨ ਅਤੇ ਉਹਨਾਂ ਨੂੰ ਸੰਘਰਸ਼ਾਂ ਲਈ ਜਥੇਬੰਦ ਕਰਨ ਵਿੱਚ ਮਾਹਿਰ ਸੀ। ਉਹ ਮਜਦੂਰਾਂ ਨੂੰ ਸਿਖਿਅਤ ਕਰਨ ਵਾਲੇ ਕਾਰਕੁੰਨਾਂ ਲਈ ਬਹੁਤ ਮੱਦਦ ਗਾਰ ਰਹਿੰਦਾ ਸੀ। ” **- ਲਿੱਜੀ ਹੋਮਸ**

ਸ੍ਰੋਤ: ਕਿਤਾਬ ‘ਸ਼ਿਕਾਗੋ ਦੇ ਸ਼ਹੀਦ ਮਜ਼ਦੂਰ ਨੇਤਾਵਾਂ ਦੀ ਕਹਾਣੀ’, ਬਿਗੁਲ ਪੁਸਤਿਕਾ -18, ਰਾਹੁਲ ਫਾਊਂਡੇਸ਼ਨ, ਲਖਨਊ

ਪੰਜਾਬੀ ਅਨੁਵਾਦ- ਬਲਬੀਰ ਲੌਂਗੋਵਾਲ

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਗਿੱਦੜਬਾਹਾ ਦੇ ਆਗੂ ਬਲਵਿੰਦਰ ਗੁਰੂਸਰ, ਕਾਮਰੇਡ ਅਵਤਾਰ ਭਾਰਟਾ ਖੁਰਦ (ਨਵਾਂ ਸ਼ਹਿਰ) (ਹੁਣ ਨਿਊਜੀਲੈਂਡ), ਇਕਾਈ ਭੀਖੀ ਦੇ ਸਰਗਰਮ ਮੈਂਬਰ ਹਰਭਜਨ ਸਿੰਘ ਬਾਬੇਕਾ ਦੀ ਮਾਤਾ ਅਮਰਜੀਤ ਕੌਰ ਅਤੇ ਫਰੀਦਕੋਟ ਇਕਾਈ ਦੇ ਆਗੂ ਐਡਵੋਕੇਟ ਜਸਵੰਤ ਜੱਸ ਦੇ ਵੱਡੇ ਭਰਾ ਕੁਲਦੀਪ ਸਿੰਘ ਦੀ ਬੇਵਕਤੀ ਮੌਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਇਤਿਹਾਸਕ ਦਸਤਾਵੇਜ

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਖਤ - ਆਪਣੇ ਚਾਚੇ ਦੇ ਨਾਮ



ਡਾ. ਗੁਰਦੇਵ ਸਿੰਘ ਸਿੱਧੂ

ਜਿਵੇਂ ਹੀ 1 ਨਵੰਬਰ 1913 ਨੂੰ 'ਗ਼ਦਰ' ਦਾ ਪਹਿਲਾ ਅੰਕ ਛਪਿਆ, ਗ਼ਦਰੀਆਂ ਨੇ ਇਹ ਅਖ਼ਬਾਰ ਪੰਜਾਬ ਵਿਚਲੇ ਆਪਣੇ ਰਿਸ਼ਤੇਦਾਰਾਂ ਅਤੇ ਹੋਰ ਜਾਣਿਆਂ ਪਛਾਣਿਆਂ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਸਰਾਭਾ, ਜੋ ਗ਼ਦਰ ਆਸ਼ਰਮ ਦਾ ਵਾਸੀ ਬਣ ਕੇ 'ਗ਼ਦਰ' ਦੀ ਲਿਖਾਈ ਅਤੇ ਛਪਾਈ ਨਾਲ ਜੁੜਿਆ ਹੋਇਆ ਸੀ, ਭਲਾ ਇਸ ਕੰਮ ਵਿੱਚ ਕਿਵੇਂ ਪਿੱਛੇ ਰਹਿੰਦਾ। ਇਹ ਅਨੁਮਾਨ ਲਾਉਣਾ ਤਾਂ ਸੰਭਵ ਨਹੀਂ ਕਿ ਉਸ ਨੇ ਅਖਬਾਰ 'ਗ਼ਦਰ' ਅਤੇ ਗ਼ਦਰ ਆਸ਼ਰਮ ਵਿਚ ਛਪੀਆਂ ਹੋਰ ਪ੍ਰਕਾਸ਼ਨਾਵਾਂ ਕਿਸ ਕਿਸ ਨੂੰ ਭੇਜੀਆਂ, ਪਰ ਅੰਗਰੇਜ ਸਰਕਾਰ ਦੀਆਂ ਫਾਈਲਾਂ ਵਿਚੋਂ ਪ੍ਰਾਪਤ ਸੂਚਨਾ ਅਨੁਸਾਰ ਅਜਿਹਾ ਇਕ ਵਿਅਕਤੀ ਫੌਜ ਵਿੱਚ ਸਬ ਅਸਿਸਟੈਂਟ ਸਰਜਨ ਨਿਯੁਕਤ ਉਸ ਦਾ ਚਾਚਾ ਡਾ. ਬੀਰ ਸਿੰਘ ਜਰੂਰ ਸੀ। ਡਾ. ਬੀਰ ਸਿੰਘ ਵੱਲੋਂ ਆਪਣੇ ਉੱਚ ਫੌਜੀ ਅਧਿਕਾਰੀ ਨਾਲ ਕਰਤਾਰ ਸਿੰਘ ਦੇ ਖਤਾਂ ਸੰਬੰਧੀ ਹੋਏ ਪੱਤਰ ਵਿਹਾਰ ਤੋਂ ਅਨੁਮਾਨ ਲੱਗਦਾ ਹੈ ਕਿ ਉਸ ਨੂੰ ਚੜ੍ਹਦੇ 1914 ਵਿੱਚ, ਜਦ ਉਸ ਦੀ ਤੈਨਾਤੀ ਕੇਂਦਰੀ ਅਫਰੀਕਾ ਵਿਚ ਸੀ, ਕਰਤਾਰ ਸਿੰਘ ਵੱਲੋਂ ਭੇਜਿਆ ਅਖਬਾਰ ਅਤੇ ਪੱਤਰ ਮਿਲਿਆ। ਬੀਰ ਸਿੰਘ ਨੇ ਕਰਤਾਰ ਸਿੰਘ ਦੀ ਗ਼ਦਰੀ ਸੋਚ ਨਾਪਸੰਦ ਕੀਤੀ ਅਤੇ ਉਸ ਨੇ ਮੋੜਵਾਂ ਖਤ ਕਰਤਾਰ ਸਿੰਘ ਨੂੰ ਲਿਖਿਆ। ਜਾਪਦਾ ਹੈ, ਦੋਵਾਂ ਪਾਸਿਆਂ ਤੋਂ ਦੋ ਤਿੰਨ ਪੱਤਰ ਲਿਖੇ ਗਏ। ਅੰਤ ਜਦ ਬੀਰ ਸਿੰਘ ਨੇ ਕਰਤਾਰ ਸਿੰਘ ਨੂੰ ਭਵਿੱਖ ਵਿਚ ਅਖ਼ਬਾਰ ਨਾ ਭੇਜਣ ਅਤੇ ਪਹਿਲਾਂ ਭੇਜੇ ਅਖ਼ਬਾਰਾਂ ਨੂੰ ਸਾੜ ਦੇਣ ਦੀ ਸੂਚਨਾ ਦਿੱਤੀ ਤਾਂ ਕਰਤਾਰ ਸਿੰਘ ਨੇ ਉਸ ਨੂੰ ਅਜਿਹੇ ਕੌੜੇ ਸ਼ਬਦਾਂ ਵਿਚ ਇਹ ਚਿੱਠੀ ਲਿਖੀ।(ਮੂਲ ਪੱਤਰ ਪੰਜਾਬੀ ਵਿੱਚ ਹੋਵੇਗਾ ਪਰ ਹੇਠਲਾ ਉਤਾਰਾ ਅੰਗਰੇਜ਼ੀ ਤੋਂ ਅਨੁਵਾਦਿਤ ਅਤੇ ਕੁੱਝ ਸੰਖੇਪ ਰੂਪ ਵਿੱਚ ਹੈ)



ਪਿਆਰੇ ਚਾਚਾ ਜੀ,

"ਮੈਨੂੰ ਤੁਹਾਡਾ ਖਤ ਮਿਲਿਆ ਜੋ ਮੈਂ ਪੜ੍ਹਿਆ ਅਤੇ ਵਿਚਾਰਿਆ। ਮੈਂ ਕਰਤਾਰ ਸਿੰਘ, ਨਿਮਰਤਾ ਨਾਲ ਤੁਹਾਡਾ ਹੁਕਮ ਮੰਨਦਾ ਹਾਂ ਅਤੇ ਤੁਹਾਡੀ ਚੰਗੀ ਸਲਾਹ ਲਈ ਧੰਨਵਾਦੀ ਹਾਂ। ਪਰ ਦੁੱਖ ਦੀ ਗੱਲ ਹੈ ਕਿ ਇਕ ਦੇਸ਼ ਸੇਵਕ ਵਜੋਂ ਮੈਂ ਤੁਹਾਡੇ ਨਾਲ ਸਵਾਲ ਜਵਾਬ ਕਰਨ ਲਈ ਮਜਬੂਰ ਹਾਂ। ਮੈਨੂੰ ਆਸ ਹੈ ਕਿ ਇਸ ਨੂੰ ਧਿਆਨ ਪੂਰਬਕ ਵਿਚਾਰ ਕੇ ਉੱਤਰ ਦੇਵੋਗੇ। ਖਤੋ-ਕਿਤਾਬਤ ਬੰਦ ਕਰਨਾ ਅਕਲਮੰਦੀ ਨਹੀਂ ਹੈ। ਜੇ ਕਰ ਤੁਸੀਂ ਉਚਿੱਤ ਸਮਝੋ ਮੈਂ ਇਸ ਸੋਚ ਨਾਲ ਸੰਬੰਧਿਤ ਮਾਮਲਾ ਬੰਦ ਕਰ ਸਕਦਾ ਹਾਂ। ਤੁਹਾਨੂੰ ਪਹਿਲਾਂ ਇਸ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਚਿੱਠੀ ਪੱਤਰ ਕਰਨਾ ਬੰਦ ਨਹੀਂ ਕਰੋਗੇ।"

"ਮੈਂ ਪਹਿਲਾਂ ਤੁਹਾਨੂੰ ਇਹ ਲਿਖਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਅਖ਼ਬਾਰ ਪੜ੍ਹੇ ਅਤੇ ਫਿਰ ਸਾੜ ਦਿੱਤੇ ਜਾਂ ਇਹਨਾਂ ਨੂੰ ਓਵੇਂ ਹੀ ਬੱਝੇ ਰਹਿਣ ਦਿੱਤਾ ਜਿਵੇਂ ਇਹ ਭੇਜੇ ਗਏ ਸਨ। ਮੇਰੀ ਰਾਇ ਹੈ ਕਿ ਜੇਕਰ ਭਾਰਤ ਮਾਤਾ ਦਾ ਕੋਈ ਸੱਚਾ ਸਪੂਤ ਦੇਸ਼ ਦੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਉਹ ਗ਼ਦਰ ਅਖਬਾਰ ਵਿੱਚ 'ਅੰਗਰੇਜੀ ਰਾਜ ਦਾ ਕੱਚਾ ਚਿੱਠਾ' ਅਤੇ 'ਅੰਕਾਂ ਦੀ ਗਵਾਹੀ' ਪੜ੍ਹ ਕੇ ਇਸ ਨੂੰ ਕਦੇ ਵੀ ਨਹੀਂ ਸਾੜੇਗਾ। 'ਗ਼ਦਰ' ਅਖ਼ਬਾਰ ਸਾੜਨ ਵਾਲੇ ਦੇਸ਼ ਦੇ ਦੁਸ਼ਮਣ ਹਨ। ਅਖ਼ਬਾਰ ਸਾੜਨ ਵਾਲੇ ਨੂੰ ਨਹੀਂ ਪਤਾ ਕਿ ਸਾਡੇ ਦੇਸ਼ਵਾਸੀ ਭੁੱਜਦੀ ਰੇਤ ਵਿਚ ਨੰਗੇ ਪੈਰੀਂ ਸੜ ਰਹੇ ਹਨ। ਉਸ ਨੂੰ ਨਹੀਂ ਪਤਾ ਅਸੀਂ ਕੀ ਕਰ ਰਹੇ ਹਾਂ, ਅਸੀਂ ਕਿਸ ਦਾ ਨਮਕ ਹਲਾਲ ਕਰ ਰਹੇ ਹਾਂ। ਸੱਚ ਤਾਂ ਇਹ ਹੈ ਕਿ 'ਗ਼ਦਰ' ਅਖ਼ਬਾਰ ਸਾੜਨ ਵਾਲਾ ਆਦਮੀ ਅਕਲ ਦਾ ਅੰਨ੍ਹਾ ਹੈ। ਉਹ ਨਹੀਂ ਜਾਣਦਾ, ਕਿਉਂ ਅਠਾਰਵੀਂ ਸਦੀ ਵਿਚ ਹਿੰਦੋਸਤਾਨ ਵਿਚ 35 ਵਾਰ ਕਾਲ ਪਿਆ ਅਤੇ ਕਿਉਂ 1895 ਤੋਂ 1910 ਦੇ ਦਰਮਿਆਨ 80 ਲੱਖ ਹਿੰਦੁਸਤਾਨੀ ਪਲੇਗ ਨਾਲ ਮਰੇ। ਹਿੰਦੁਸਤਾਨ ਦੇ ਗਰੀਬ ਆਦਮੀ (ਜਿਸ ਨੂੰ ਬਹੁ ਗਿਣਤੀ ਭੋਲਾ ਸਮਝਦੀ ਹੈ) ਬਾਰੇ ਠੀਕ ਹੀ ਕਿਹਾ ਹੈ, ਜਿਸ ਤਨ ਲੱਗੇ ਸੋਈ ਜਾਣੇ, ਕੌਣ ਜਾਣੇ ਪੀੜ ਪਰਾਈ ?"

"ਪਿਆਰੇ ਚਾਚਾ ਜੀ, ਤੁਸੀਂ ਆਪਣੇ ਆਪ ਵਿਚ ਮਸਤ ਹੋ। ਤੁਹਾਨੂੰ ਇਹ ਵੀ ਨਹੀਂ ਪਤਾ ਕਿ ਤੁਸੀਂ ਨਮਕ ਹਰਾਮ ਕਰ ਰਹੇ ਹੋ ਕਿ ਨਮਕ ਹਲਾਲ ? ਤੁਸੀਂ ਮੈਨੂੰ ਬਾਦਸ਼ਾਹ ਦਾ ਨਮਕ ਹਲਾਲ ਕਰਨ ਲਈ ਲਿਖਿਆ ਹੈ। ਹੁਣ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਨਮਕ ਤੁਹਾਡੇ ਬਾਦਸ਼ਾਹ

ਦੀ ਮਾਂ ਨੇ ਬਣਾਇਆ ਸੀ। ਮੈਨੂੰ ਦੱਸੋ ਕਿ ਕੀ ਅੰਗਰੇਜ਼ ਅਤੇ ਉਹਨਾਂ ਦੇ ਨੌਕਰ ਨਮਕ ਹਲਾਲ ਕਰ ਰਹੇ ਹਨ ਕਿ ਨਮਕ ਹਰਾਮ ? ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਤੁਸੀਂ ਕਿਸ ਦਾ ਲੂਣ ਖਾ ਰਹੇ ਹੋਂ। ਕੀ ਇਹ ਲੂਣ ਮਲਕਾ ਵਿਕਟੋਰੀਆ ਨੇ ਪੈਦਾ ਕੀਤਾ ਜਾਂ ਹਿੰਦੁਸਤਾਨ ਦੇ ਗਰੀਬ ਹਲਵਾਹਕ ਨੇ ਪੈਦਾ ਕੀਤਾ ਹੈ ? ਸ਼ਾਬਾਸ਼ ! ਤੁਸੀਂ ਆਪਣੇ ਲੂਣ ਦੇ ਕਿੰਨੇ ਵਫ਼ਾਦਾਰ ਹੋਂ ! ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਵਿਸ਼ਵਾਸ ਅਤੇ ਇਮਾਨਦਾਰੀ ਕੀ ਹੁੰਦੀ ਹੈ ? ਆਪਣੀ ਕੌਮ ਲਈ ਸ਼ਹੀਦ ਹੋ ਜਾਣਾ ਤੁਹਾਡਾ ਫਰਜ ਹੈ। ਜੇ ਕਰ ਤੁਸੀਂ ਆਪਣੇ ਲੂਣ ਪ੍ਰਤੀ ਸੱਚੇ ਹੋਣ ਦੇ ਇੱਛਕ ਹੋ ਤਾਂ-ਸ਼ਹੀਦ ਹੋਵੋ। ਤੁਹਾਡੇ ਸਿੱਖਿਆ ਸਥਾਨ ਤਬਾਹ ਕੀਤੇ ਜਾ ਰਹੇ ਹਨ। ਆਓ ! ਇਹਨਾਂ ਲਈ ਆਪਣਾ ਜੀਵਨ ਲਾ ਦਿਓ। ਤੁਹਾਡੇ ਬਾਦਸ਼ਾਹ ਨੇ ਗਰੀਬਾਂ ਤੋਂ ਟੈਕਸ ਉਗਰਾਹ ਕੇ ਤੁਹਾਨੂੰ ਕੁੱਤੇ ਵਾਂਗ ਹੱਡੀ ਪਾਈ ਹੈ ਅਤੇ ਆਪ ਇੰਗਲੈਂਡ ਦੀਆਂ ਤਜੌਰੀਆਂ ਭਰ ਰਿਹਾ ਹੈ। ਇਸ ਨੂੰ ਵਿਚਾਰੋ, ਹੱਡੀ ਚੂਸਣਾ ਛੱਡੋ ਅਤੇ ਗਰੀਬਾਂ ਦੀ ਸੇਵਾ ਕਰੋ। ਗਰੀਬਾਂ ਦੀ ਸੇਵਾ ਕਰਨ ਵਾਲਾ ਹੀ ਅਸਲ ਮਰਦ ਹੁੰਦਾ ਹੈ। "ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟ ਮਰੇ ਕਬਹੂੰ ਨਾ ਛਾਡੇ ਖੇਤ।" ਅੰਗਰੇਜ਼ਾਂ ਨੇ ਹਰ ਤਰ੍ਹਾਂ ਸਾਡੇ ਮੁਲਕ ਨੂੰ ਤਬਾਹ ਕੀਤਾ ਹੈ, ਇਸ ਬਾਰੇ ਵਿਚਾਰੋ। ਚੰਦ ਸਿੱਕਿਆਂ ਪਿੱਛੇ ਕੌਮ ਦੀ ਸੰਘੀ ਨਾ ਘੁੱਟੋ। ਤੁਹਾਨੂੰ ਇਹਨਾਂ ਅਖ਼ਬਾਰਾਂ ਨੂੰ ਧਿਆਨ ਨਾਲ ਪੜ੍ਹਨਾ ਅਤੇ ਉਸ ਵਿਚ ਲਿਖੇ ਬਾਰੇ ਵਿਚਾਰਨਾ ਚਾਹੀਦਾ ਹੈ। ਕੋਈ ਵੀ ਬਿਨ੍ਹਾਂ ਮਤਲਬ ਤੋਂ ਅਜਿਹਾ ਪ੍ਰਚਾਰ ਨਹੀਂ ਕਰਦਾ, ਯਕੀਨਨ ਇਹਨਾਂ ਪਿੱਛੇ ਕੋਈ ਅਰਥ ਜਾਂ ਮੰਤਵ ਹੈ। ਇਹ ਜਾਨਣਾ ਅਤੇ ਸਮਝਣਾ ਹਰ ਵਿਅਕਤੀ ਦਾ ਫਰਜ ਹੈ ਕਿ ਅਖ਼ਬਾਰ ਕੀ ਕਹਿੰਦਾ ਹੈ ? ਜੇ ਤੁਸੀਂ ਸਮਝਦੇ ਹੋ ਕਿ ਅਸੀਂ 'ਗ਼ਦਰ' ਵਾਲੇ ਝੂਠ ਲਿਖਦੇ ਹਾਂ ਤਾਂ ਦੁਨੀਆਂ ਦੀਆਂ ਸਭਿਆ ਕੌਮਾਂ ਤੋਂ ਸੁਣੋ। ਮੈਂ ਤੁਹਾਨੂੰ ਅਮਰੀਕਾ ਦੇ ਸੈਕਟਰੀ ਆਫ ਸਟੇਟ ਦੁਆਰਾ ਲਿਖੀ ਇੱਕ ਕਿਤਾਬ ਭੇਜ ਰਿਹਾ ਹਾਂ। ਇਸ ਨੂੰ ਪੜ੍ਹੋ, ਵਿਚਾਰੋ ਕਿ ਕੀ ਦੇਸ਼ ਸੇਵਾ ਹੈ ਅਤੇ ਕੀ ਦੇਸ਼ ਧਰੋਹ ? ਜੇ ਕਰ ਤੁਹਾਡਾ ਬਾਦਸ਼ਾਹ ਸੱਚਮੁੱਚ ਤੁਹਾਡਾ ਗਾਰਡੀਅਨ ਹੁੰਦਾ ਤਾਂ ਇਸ ਪੈਂਫਲਿਟ ਨੂੰ ਹਿੰਦੁਸਤਾਨ ਭੇਜੇ ਜਾਣ ਤੋਂ ਨਾ ਰੋਕਦਾ। ਮੈਂ ਕਿਸੇ ਦੀ ਚੁੱਕ ਵਿਚ ਆ ਕੇ ਇਹ ਕੰਮ ਨਹੀਂ ਸ਼ੁਰੂ ਕੀਤਾ। ਮੈਂ ਅਮਰੀਕਨ ਯੂਨੀਵਰਸਿਟੀਆਂ ਵਿਚੋਂ ਸਿੱਖਿਆ ਹੈ ਕਿ ਸਾਡੇ ਮੁਲਕ ਨੂੰ ਲੁੱਟਿਆ ਜਾ ਰਿਹਾ ਹੈ ਅਤੇ ਇਸ ਨੂੰ ਰੋਕਣਾ ਸਾਡਾ ਫਰਜ਼ ਹੈ। ਨੌਕਰੀ ਖਾਤਰ ਦੇਸ਼ ਨੂੰ ਵੇਚਣਾ ਇਖਲਾਕ ਅਤੇ ਅਸੂਲਾਂ ਦੇ ਖਿਲਾਫ਼ ਹੈ।"

"ਅਮਰੀਕਨ ਯੂਨੀਵਰਸਿਟੀਆਂ ਨੇ ਮੈਨੂੰ ਆਜ਼ਾਦੀ ਲਈ ਆਪਾ ਵਾਰਨਾ ਸਿਖਾਇਆ ਹੈ। ਇਸ ਲਈ ਮੈਂ ਇਸ ਪਵਿੱਤਰ ਕਾਰਜ ਵਿਚੋਂ ਇਕ ਇੰਚ ਵੀ ਪਿੱਛੇ ਨਹੀਂ ਹਟ ਸਕਦਾ।"

"ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਕੌੜੇ ਸ਼ਬਦ ਲਿਖ ਦਿੱਤੇ ਹਨ ਪਰ ਇਹ ਕੌੜੇ ਸ਼ਬਦ ਮੇਰੀ ਕਲਮ ਨੇ ਤਾਂ ਲਿਖੇ ਹਨ ਕਿਉਂ ਜੋ ਤੁਸੀਂ ਗਰੀਬ ਕੁਲੀਆਂ ਦੇ ਚੰਦੇ ਨਾਲ ਅਤੇ 14 ਘੰਟੇ ਖੂਨ ਪਸੀਨਾ ਇਕ ਕਰ ਕੇ ਛਾਪਿਆ ਅਖਬਾਰ ਸਾੜ ਦਿੱਤਾ ਹੈ।"

"ਚਾਹੇ ਤੁਹਾਡੀ ਇੱਛਾ ਮੈਨੂੰ ਖਤ ਲਿਖਣਾ ਜਾਰੀ ਰੱਖਣ ਦੀ ਹੋਵੇ ਜਾਂ ਬੰਦ ਕਰਨ ਦੀ, ਮੈਂ ਆਪਣੇ ਅਸੂਲਾਂ ਉੱਤੇ ਪਹਿਰਾ ਦਿੰਦਾ ਰਹਾਂਗਾ। ਹੋਰ ਲਿਖਣਾ ਬੇਫਾਇਦਾ ਹੈ।"

ਤੁਹਾਡਾ ਚਾਕਰ,
ਕਰਤਾਰ ਸਿੰਘ

ਡਾ. ਬੀਰ ਸਿੰਘ ਨੂੰ ਅਜਿਹੀ ਸ਼ਬਦਾਵਲੀ ਹਜ਼ਮ ਕਰਨੀ ਔਖੀ ਹੋ ਗਈ। ਫਲਸਰੂਪ ਉਸ ਨੇ 8 ਜੁਲਾਈ 1914 ਨੂੰ ਆਪਣੇ ਉੱਚ ਅਧਿਕਾਰੀ (ਕਾਰਜਕਾਰੀ) ਪ੍ਰਿੰਸੀਪਲ ਮੈਡੀਕਲ ਅਫ਼ਸਰ, ਜ਼ੋਂਬਾ ਨੂੰ ਇਹ ਪੱਤਰ ਲਿਖਿਆ: "ਮੈਂ ਨਿਮਰਤਾ ਸਹਿਤ ਤੁਹਾਨੂੰ ਸਾਨ ਫ੍ਰਾਂਸਿਸਕੋ ਤੋਂ ਇੱਕੋ ਦਿਨ ਇੱਕੋ ਹੱਥ ਲਿਖਤ ਵਿਚ ਮੇਰੇ ਵੱਲ ਲਿਖੇ ਦੋ ਖਤ ਭੇਜਣ ਦੀ ਆਗਿਆ ਮੰਗਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਦੋ ਖਤ ਅਤੇ ਅਮਰੀਕਾ ਤੋਂ ਮਿਲਣ ਵਾਲੇ ਹੋਰ ਖਤ ਖੋਲ੍ਹ ਕੇ ਪੜ੍ਹੇ ਜਾਣ ਅਤੇ ਜਿਵੇਂ ਠੀਕ ਸਮਝੋ ਨਸ਼ਟ ਕਰ ਦਿੱਤੇ ਜਾਣ।"

"ਮੈਂ ਤੁਹਾਡੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਪਹਿਲਾ ਪੱਤਰ ਮੈਨੂੰ ਕਿਲ੍ਹਾ ਮਲੰਗੋਈ ਦੇ ਪਤੇ ਉੱਤੇ ਮਿਲਿਆ ਸੀ, ਦੂਜਾ ਜੋਂਬਾ ਦੇ ਪਤੇ ਉੱਤੇ, ਅਤੇ ਹੁਣ ਕਿਲ੍ਹਾ ਮੈਂਗੋਚੇ ਦੇ ਸਿਰਨਾਵੇ ਉੱਤੇ। ਇਸ ਤੋਂ ਸਪਸ਼ਟ ਹੈ ਕਿ ਭੇਜਣ ਵਾਲਾ ਕੋਈ ਆਮ ਆਦਮੀ ਨਹੀਂ ਹੈ ਬਲਕਿ ਅਜਿਹਾ ਸਖਸ਼ ਹੈ ਜੋ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ। ਉਸ ਦਿਨ ਮੈਂ ਜਬਾਨੀ ਤੌਰ ਉੱਤੇ ਤੁਹਾਨੂੰ ਦੱਸਿਆ ਸੀ ਕਿ ਇਹ ਆਦਮੀ ਅਮਰੀਕਾ ਪੜ੍ਹਾਈ ਲਈ ਗਿਆ ਮੇਰਾ ਭਤੀਜਾ ਹੋਵੇਗਾ। ਉਸ ਦਾ ਨਾਉਂ ਕਰਤਾਰ ਸਿੰਘ ਹੈ। ਜੇ ਮੈਂ ਇਹ ਸਿੱਟਾ ਕੱਢਣ ਵਿੱਚ ਸਹੀ ਹਾਂ ਕਿ ਪੱਤਰ ਭੇਜਣ ਵਾਲਾ ਕਰਤਾਰ ਸਿੰਘ ਹੀ ਹੋਵੇਗਾ ਤਦ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਖਤ ਨਸ਼ਟ ਨਾ ਕੀਤੇ ਜਾਣ ਸਗੋਂ ਤੁਹਾਡੇ ਦਫ਼ਤਰ ਵਿਚ ਸਾਂਭੇ ਜਾਣ। ਸ਼ਾਇਦ ਗੱਲ ਅੱਗੇ ਵਧਣ ਦੀ ਸੂਰਤ ਵਿਚ ਇਹਨਾਂ ਦੀ ਲੋੜ ਪਵੇ।"

"ਮੈਂ ਬਹੁਤ ਪ੍ਰੇਸ਼ਾਨ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਜਾਣਕਾਰੀ ਮੈਨੂੰ ਬਿਨ੍ਹਾਂ ਦੇਰੀ ਤੋਂ ਦਿੱਤੀ ਜਾਵੇ ਕਿ ਇਹਨਾਂ ਖਤਾਂ ਵਿਚ ਕੀ ਲਿਖਿਆ ਗਿਆ ਹੈ ?" **ਬਾਕੀ ਪੰਨਾ 20'ਤੇ**

ਕੋਟ ਫੱਤਾ ਬਲੀ ਕਾਂਡ ਦਾ ਫੈਸਲਾ ਆਇਆ-ਸੱਤ ਦੋਸ਼ੀਆਂ ਨੂੰ ਉਮਰ ਕੈਦ

ਅਜਿਹੀ ਘਟਨਾ ਮੁੜ ਨਾ ਵਾਪਰੇ, ਇਸ ਲਈ ਅੰਧਵਿਸ਼ਵਾਸੀ ਸੋਚ ਨੂੰ ਮਾਰਨਾ ਜ਼ਰੂਰੀ

ਮਾਰਚ 2017 ਵਿੱਚ ਬਠਿੰਡਾ ਜਿਲ੍ਹੇ ਦੇ ਪਿੰਡ ਕੋਟਫੱਤਾ ਵਿੱਚ ਇੱਕ ਬਹੁਤ ਦਰਦਨਾਕ ਘਟਨਾ ਹੋਈ ਜਿਸ ਵਿੱਚ ਦੋ ਮਾਸੂਮ ਬੱਚਿਆਂ ਰਣਜੋਧ ਸਿੰਘ (5 ਸਾਲ) ਅਤੇ ਅਨਾਮਿਕਾ (3 ਸਾਲ) ਦੀ ਬਲੀ ਦਿੱਤੀ ਗਈ। ਦੋਵੇਂ ਬੱਚੇ ਸਕੇ ਭੈਣ ਭਰਾ ਸਨ। ਬਲੀ ਦੇਣ ਸਮੇਂ ਇਨ੍ਹਾਂ ਨਾਲ ਬਹੁਤ ਕਰੂਰਤਾ ਕੀਤੀ ਗਈ, ਮੂੰਹ ਵਿੱਚ ਬਲਬ ਅਤੇ ਕੱਚ ਠੂਸ ਦਿੱਤਾ ਗਿਆ, ਫਿਰ ਗਲ ਘੁੱਟ ਕੇ ਮਾਰਿਆ ਗਿਆ। ਪੋਸਟਮਾਰਟਮ ਰਿਪੋਰਟ ਵਿੱਚ ਮੂੰਹ 'ਤੇ ਲੱਗੇ ਕੱਟਾਂ ਤੋਂ ਇਲਾਵਾ, ਉਨ੍ਹਾਂ ਦੇ ਜੁਬਾੜੇ ਟੁੱਟੇ ਹੋਣ ਦਾ ਜ਼ਿਕਰ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਬੱਚਿਆਂ ਉੱਤੇ ਕਿਹੋ ਜਿਹਾ ਤਸ਼ੱਦਦ ਕੀਤਾ ਗਿਆ। ਅਜੀਬ ਗੱਲ ਇਹ ਸੀ ਕਿ ਇਨ੍ਹਾਂ ਦੋਵਾਂ ਬੱਚਿਆਂ ਦੀ ਇਸ ਢੰਗ ਨਾਲ ਬਲੀ ਦੇਣ ਵਾਲਿਆਂ ਵਿੱਚ ਤਾਂਤਰਿਕ ਲਖਵਿੰਦਰ ਉਰਫ਼ ਲੱਖੀ ਬਾਬਾ ਤੋਂ ਇਲਾਵਾ ਉਸ ਦੇ ਸਕੇ ਮਾਤਾ-ਪਿਤਾ, ਦਾਦੀ, ਚਾਚਾ ਅਤੇ ਦੋ ਭੂਆ ਸ਼ਾਮਲ ਸਨ।

ਹੁਣ 6 ਸਾਲ ਬਾਅਦ 23 ਮਾਰਚ 2023 ਨੂੰ ਮਾਣਯੋਗ ਜੱਜ ਬਲਵਿੰਦਰ ਸਿੰਘ ਸਰਾਂ ਨੇ ਇਨ੍ਹਾਂ ਸਾਰੇ ਦੋਸ਼ੀਆਂ ਨੂੰ ਇਸ ਕਾਂਡ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਕਰਾਰ ਦਿੱਤੇ ਵਿਅਕਤੀਆਂ ਵਿੱਚ ਤਾਂਤਰਿਕ ਲਖਵਿੰਦਰ ਲੱਖੀ, ਬੱਚਿਆਂ ਦੀ ਦਾਦੀ ਨਿਰਮਲ ਕੌਰ, ਪਿਤਾ ਕੁਲਵਿੰਦਰ ਸਿੰਘ ਉਰਫ਼ ਵਿੱਕੀ, ਮਾਤਾ ਰਣਧੀਰ ਕੌਰ ਉਰਫ਼ ਰੋਜ਼ੀ, ਚਾਚਾ ਜਸਪ੍ਰੀਤ ਸਿੰਘ, ਭੂਆ ਗਗਨਦੀਪ ਕੌਰ ਅਤੇ ਦੂਸਰੀ ਭੂਆ ਰਮਨਦੀਪ ਕੌਰ ਉਰਫ਼ ਅਮਨ ਸ਼ਾਮਲ ਹਨ। ਇਸ ਕਾਂਡ ਪਿੱਛੇ ਕਹਾਣੀ ਇਹ ਸੀ ਕਿ ਰਮਨਦੀਪ ਕੌਰ ਦੇ ਕੋਈ ਬੱਚਾ ਨਹੀਂ ਸੀ ਜਿਸ 'ਤੇ ਇਸ ਤਾਂਤਰਿਕ ਲਖਵਿੰਦਰ ਲੱਖੀ ਨੇ ਪਰਿਵਾਰ ਨੂੰ ਜਚਾਇਆ ਕਿ ਰਮਨਦੀਪ ਕੌਰ ਦੀ ਸੰਤਾਨ ਵਾਲੀ ਇੱਛਾ ਪੂਰੀ ਹੋ ਸਕਦੀ ਹੈ ਪਰ ਇਸ ਲਈ ਉਨ੍ਹਾਂ ਨੂੰ ਹੋਰ ਬੱਚਿਆਂ ਦੀ ਬਲੀ ਦੇਣੀ ਪਵੇਗੀ। ਇਹ ਪਰਿਵਾਰ ਪੂਰੀ ਤਰ੍ਹਾਂ ਅੰਧਵਿਸ਼ਵਾਸੀ ਸੀ, ਬੱਚਿਆਂ ਦੀ ਜ਼ਾਲਮ ਦਾਦੀ ਨਿਰਮਲ ਕੌਰ ਖ਼ੁਦ ਵੀ ਚੌਂਕੀ ਲਗਾਉਂਦੀ ਹੁੰਦੀ ਸੀ, ਜਿਸ ਕਰਕੇ ਇਹ ਭਿਆਨਕ ਕਾਰਾ ਕਰਨ ਲਈ ਸਾਰੇ ਸਹਿਮਤ ਹੋ ਗਏ।

ਅਦਾਲਤ ਵਿੱਚ ਲੱਗੇ ਕੇਸ ਮੁਤਾਬਿਕ ਇਹ ਵਾਕਿਆ 8 ਮਾਰਚ 2017 ਨੂੰ ਹੋਇਆ। ਉਸ ਸ਼ਾਮ ਜਦ ਇਹ ਸਾਰੇ ਦੋਸ਼ੀ ਘਰ ਦੇ ਅੰਦਰ ਇਹ ਕਾਰਾ ਕਰ ਰਹੇ ਸਨ ਤਦ ਬੱਚਿਆਂ ਦੇ ਦਾਦੇ ਮੁਖਤਿਆਰ ਸਿੰਘ ਅਤੇ ਦਾਦੇ ਦੇ ਭਰਾ ਲਾਭ ਸਿੰਘ ਨੇ ਬਾਹਰ ਬੱਚਿਆਂ ਦੀਆਂ ਚੀਕਾਂ ਅਤੇ ਰੌਲਾ ਸੁਣਿਆ ਤਾਂ ਉਨ੍ਹਾਂ ਨੇ ਜੋਰ ਜੋਰ ਦੀ ਦਰਵਾਜਾ ਖੜਕਾਇਆ। ਕੁੱਝ ਚਿਰ ਬਾਅਦ ਜਦ ਰੋਜ਼ੀ ਨੇ ਦਰਵਾਜਾ ਖੋਲ੍ਹਿਆ ਤਾਂ ਇਨ੍ਹਾਂ ਵੇਖਿਆ ਕਿ ਕੁਲਵਿੰਦਰ ਸਿੰਘ ਰਣਜੋਧ ਦੇ ਉਪਰ ਅਤੇ ਨਿਰਮਲ ਕੌਰ ਅਨਾਮਿਕਾ ਨੂੰ ਦੱਬ ਕੇ ਬੈਠੀ ਸੀ। ਦੋਹਵੇਂ ਬੱਚੇ ਮਰ ਚੁੱਕੇ ਸਨ। ਰੌਲਾ ਪੈਣ 'ਤੇ ਹੋਰ ਲੋਕ ਇਕੱਠੇ ਹੋਣ ਲੱਗੇ ਤਾਂ ਇਹ ਤਾਂਤਰਿਕ ਉੱਥੋਂ ਭੱਜ ਗਿਆ। ਇਹ ਕੇਸ ਲਾਭ ਸਿੰਘ ਦੇ ਬਿਆਨਾਂ 'ਤੇ ਦਰਜ ਹੋਇਆ ਪਰ ਪਰਿਵਾਰਕ ਦਬਾਅ ਪੈਣ ਕਰਕੇ, ਬਾਅਦ ਵਿੱਚ, ਲਾਭ ਸਿੰਘ ਆਪਣੇ ਬਿਆਨਾਂ ਤੋਂ ਮੁਕਰ ਗਿਆ। ਖੈਰ ਪਿੰਡ ਵਾਸੀ ਪਰਮਜੀਤ ਸਿੰਘ (ਪਰਨਜੀਤ ਸਿੰਘ ਖਾਲਸਾ) ਅਤੇ ਰਾਮ ਸਿੰਘ ਨੇ ਇਸ ਕੇਸ ਵਿੱਚ ਠੋਕ ਕੇ ਗਵਾਹੀਆਂ ਦਿੱਤੀਆਂ।

ਅਦਾਲਤ ਵਿੱਚ ਪਰਮਜੀਤ ਸਿੰਘ ਨੇ ਦੱਸਿਆ ਕਿ 4 ਮਾਰਚ ਨੂੰ ਜਦ ਮੁਖਤਿਆਰ ਸਿੰਘ ਦੇ ਘਰ ਦੀਵਾਨ ਲੱਗਿਆ ਹੋਇਆ ਸੀ ਤਾਂ ਉਹ ਵੀ ਉਤਸੁਕਤਾ ਵੱਸ ਉੱਥੇ ਚਲਾ ਗਿਆ। ਲਖਵਿੰਦਰ ਲੱਖੀ ਨੇ ਕੁੱਝ ਤਾਂਤਰਿਕ ਕ੍ਰਿਆਵਾਂ ਕਰਨ ਅਤੇ ਮੰਤਰ ਆਦਿ ਪੜ੍ਹਨ ਬਾਅਦ ਕਿਹਾ ਕਿ ਉਸਦੀ ਤਪੱਸਿਆ ਸੰਪੂਰਨ ਹੋ ਗਈ ਹੈ ਅਤੇ ਉਹ ਔਲਾਦ ਵਾਲੀ ਇੱਛਾ ਪੂਰੀ ਕਰੇਗਾ ਪਰ ਇਸ ਲਈ ਉਨ੍ਹਾਂ ਨੂੰ ਬੱਚਿਆਂ ਦੀ ਬਲੀ ਦੇਣੀ ਪਵੇਗੀ। ਅਜਿਹਾ ਕੁਝ ਕਹਿੰਦੇ ਹੋਏ ਲੱਖੀ ਨੇ ਜਦ ਪਰਮਜੀਤ ਸਿੰਘ ਨੂੰ ਉੱਥੇ ਖੜ੍ਹਾ ਵੇਖਿਆ ਤਾਂ ਉਹ ਖਿਝ ਕੇ ਬੋਲਿਆ ਕਿ ਉਹ ਇਥੇ ਕੀ ਕਰ ਰਿਹਾ ਹੈ? ਇਸ 'ਤੇ ਘਰ ਵਾਲਿਆਂ ਨੇ ਉਸ ਨੂੰ ਉੱਥੋਂ ਜਾਣ ਲਈ ਕਿਹਾ ਕਿ ਇਹ ਉਨ੍ਹਾਂ ਦਾ ਘਰੇਲੂ ਮਾਮਲਾ ਹੈ। ਆਪਣੀ ਗਵਾਹੀ ਵਿੱਚ ਪਰਮਜੀਤ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਉਹ ਹਜ਼ੂਰ ਸਾਹਿਬ ਚਲਾ ਗਿਆ ਜਿੱਥੋਂ ਉਹ 18 ਮਾਰਚ ਨੂੰ ਮੁੜ ਕੇ ਆਇਆ ਤਾਂ ਉਸ ਨੂੰ ਬੱਚਿਆਂ ਦੀ ਬਲੀ ਵਾਲਾ ਕਾਂਡ ਹੋ ਜਾਣ ਬਾਰੇ ਪਤਾ ਲੱਗਿਆ। ਇਸ ਉਪਰੰਤ ਉਸ ਨੇ ਆਪਣੀ ਸਟੇਟਮੈਂਟ ਲਿਖਾਈ, ਜਿਸ ਤੋਂ ਪਤਾ ਚਲਦਾ ਹੈ ਬੱਚਿਆਂ ਦੇ ਕਤਲ ਦੀ ਸਾਜਿਸ਼ ਕਿਵੇਂ ਚਾਰ ਦਿਨ ਪਹਿਲਾਂ ਘੜੀ ਗਈ ਸੀ ਅਤੇ ਜਿਸ ਵਿੱਚ ਤਾਂਤਰਿਕ ਅਤੇ ਪਰਿਵਾਰ ਦੇ ਮੈਂਬਰ ਸ਼ਾਮਲ ਸਨ। ਰਾਮ ਸਿੰਘ ਨੇ ਆਪਣੀ ਗਵਾਹੀ ਵਿੱਚ ਘਟਨਾ ਵਾਲੇ ਦਿਨ ਬਾਰੇ ਦੱਸਿਆ ਕਿ ਜਦ ਉਹ ਰੌਲਾ ਸੁਣਕੇ ਉੱਥੇ ਪੁੱਜਾ ਤਾਂ ਉਸ ਨੇ ਉੱਥੇ ਜੋ ਕੁੱਝ ਦੇਖਿਆ ਉਹ ਲਾਭ ਸਿੰਘ ਵੱਲੋਂ ਐਫ.ਆਈ.ਆਰ. ਵਿੱਚ ਲਿਖਾਏ ਬਿਆਨਾਂ ਨਾਲ ਮੇਲ ਖਾਂਦਾ ਸੀ।

ਪੁਲੀਸ ਦਾ ਰੋਲ ਅਤੇ ਜਨਤਕ ਦਬਾਅ -

ਤਾਂਤਰਿਕ ਲਖਵਿੰਦਰ ਲੱਖੀ, ਜੋ ਪਹਿਲਾਂ ਲੱਕੜ ਦੇ ਮਿਸਤਰੀ ਵਜੋਂ ਕੰਮ ਕਰਦਾ ਸੀ, ਉਹ ਹੁਣ ਸਿਰਸੇ ਜਿਲ੍ਹੇ ਦੀ ਮੰਡੀ ਕਾਲਿਆਂ ਵਾਲੀ ਵਿਖੇ ਰਹਿ ਰਿਹਾ ਸੀ ਜਿੱਥੇ ਉਹ ਤਾਂਤਰਿਕ ਵਾਲੇ ਧੰਦੇ ਦੇ ਨਾਲ ਨਾਲ ਇੱਕ ਪੀਰਖਾਨੇ ਨੂੰ ਵੀ ਕੰਟਰੋਲ ਕਰਦਾ ਸੀ। ਉਸ ਨੇ ਨਾਲ ਨਾਲ ਪ੍ਰਾਪਰਟੀ ਡੀਲਰ ਦਾ ਵੀ ਕੰਮ ਸ਼ੁਰੂ ਕਰ ਲਿਆ ਸੀ ਅਤੇ ਇਨ੍ਹਾਂ ਧੰਦਿਆਂ ਵਿੱਚੋਂ ਉਸ ਨੇ ਕਾਫੀ ਪੈਸੇ ਬਣਾ ਲਏ ਸਨ। ਉਹ ਇਸ ਪੈਸੇ ਨਾਲ ਇਸ ਕੇਸ ਵਿੱਚੋਂ ਨਿਕਲਣਾ ਚਾਹੁੰਦਾ ਸੀ। ਕਾਲਿਆਂਵਾਲੀ ਮੰਡੀ ਦੇ ਕੁੱਝ ਸ਼ਾਹੂਕਾਰ ਅਤੇ ਰਾਜਨੀਤਕ ਲੋਕ ਵੀ ਉਸਦੇ ਪੱਖ ਵਿੱਚ ਸਨ। ਜਿਵੇਂ ਕਿ ਆਮ ਹੁੰਦਾ ਹੈ, ਉਸਦੇ ਪੈਸੇ ਅਤੇ ਰਸੂਖ ਦੇ ਅਸਰ ਕਾਰਣ ਪੁਲੀਸ ਇਸ ਕੇਸ ਨੂੰ ਜੋਰ ਨਾਲ ਹੱਥ ਨਹੀਂ ਪਾ ਰਹੀ ਸੀ ਬਲਕਿ ਕੇਸ ਨੂੰ ਕਮਜੋਰ ਕਰ ਰਹੀ ਸੀ। ਇਹ ਸਪਸ਼ਟ ਹੋ ਗਿਆ ਸੀ ਕਿ ਜੇ ਇਸ ਘਿਨਾਉਣੇ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣੀ ਹੈ ਤਾਂ ਜਨਤਕ ਦਬਾਅ ਬਨਾਉਣਾ ਪਵੇਗਾ। ਇਸ ਲਈ ਬੱਚਿਆਂ ਦੇ ਭੋਗ ਤੋਂ ਬਾਅਦ ਕੋਟ ਫੱਤੇ ਵਿਖੇ ਬਠਿੰਡਾ ਮਾਨਸਾ ਰੋਡ ਜਾਮ ਕੀਤੀ ਗਈ ਅਤੇ ਫਿਰ ਕੋਟ ਫੱਤੇ ਥਾਣੇ ਦਾ ਘਿਰਾਓ ਕੀਤਾ ਗਿਆ। ਇਨ੍ਹਾਂ ਐਕਸ਼ਨਾਂ ਵਿੱਚ ਪਿੰਡ ਦੇ ਲੋਕਾਂ ਅਤੇ ਕੁੱਝ ਹੋਰ ਜਥੇਬੰਦੀਆਂ ਦੇ ਨਾਲ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਸਰਗਰਮ ਹਿੱਸਾ ਪਾਇਆ ਗਿਆ। ਇਸ ਤੋਂ ਅੱਗੇ ਇਨਸਾਫ਼ ਲੈਣ ਲਈ ਇੱਕ ਐਕਸ਼ਨ ਕਮੇਟੀ ਬਣਾਈ ਗਈ। ਇਸ ਜਨਤਕ ਦਬਾਅ ਦਾ ਸਿੱਟਾ ਹੀ ਸੀ ਕਿ ਕੇਸ ਸਹੀ ਰਸਤੇ ਉੱਤੇ ਚੱਲ ਪਿਆ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੀ।

ਮਾਨਯੋਗ ਜੱਜ ਸਾਹਿਬ ਨੇ ਆਪਣੇ ਫੈਸਲੇ ਵਿੱਚ ਵੀ ਪੁਲੀਸ ਦੇ ਮਾੜੇ ਰੋਲ ਕਾਰਣ ਜਨਤਕ ਦਬਾਅ ਬਨਾਉਣ ਨੂੰ ਜਾਇਜ਼ ਠਹਿਰਾਇਆ। ਫੈਸਲੇ ਵਿੱਚ ਦਰਜ ਹੈ–As regards the constitution of 'Insaff' Committee by the villagers to seek justice for the deceased children, it was necessitated on account of the perfunctory and unfair investigation conducted by the police. (ਭਾਵ: ਜਿੱਥੋਂ ਤੱਕ ਪਿੰਡ ਵਾਲਿਆਂ ਵੱਲੋਂ ਮਰ ਚੁੱਕੇ ਬੱਚਿਆਂ ਲਈ ਨਿਆਂ ਪ੍ਰਾਪਤ ਕਰਨ ਵਾਸਤੇ 'ਇਨਸਾਫ਼' ਕਮੇਟੀ ਬਨਾਉਣ ਦਾ ਸਬੰਧ ਹੈ, ਇਸ ਦੀ ਲੋੜ ਪੁਲੀਸ ਵੱਲੋਂ ਬੇਦਿਲੀ ਅਤੇ ਪੱਖਪਾਤੀ ਢੰਗ ਨਾਲ ਕੀਤੀ ਗਈ ਪੜਤਾਲ ਵਿੱਚੋਂ ਪੈਦਾ ਹੋਈ।) ਫੈਸਲਾ ਦੇਣ ਸਮੇਂ ਜੱਜ ਸਾਹਿਬ ਨੇ ਕੋਟ ਫੱਤਾ ਥਾਣੇ ਦੇ ਉਸ ਸਮੇਂ ਦੇ ਇੰਚਾਰਜ ਕ੍ਰਿਸ਼ਨ ਕੁਮਾਰ ਦੀਆਂ ਗਲਤ ਬਿਆਨੀਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ਜੋ ਦੋਸ਼ੀਆਂ ਖਿਲਾਫ਼ ਕੇਸ ਨੂੰ ਕਮਜੋਰ ਕਰਨ ਵੱਲ ਸੇਧਿਤ ਸਨ। Retired Inspector Krishan Kumar is the investigating officer of the case. .....On the appraisal of his testimony it is found that he conducted dishonest and perfunctory investigation and has lied in the Court. He has fudged the record perhaps to favour the accused (ਫੈਸਲੇ ਦਾ ਸਫਾ ਨੰਬਰ 42)

ਇਸੇ ਤਰ੍ਹਾਂ ਤਾਂਤਰਿਕ ਲਖਵਿੰਦਰ ਲੱਖੀ ਨੇ ਇਨਕੁਐਰੀ ਲਗਾ ਕੇ ਫਿਰ ਕੇਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕੀਤੀ, ਜਿਸ ਲਈ ਉਸ ਨੇ ਦਲੀਲ ਘੜ੍ਹੀ ਕਿ ਉਸ ਉੱਤੇ ਇਲਜ਼ਾਮ ਹੈ ਕਿ ਉਸ ਨੇ 4 ਮਾਰਚ ਨੂੰ ਵਾਰਦਾਤ ਵਾਲੇ ਘਰ ਵਿੱਚ ਪੂਜਾ ਪਾਠ ਕਰਕੇ ਪਰਿਵਾਰ ਨੂੰ ਬੱਚਿਆਂ ਦੀ ਬਲੀ ਦਾ ਪ੍ਰਬੰਧ ਕਰਨ ਲਈ ਕਿਹਾ ਸੀ ਪਰ 4 ਮਾਰਚ ਨੂੰ ਤਾਂ ਉਹ ਕਿਸੇ ਅਮਨਦੀਪ ਸਿੰਘ ਦੇ ਵਿਆਹ ਸਮਾਗਮ ਵਿੱਚ ਸ਼ਾਮਲ ਹੋਇਆ ਸੀ ਜਿਸ ਦੀਆਂ ਉਸਦੇ ਵਕੀਲਾਂ ਵੱਲੋਂ ਫੋਟੋਆਂ ਅਤੇ ਪੁਲੀਸ ਵੱਲੋਂ ਫੋਨ ਲੋਕੇਸ਼ਨਾਂ ਪੇਸ਼ ਕੀਤੀਆਂ ਗਈਆਂ ਪਰ ਅਦਾਲਤ ਅਨੁਸਾਰ ਵਿਆਹ ਸਮਾਗਮ ਤਾਂ ਦਸ ਵਜੇ ਸ਼ੁਰੂ ਹੋ ਗਿਆ ਸੀ ਸੋ ਉਹ ਫੋਟੋਆਂ ਵਗੈਰਾ ਖਿਚਵਾ ਕੇ ਉੱਥੋਂ ਸ਼ਾਮ ਤੱਕ ਆਰਾਮ ਨਾਲ ਕੋਟ ਫੱਤੇ ਪਹੁੰਚ ਸਕਦਾ ਸੀ। ਜਿੱਥੋਂ ਤੱਕ ਫੋਨ ਲੋਕੇਸ਼ਨ ਦਾ ਸਬੰਧ ਹੈ ਇਸਦਾ ਕੋਈ ਸਬੂਤ ਨਹੀਂ ਕਿ ਉਹ ਉਸ ਦਿਨ ਇਹ ਫ਼ੋਨ ਹੀ ਵਰਤ ਰਿਹਾ ਸੀ। ਇਹ ਫ਼ੋਨ ਉਸਦੇ ਘਰ ਦੇ ਹੋਰ ਮੈਂਬਰ ਕੋਲ ਵੀ ਹੋ ਸਕਦਾ ਹੈ। ਸੋ ਇਸ ਆਧਾਰ 'ਤੇ ਵੀ ਮੰਨਿਆ ਨਹੀਂ ਜਾ ਸਕਦਾ ਕਿ ਉਹ ਕੋਟ ਫੱਤੇ ਮੌਜੂਦ ਨਹੀਂ ਸੀ।

ਇਸ ਤਰ੍ਹਾਂ ਮਾਨਯੋਗ ਅਦਾਲਤ ਨੇ ਦੁੱਧ ਤੋਂ ਪਾਣੀ ਨਿਤਾਰਦਿਆਂ ਬਚਾਅ ਪੱਖ ਦੀਆਂ ਸਾਰੀਆਂ ਝੂਠੀਆਂ ਦਲੀਲਾਂ ਨੂੰ ਰੱਦ ਕੀਤਾ ਅਤੇ ਇਸ ਘਿਨਾਉਣੇ ਕਾਂਡ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜਾ ਦਿੱਤੀ। ਇਹ ਸਜ਼ਾ ਦਿਵਾਉਣ ਵਿੱਚ ਜਿੱਥੇ ਐਡਵੋਕੇਟ ਚਰਨਪਾਲ ਸਿੰਘ ਬਰਾੜ ਨੇ ਸੂਝਬੂਝ ਨਾਲ ਕੇਸ ਲੜ੍ਹਿਆ, ਗੁਰਸੇਵਕ ਸਿੰਘ ਨੇ ਵਿਸ਼ੇਸ਼ ਰੁਚੀ ਲੈ ਕੇ ਸਹਾਇਤਾ ਕੀਤੀ, ਪਰਨਜੀਤ ਸਿੰਘ ਖਾਲਸਾ ਅਤੇ ਰਾਮ ਸਿੰਘ ਸਾਰੇ ਦਬਾਵਾਂ ਦੇ ਬਾਵਜੂਦ ਗਵਾਹ ਵਜੋਂ ਕਾਇਮ ਰਹੇ, ਬਲਜਿੰਦਰ ਸਿੰਘ ਕੋਟਭਾਰਾ ਅਤੇ ਬੀ.ਕੇ.ਯੂ. ਕ੍ਰਾਂਤੀਕਾਰੀ (ਫੂਲ) ਨਾਲ ਸਬੰਧਿਤ ਕੁਝ ਹੋਰਾਂ ਨੇ ਡਟ ਕੇ ਪੈਰਵਾਈ ਕੀਤੀ, ਉੱਥੇ ਮੁਢਲਾ ਮਾਹੌਲ ਅਤੇ ਜਨਤਕ ਦਬਾਅ ਬਨਾਉਣ ਵਿੱਚ ਤਰਕਸ਼ੀਲ ਸੋਸਾਇਟੀ ਪੰਜਾਬ ਅਤੇ ਇਲਾਕੇ ਦੇ ਸੂਝਵਾਨ ਲੋਕਾਂ ਦਾ ਮਹੱਤਵਪੂਰਨ ਰੋਲ ਰਿਹਾ।

–o–

ਚਾਹੇ ਇਸ ਕੇਸ ਵਿੱਚ ਸ਼ਾਮਲ ਵਿਅਕਤੀਆਂ ਨੂੰ

ਸਜਾ ਮਿਲ ਗਈ ਹੈ ਪਰ ਜਿਸ ਸੋਚ ਵਿਚੋਂ ਅਜਿਹੀਆਂ ਮਾੜੀਆਂ ਘਟਨਾਵਾਂ ਪੈਦਾ ਹੁੰਦੀਆਂ ਹਨ ਉਹ ਅੰਧਵਿਸ਼ਵਾਸੀ ਸੋਚ ਵੀ ਸਮਾਜ ਵਿੱਚੋਂ ਖਤਮ ਕਰਨ ਦੀ ਲੋੜ ਹੈ। ਤਰਕਸ਼ੀਲ ਸੋਸਾਇਟੀ ਪੰਜਾਬ ਇਸੇ ਲਈ ਲੋਕਾਂ ਨੂੰ ਚੇਤਨ ਕਰਨ ਵਾਸਤੇ ਜੋਰ ਲਗਾ ਰਹੀ ਤਾਂ ਜੋ ਅਜਿਹੀਆਂ ਘਟਨਾਵਾਂ ਵਾਪਰਨ ਦਾ ਆਧਾਰ ਹੀ ਖਤਮ ਹੋ ਸਕੇ। ਅਦਾਲਤ ਨੇ ਇੱਕ ਲੱਖੀ ਬਾਬੇ ਨੂੰ ਤਾਂ ਸਜਾ ਦੇ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਪਰ ਅਜਿਹੇ ਹੋਰ ਹਜਾਰਾਂ ਬਾਬੇ ਸਮਾਜ ਵਿੱਚ ਭੈੜੇ ਤੋਂ ਭੈੜੇ ਕਾਰਨਾਮੇ ਕਰਦੇ ਆਜਾਦ ਫਿਰ ਰਹੇ ਹਨ। ਲੋੜ ਅਜਿਹੀਆਂ ਕਰਤੂਤਾਂ ਕਰਨ ਵਾਲੇ ਤਾਂਤਰਿਕਾਂ, ਚੇਲਿਆਂ, ਬਾਬਿਆਂ ਦੀ ਨਕੇਲ ਕੱਸਣ ਦੀ ਹੈ ਤਾਂ ਜੋ ਉਹ ਅਜਿਹੀਆਂ ਘਟਨਾਵਾਂ ਕਰਨ ਦੇ ਸਮਰੱਥ ਹੀ ਨਾ ਹੋਣ। ਇਸ ਲਈ ਤਰਕਸ਼ੀਲ ਸੋਸਾਇਟੀ ਪੰਜਾਬ ਸਰਕਾਰ ਪਾਸੋਂ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਦੀ ਜੋਰਦਾਰ ਮੰਗ ਕਰਦੀ ਆ ਰਹੀ ਹੈ। ਇਸ ਪ੍ਰਸੰਗ ਵਿੱਚ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਬਠਿੰਡਾ ਜ਼ੋਨ ਦੇ ਸੀਨੀਅਰ ਆਗੂ ਰਾਮ ਸਿੰਘ ਨਿਰਮਾਣ ਦੀ ਇਸ ਕੇਸ ਸਬੰਧੀ ਸੋਸ਼ਲ ਮੀਡੀਆ ਉੱਤੇ ਕੀਤੀ ਟਿੱਪਣੀ ਵਿਚਾਰਨਯੋਗ ਹੈ। ਉਹ ਲਿਖਦੇ ਹਨ–

ਚੇਲਾ ਬਾਬਾ ਤਾਂ ਸ਼ੈਤਾਨ ਹੈ ਹੀ ਸੀ, ਪਰ ਉਸ ਪਰਿਵਾਰ ਦੀ ਸੋਚ ਬਾਰੇ ਕੀ ਕਹੀਏ ਜਿਸ ਨੇ ਆਪਣੇ ਹੀ ਦੋ ਮਾਸੂਮ ਬੱਚੇ ਲੜਕੇ ਅਤੇ ਲੜਕੀ ਦੀ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਕਾਰਣ ਆਪਣੀ ਨਿਰਸੰਤਾਨ ਧੀ/ਭੈਣ ਅਮਨਦੀਪ ਕੌਰ ਦੇ ਬੱਚੇ ਪੈਦਾ ਕਰਨ ਦੇ ਝੂਠੇ ਚੱਕਰ ਵਿੱਚ ਬੇ-ਰਹਿਮੀ ਨਾਲ ਬਲੀ ਦੇ ਦਿੱਤੀ ਸੀ। ਹੁਣ 6 ਜਣੇ, ਯਾਨੀ ਲਗਭਗ ਸਾਰਾ ਪਰਿਵਾਰ ਉਮਰ ਕੈਦ ਦੀ ਸਜਾ ਭੁਗਤਣਗੇ। ਨਾਲੇ ਮਰ ਚੁੱਕੇ ਬੱਚਿਆਂ ਦਾ ਸੰਤਾਪ, ਨਾਲੇ ਸਾਰੀ ਉਮਰ ਜੇਲ੍ਹ ਵਿੱਚ। ਇਹ ਪਰਿਵਾਰ ਦਲਿਤ ਭਾਈਚਾਰੇ ਵਿੱਚੋਂ ਹੈ। ਇਸ ਪਰਿਵਾਰ ਦੀ ਪਛੜੀ ਮਾਨਸਿਕਤਾ ਕਾਰਣ ਬੱਚਿਆਂ ਦੇ ਦਾਦਾ ਦਾਦੀ ਸ਼ੁਰੂ ਤੋਂ ਹੀ ਚੇਲਿਆਂ, ਸਿਆਣਿਆਂ ਅਤੇ ਤਾਂਤਰਿਕਾਂ ਦੇ ਭਰਮੀ ਮੱਕੜਜਾਲ ਵਿੱਚ ਫਸੇ ਹੋਏ ਸਨ। ਪਰਿਵਾਰ ਵਿੱਚ ਦਹਾਕਿਆਂ ਤੋਂ ਹੀ ਅਖੌਤੀ ਸਿਆਣਿਆਂ, ਚੇਲਿਆਂ, ਤਾਂਤਰਿਕਾਂ, ਬਾਬਿਆਂ ਦੀਆਂ ਅਖੌਤੀ ਕਰਾਮਾਤੀ/ਦੈਵੀ ਸ਼ਕਤੀਆਂ ਦੇ ਮਾਲਿਕ ਹੋਣ ਦੀ ਅੰਧਵਿਸ਼ਵਾਸੀ ਮਹਿਮਾ ਅਤੇ ਚਰਚਾ ਹੁੰਦੀ ਰਹਿੰਦੀ ਸੀ।

ਇਸ ਬਲੀ ਕਾਂਡ ਲਈ ਪਰਿਵਾਰ ਨੂੰ ਤਿਆਰ ਕਰਨ ਲਈ ਸ਼ੈਤਾਨ ਚੇਲੇ ਲਖਵਿੰਦਰ ਉਰਫ ਲੱਖੀ ਬਾਬਾ (ਕਾਲਿਆਂ ਵਾਲੀ ਵਾਲੇ) ਦਾ ਪਿਛੋਕੜ ਵੀ ਪਛੜੇ ਵਰਗ ਨਾਲ ਹੀ ਸਬੰਧਿਤ ਸੀ ਜੋ ਇਕ ਸਮੇਂ ਲੱਕੜ ਦਾ ਕਾਮਾ ਮਜ਼ਦੂਰ ਸੀ। ਪਰ ਸਮਾਜ ਵਿੱਚ ਸਦੀਆਂ ਤੋਂ ਫੈਲੇ ਅਖੌਤੀ ਰੂਹਾਂ/ਬਦਰੂਹਾਂ, ਕਚੀਲਾਂ, ਜਿੰਨ, ਚੁੜੇਲਾਂ, ਭੂਤ-ਪਰੇਤਾਂ ਅਤੇ ਅਖੌਤੀ ਦੈਵੀ ਸ਼ਕਤੀਆਂ ਦੀ ਹੋਂਦ ਦੇ ਝੂਠੇ/ਗਲਤ ਅਤੇ ਅੰਨ੍ਹੇ ਵਿਸ਼ਵਾਸ਼ ਨੇ ਲੱਖੀ ਨੂੰ ਵੀ 'ਬਾਬਾ' ਬਣਨ ਲਈ ਪ੍ਰੇਰਿਆ। ਆਪਣੇ ਸਮਾਜ ਦੇ ਪਛੜੀ ਮਾਨਸਿਕਤਾ ਵਾਲੇ ਅੰਧਵਿਸ਼ਵਾਸ਼ੀ ਲੋਕਾਂ ਦਾ ਅਖੌਤੀ ਤੰਤਰ ਵਿਦਿਆ ਰਾਂਹੀ ਇਲਾਜ ਕਰਨ ਦਾ ਭਰਮ ਸਿਰਜਣ ਨਾਲ ਉਸ ਦੇ ਕੋਲ ਦੁਖੀ ਲੋਕਾਂ ਦੀ ਤਦਾਦ ਵਧਦੀ ਗਈ। ਚੇਲੇ ਬਾਬੇ ਦਾ ਸੌਖੇ ਢੰਗ ਨਾਲ ਤੋਰੀ ਫੁਲਕਾ ਚੱਲਣ ਤੋਂ ਸ਼ੁਰੂ ਹੋਇਆ ਸਮਾਜ ਨੂੰ ਗੁੰਮਰਾਹ ਕਰਨ ਦਾ ਇਹ ਧੋਖਾਦੇਹੀ ਵਾਲਾ ਤੇ ਸਮਾਜ ਵਿਰੋਧੀ ਕਿੱਤਾ, ਸਮਾਜ ਦੇ ਆਮ ਮੱਧ ਵਰਗ ਵਿਚ ਵੀ ਚਰਚਿਤ ਹੋ ਗਿਆ ਤੇ ਉਸ ਦੀ ਮਹੀਨਾਵਾਰ ਆਮਦਨ ਹਜਾਰਾਂ ਤੋਂ ਲੱਖਾਂ ਵਿਚ ਹੋ ਗਈ। ਕੋਟ ਫੱਤੇ ਦਾ ਇਹ ਦਲਿਤ ਭਾਈਚਾਰੇ ਦਾ ਪਰਿਵਾਰ ਕਈ ਸਾਲਾਂ ਤੋਂ ਉਸ ਵਿੱਚ ਅੰਨ੍ਹੀ ਸ਼ਰਧਾ ਰਖਦਾ ਸੀ। ਆਪਣੀ ਇਕ ਧੀ ਦੇ ਬੱਚਾ ਨਾ ਹੋਣ ਕਾਰਣ ਲੱਖੀ ਬਾਬੇ ਦੀ ਗੱਦੀ 'ਤੇ ਲਗਾਤਾਰ ਚੜ੍ਹਾਵੇ ਚੜ੍ਹਾਉਂਦਾ, ਹਰ ਤਰ੍ਹਾਂ ਦੀ ਲੁੱਟ ਕਰਵਾਉਂਦਾ ਆ ਰਿਹਾ ਸੀ ਜਿਸ ਦਾ ਅਖੀਰ ਸਿੱਟਾ ਇਹ ਨਿਕਲਿਆ ਕਿ ਚੇਲੇ ਬਾਬੇ ਨੇ ਆਪਣੀ ਅਨਿਨ ਭਗਤ ਔਰਤ ਅਮਨਦੀਪ (ਬੇਔਲਾਦ ਲੜਕੀ) ਦੀ ਮਾਂ (ਮਾਰੇ ਗਏ ਮਾਸੂਮ ਬੱਚਿਆਂ ਦੀ ਦਾਦੀ) ਨਿਰਮਲ ਕੌਰ ਉੱਤੇ ਗੈਬੀ ਸ਼ਕਤੀਆਂ ਹੋਣ ਦਾ ਅੰਨ੍ਹਾ ਪ੍ਰਭਾਵ ਪਾਕੇ ਪਰਿਵਾਰ ਨੂੰ ਆਪਣੇ ਹੀ ਦੋ ਬੱਚਿਆਂ ਨੂੰ ਗੈਬੀ ਸ਼ਕਤੀ ਦੀ ਬਲੀ ਦੇਣ ਲਈ ਮਜਬੂਰ ਕਰ ਦਿੱਤਾ ਤਾਂ ਜੋ ਪਰਿਵਾਰ ਦੀ ਕਈ ਸਾਲ ਪਹਿਲਾਂ ਵਿਆਹੀ ਬੇਔਲਾਦ ਧੀ ਦੇ ਕੁੱਖੋਂ ਇਹਨਾਂ ਬੱਚਿਆਂ ਦੀ ਬਲੀ ਦੇਣ ਸਦਕਾ ਦੋ ਬੱਚੇ ਜਨਮ ਲੈ ਲੈਣ।

ਚੇਲੇ ਨੇ ਪਰਿਵਾਰ ਨੂੰ ਇਹ ਗੱਲ ਜਚਾਈ ਹੋਈ ਸੀ ਕਿ ਇੱਕ ਵਾਰ ਦੈਵੀ ਸ਼ਕਤੀ ਦੀ ਭੇਂਟ/ਬਲੀ ਦੇਣ ਬਾਅਦ ਫਲਾਣੇ ਭਜਨ/ਮੰਤਰ ਗਾਉਣ ਬਾਅਦ ਇਹ ਦੋਵੇਂ ਬੱਚੇ ਵੀ ਮੁੜ ਜਿੰਦਾ ਹੋ ਜਾਣਗੇ। ਜਦੋਂ ਆਂਢ ਗੁਆਂਢ ਨੂੰ ਪਤਾ ਲੱਗਿਆ ਕਿ ਬੱਚੇ ਮਾਰੇ ਜਾ ਚੁੱਕੇ ਹਨ ਤਾਂ ਲੋਕ ਮੇਨ ਗੇਟ ਜਬਰੀ ਖੋਹਲ ਕੇ ਘਰ ਵਿੱਚ ਦਾਖਲ ਹੋਏ ਤੇ ਮਰ ਚੁੱਕੇ ਬੱਚਿਆਂ ਨੂੰ ਵੇਖ ਕੇ ਲਾਹਨਤਾਂ ਪਾਉਣ ਲੱਗੇ ਤਾਂ ਵੀ ਬੱਚਿਆਂ ਦੀ ਦਾਦੀ (ਜੋ ਖ਼ੁਦ ਵੀ ਬਾਬੇ ਦੀ ਚੇਲੀ ਅਖਵਾਉਂਦੀ ਸੀ) ਰੋਹਬਦਾਰ ਅਵਾਜ ਵਿੱਚ ਲੋਕਾਂ ਨੂੰ ਕਹਿ ਰਹੀ ਸੀ ਕਿ (ਮਾਰੇ ਜਾ ਚੁੱਕੇ) ਬੱਚਿਆਂ ਨੂੰ ਕੋਈ ਹੱਥ ਨਾ ਲਾਵੇ ਇਹਨਾਂ ਨੂੰ ਦੈਵੀ/ਅਖੌਤੀ ਸ਼ਕਤੀ ਰਾਂਹੀ ਮੈਂ ਹੁਣੇ ਮੁੜ ਜਿਉਂਦਾ ਕਰ ਦੇਵਾਂਗੀ। ਸਮਾਜ ਵਿੱਚ ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ, ਅਖੌਤੀ ਆਤਮਾਵਾਂ, ਅਗਲਾ/ਪਿਛਲਾ ਜਨਮ, ਧਰਮਰਾਜ, ਨਰਕ, ਸਵਰਗ ਆਦਿ ਅਤੇ ਪ੍ਰਾਭੌਤਿਕ ਸ਼ਕਤੀਆਂ ਪ੍ਰਤੀ ਅੰਧਸ਼ਰਧਾ ਅਤੇ ਕੂੜ ਪ੍ਰਚਾਰ ਸਦਕਾ ਲੋਕ ਮਾਨਸਿਕਤਾ ਵਿੱਚ

ਫੈਲਿਆ ਤੇ ਲੋਕਾਂ ਦੇ ਮਨ ਵਿੱਚ ਲਗਾਤਾਰ ਬੈਠਾਇਆ ਜਾ ਰਿਹਾ ਇਹ ਜਹਾਲਤ ਦਾ ਗੁੰਮਰਾਹ ਕੁੰਨ ਪ੍ਰਚਾਰ ਸਮਾਜ ਲਈ ਬਹੁਤ ਮਾਰੂ ਸਿੱਧ ਹੋ ਚੁੱਕਿਆ ਹੈ। ਇਸ ਕਾਰਣ ਹੀ ਸਮਾਜ ਵਿੱਚ ਕਿਤੇ ਨਾ ਕਿਤੇ ਅਜਿਹੇ ਬਲੀ ਕਾਂਡ ਵਰਗੇ ਜਾਂ ਕਿਸੇ ਔਰਤ ਨੂੰ ਡਾਇਣ ਅਤੇ ਜਾਦੂ-ਟੂਣੇ ਕਰਨ ਵਾਲੀ ਕਹਿਕੇ ਮਾਰਨ ਵਰਗੇ ਕਾਂਡ ਵਾਪਰਦੇ ਰਹਿੰਦੇ ਹਨ। ਇਸ ਸਭ ਕੁੱਝ ਲਈ ਜ਼ਿੰਮੇਵਾਰ ਲੋਕਾਂ ਦੀ ਬਣਾਈ ਗਈ ਅੰਧ-ਵਿਸ਼ਵਾਸ਼ੀ, ਤਰਕਹੀਣ ਅਤੇ ਲਾਈਲੱਗ ਮਾਨਸਿਕਤਾ ਹੈ। ਜਿਸ ਲਈ ਸਮਾਜ ਵਿੱਚ ਬੈਠੇ ਅਖੌਤੀ ਸਿਆਣੇ, ਖ਼ੁਦ ਵਿੱਚ ਗੈਬੀ ਸ਼ਕਤੀਆਂ ਹੋਣ ਦਾ ਭਰਮ ਪਾਲੀ ਬੈਠੇ ਲੱਖੀ ਬਾਬੇ ਵਰਗਿਆਂ ਦਾ ਕੂੜ ਪ੍ਰਚਾਰ ਵੀ ਜਿੰਮੇਵਾਰ ਹੈ।

ਅੱਜ ਦੀ 21 ਵੀਂ ਸਦੀ ਦੇ ਵਿਗਿਆਨਕ ਯੁੱਗ ਵਿੱਚ ਅਜਿਹੇ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸਾਂ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ ਜੋ ਮਨੁੱਖੀ ਸਮਾਜ ਨੂੰ ਕੁਰਾਹੇ ਪਾ ਕੇ, ਗੁੰਮਰਾਹ ਕਰਕੇ ਨਿਰਦੋਸ਼ ਮਾਸੂਮਾਂ ਦੀ ਬਲੀ ਦੇਣ ਜਾਂ ਡਾਇਣ ਅਤੇ ਟੂਣੇਹਾਰੀ ਕਹਿਕੇ ਗੁੰਮਰਾਹ ਹੋਈ ਅੰਧਵਿਸ਼ਵਾਸੀ ਭੀੜ ਤੋਂ ਕਿਸੇ ਸਧਾਰਨ ਔਰਤ ਜਾਂ ਮਰਦ ਦਾ ਬੇਦਰਦੀ ਨਾਲ ਕਤਲ ਕਰਵਾ ਦਿੰਦੇ ਹਨ। (ਡਾਇਣ ਅਤੇ ਟੂਣੇਹਾਰ ਕਹਿਕੇ ਗੁੰਮਰਾਹ ਹੋਈ ਭੀੜ ਵੱਲੋਂ ਔਰਤਾਂ ਦੇ ਕਤਲ ਕਰਨ ਵਰਗੇ ਵਾਕੇ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿੱਚ ਆਮ ਵਰਤਾਰੇ ਹਨ)

ਇੱਥੇ ਸਮਾਜ ਵਿੱਚ ਫੈਲੇ ਅਜਿਹੇ ਵਹਿਮ, ਭਰਮ ਅਤੇ ਅੰਧਵਿਸ਼ਵਾਸੀ ਜਹਾਲਤ ਦੇ ਲੋਕ ਮਨਾਂ, ਖਾਸ ਕਰਕੇ ਸਮਾਜ ਦੇ ਪਛੜੇ ਵਰਗ ਦੇ ਮਨਾਂ ਵਿੱਚ, ਪਏ ਹਨੇਰੇ ਦੀ ਜੇ ਗੱਲ ਕਰੀਏ ਤਾਂ ਇਹ ਬਹੁਤ ਡੂੰਘਾ ਪਿਆ ਹੋਇਆ ਹੈ। ਚੇਲੇ ਦੀ ਗਿਰਫ਼ਤ ਵਿੱਚ ਫਸਿਆ ਪਰਿਵਾਰ ਜੇ ਕੁੱਝ ਕੁ ਚੇਤਨ ਹੁੰਦਾ ਤਾਂ ਇਸ ਬਲੀ ਕਾਂਡ ਦ ਗੁਨਾਹ ਅਤੇ ਕਲੰਕ ਤੋਂ ਬਚ ਸਕਦਾ ਸੀ-ਕਿਵੇਂ ? ਪਰਿਵਾਰ ਇਹਨਾਂ ਬਲੀ ਦੇ ਨਾਂ 'ਤੇ ਕਤਲ ਕੀਤੇ ਬੱਚਿਆਂ ਵਿੱਚੋਂ ਹੀ ਇਕ ਬੱਚੇ (ਲੜਕੇ ਜਾਂ ਲੜਕੀ) ਨੂੰ ਉਸ ਧੀ ਦੀ ਝੋਲੀ ਪਾਕੇ ਗੋਦਨਾਮਾ ਕਰਵਾ ਦਿੰਦਾ। ਦੋਵੇਂ ਬੱਚਿਆਂ ਦੀ ਜਾਨ ਵੀ ਸਲਾਮਤ ਰਹਿੰਦੀ ਤੇ ਪਾਲਣ ਪੋਸ਼ਣ ਪੜ੍ਹਾਈ ਲਿਖਾਈ ਵੀ ਚੰਗੀ ਕਰ ਸਕਦੇ ਤੇ ਦੋਵੇਂ ਪਰਿਵਾਰ ਵੀ ਸੁਖੀ ਵਸਦੇ। ਪਰ ਅਜਿਹਾ ਤਦ ਹੀ ਹੋ ਸਕਦੈ ਜੇਕਰ ਸਾਡੇ ਭਾਰਤੀ ਲੋਕਾਂ ਦਾ ਸੋਚਣ ਢੰਗ ਤਰਕਵਾਦੀ ਅਤੇ ਮਾਨਸਿਕ ਨਜ਼ਰੀਆ ਵਿਗਿਆਨਕ ਬਣੇ। ਇਸ ਲੋਕ ਚੇਤਨਾ ਲਈ ਅਜੇ ਸਮਾਜ ਦੇ ਅਗਾਂਹ ਵਧੂ ਅਖਵਾਉਣ ਵਾਲੇ ਤਬਕਿਆਂ ਨੂੰ ਬਹੁਤ ਜਦੋ-ਜਹਿਦ ਕਰਨ ਅਤੇ ਸਮਾਜ ਦੇ ਲੋਕਾਂ ਨੂੰ ਹਰ ਪੱਖੋ ਸਹਿਯੋਗ ਦੇਣ ਦੀ ਲੋੜ ਹੈ।

ਰਿਪੋਰਟ- ਰਾਮ ਸਿੰਘ ਨਿਰਮਾਣ/ ਰਾਜਪਾਲ ਸਿੰਘ

ਜਦੋਂ ਕਿਸੇ ਹੋਰ ਦੀ ਗਲਤੀ ਮਨ 'ਤੇ ਭਾਰ ਪਾ ਬੈਠੀ

ਕਈ ਵਾਰ ਸੰਵੇਦਨਸ਼ੀਲ ਵਿਅਕਤੀ ਪਰਿਵਾਰ ਦੇ ਕਿਸੇ ਹੋਰ ਮੈਂਬਰ ਦੀਆਂ ਗਲਤੀਆਂ ਦਾ ਬੋਝ ਆਪਣੇ ਮਨ ਉੱਪਰ ਲੈ ਕੇ ਮਨੋਰੋਗੀ ਬਣ ਜਾਂਦਾ ਹੈ। ਇਸ ਦੀ ਮਿਸਾਲ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਧੂਰੀ ਇਕਾਈ ਵੱਲੋਂ ਸਫ਼ਲਤਾ ਪੂਰਵਕ ਹੱਲ ਕੀਤੇ ਗਏ ਇੱਕ ਮਨੋਰੋਗੀ ਦੇ ਕੇਸ ਤੋਂ ਮਿਲਦੀ ਹੈ। ਧੂਰੀ ਇਕਾਈ ਦੇ ਪ੍ਰਧਾਨ ਰਜਿੰਦਰ ਰਾਜੂ ਦੇ ਕੋਲ ਉਸ ਦੇ ਪਰਿਵਾਰਕ ਡਾਕਟਰ ਰਾਹੀਂ ਇੱਕ ਲੜਕੀ ਦਾ ਕੇਸ ਆਇਆ ਜਿਸਨੂੰ ਕੋਈ ਗੰਭੀਰ ਬੀਮਾਰੀ ਸਮਝੀ ਜਾ ਰਹੀ ਸੀ। ਲੜਕੀ ਨੂੰ ਘਬਰਾਹਟ ਹੋਣ ਤੋਂ ਬਾਅਦ ਉਸਦੇ ਹੱਥ ਮੁੜ ਜਾਂਦੇ ਸੀ ਅਤੇ ਉਸਨੂੰ ਦੌਰੇ ਪੈਂਦੇ ਸਨ। ਪਰਿਵਾਰ ਗਰੀਬ ਹੋਣ ਦੇ ਬਾਵਜੂਦ ਵੀ ਲੜਕੀ ਨੂੰ ਸਥਾਨਕ ਅਤੇ ਬਾਹਰਲੇ ਨਾਮੀ ਹਸਪਤਾਲਾਂ ਦੇ ਡਾਕਟਰਾਂ ਨੂੰ ਵਿਖਾਇਆ ਗਿਆ। ਟੈਸਟ ਰਿਪੋਰਟਾਂ ਵਿੱਚ ਵੀ ਕਿਸੇ ਬਿਮਾਰੀ ਦਾ ਕੋਈ ਲੱਛਣ ਨਹੀਂ ਆਉਂਦਾ ਸੀ। ਪੀੜਤ ਮਾਪੇ ਆਪਣੀ ਲੜਕੀ, ਜੋ ਕਿ ਪੜ੍ਹਾਈ ਵਿੱਚ ਹੁਸ਼ਿਆਰ ਸੀ, ਦੀ ਮਾਨਸਿਕ ਸਿਹਤ ਨੂੰ ਲੈ ਕੇ ਚਿੰਤਤ ਸਨ। ਰਜਿੰਦਰ ਰਾਜੂ ਨੇ ਇਸ ਸਬੰਧੀ ਮੇਰੇ ਨਾਲ ਗੱਲ ਕੀਤੀ ਅਤੇ ਲੜਕੀ ਦੀ ਗੰਭੀਰ ਮਾਨਸਿਕ ਹਾਲਤ ਕਾਰਨ ਲੜਕੀ ਨੂੰ ਮਿਲਣ ਲਈ ਜਲਦੀ ਸਮਾਂ ਨਿਸ਼ਚਿਤ ਕਰਨ ਬਾਰੇ ਕਿਹਾ। ਅਗਲੇ ਦਿਨ ਹੀ ਮੈਂ ਤੇ ਰਜਿੰਦਰ ਰਾਜੂ ਮਿਥੇ ਸਮੇਂ 'ਤੇ ਲੜਕੀ ਦੇ ਘਰ ਪਹੁੰਚ ਗਏ।

ਸਭ ਤੋਂ ਪਹਿਲਾਂ ਲੜਕੀ ਦੇ ਮਾਪਿਆਂ ਨਾਲ ਲੜਕੀ ਦੀ ਬੀਮਾਰੀ ਬਾਰੇ ਗੱਲਬਾਤ ਕੀਤੀ ਗਈ। ਉਸ ਦੀ ਪੜ੍ਹਾਈ-ਲਿਖਾਈ ਬਾਰੇ ਵੀ ਗੱਲ ਕੀਤੀ ਗਈ। ਉਹਨਾਂ ਦੱਸਿਆ ਕਿ, "ਲੜਕੀ ਸੰਵੇਦਨਸ਼ੀਲ ਪ੍ਰਵਿਰਤੀ ਦੀ ਮਾਲਕ ਹੈ, ਪੜ੍ਹਾਈ ਵਿੱਚ ਹੁਸ਼ਿਆਰ ਹੈ। ਉਹ ਉਚੇਰੀ ਪੜ੍ਹਾਈ ਪੜ੍ਹ ਕੇ ਕੁੱਝ ਬਣਨਾ ਚਾਹੁੰਦੀ ਹੈ ਪ੍ਰੰਤੂ ਬਿਮਾਰੀ ਕਾਰਨ ਉਸ ਦੀ ਪੜ੍ਹਾਈ ਅੱਧਵਾਟੇ ਛੁਟਦੀ ਨਜ਼ਰ ਆ ਰਹੀ ਹੈ।" ਲੜਕੀ ਦੀ ਦੋ ਸਾਲ ਦੀ ਬਿਮਾਰੀ ਕਾਰਨ ਗਰੀਬ ਪਰਿਵਾਰ ਦੀ ਆਰਥਿਕ ਹਾਲਤ ਹੋਰ ਪਤਲੀ ਹੁੰਦੀ ਜਾ ਰਹੀ ਸੀ। ਫਿਰ ਲੜਕੀ ਨੂੰ ਭਰੋਸੇ ਵਿੱਚ ਲੈ ਕੇ ਉਸਦੀ ਬੀਮਾਰੀ ਬਾਰੇ ਪੁੱਛਗਿੱਛ ਕੀਤੀ ਗਈ। ਕੁੱਝ ਚਿਰ ਆਨਾਕਾਨੀ ਤੋਂ ਬਾਅਦ ਲੜਕੀ ਪੂਰੀ ਤਰ੍ਹਾਂ ਮਨ ਦੀ ਗੱਲ ਕਹਿਣ ਲਈ ਰਾਜੀ ਹੋ ਗਈ। ਇਹ ਸਾਰਾ ਕੁੱਝ ਲੜਕੀ ਨੇ ਆਪਣੀ ਛੋਟੀ ਭੈਣ ਨੂੰ ਸਿੱਧੇ ਰਸਤੇ 'ਤੇ ਲਿਆਉਣ ਲਈ ਕੀਤਾ ਸੀ ਜੋ ਉਸ ਦੇ ਦੱਸਣ ਮੁਤਾਬਕ ਗਲਤ ਰਸਤੇ 'ਤੇ ਪੈ ਚੁੱਕੀ ਸੀ। ਸਾਡੇ ਵੱਲੋ ਉਸਨੂੰ ਉਸਾਰੂ ਸੁਝਾਅ ਦਿੱਤੇ ਗਏ। ਫਿਰ ਉਸ ਅੱਗੇ ਬਿਹਤਰ ਸਿਹਤਮੰਦ ਜ਼ਿੰਦਗੀ ਅਤੇ ਰੋਗੀ ਜ਼ਿੰਦਗੀ ਦਾ ਖਾਕਾ ਖਿੱਚਿਆ ਗਿਆ, ਬਾਕੀ ਪੰਨਾ 30 'ਤੇ

ਪਰਦਾਫਾਸ਼

ਅੱਖਾਂ ਬੰਦ ਕਰਕੇ ਨੱਕ ਨਾਲ ਸੁੰਘ ਕੇ ਪੜ੍ਹਨ ਦਾ ਪਾਖੰਡ



ਮਾਸਟਰ ਸੁਭਾਸ਼ ਤਰਕਸ਼ੀਲ

ਤਰਕਸ਼ੀਲ ਸੁਸਾਇਟੀ ਹਰਿਆਣਾ ਸਮਾਜ ਵਿੱਚ ਫੈਲੇ ਅੰਧ-ਵਿਸ਼ਵਾਸਾਂ ਨੂੰ ਦੂਰ ਕਰਦੀ ਆ ਰਹੀ ਹੈ ਅਤੇ ਸਮੇਂ-ਸਮੇਂ 'ਤੇ ਹੋਣ ਵਾਲੇ ਪਾਖੰਡਾਂ ਦਾ ਵੀ ਪਰਦਾਫਾਸ਼ ਕਰਦੀ ਹੈ। ਇਸੇ ਕੜੀ ਵਿੱਚ ਤਰਕਸ਼ੀਲ ਸੁਸਾਇਟੀ ਹਰਿਆਣਾ ਨੇ 5 ਮਾਰਚ 2023 ਨੂੰ ਇੱਕ ਪਾਖੰਡ ਦਾ ਪਰਦਾਫਾਸ਼ ਕੀਤਾ, ਜਿਸ ਵਿੱਚ ਜ਼ਿਲ੍ਹਾ ਹਿਸਾਰ ਹਰਿਆਣਾ ਦੀ ਇੱਕ ਸੰਸਥਾ ਵਿਜ਼ਡਮ ਆਫ ਮਾਈਂਡ ਨੇ ਦਾਅਵਾ ਕੀਤਾ ਕਿ ਉਹ ਬੱਚਿਆਂ ਨੂੰ ਵਿਸ਼ੇਸ ਸਿਖਲਾਈ ਦੇ ਕੇ ਅੱਖਾਂ ਬੰਦ ਕਰਕੇ ਪੜ੍ਹਨਾ ਸਿਖਾਉਂਦੇ ਹਨ। ਜਦੋਂ ਤਰਕਸ਼ੀਲ ਸੁਸਾਇਟੀ ਹਰਿਆਣਾ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਤਾਂ ਉਨ੍ਹਾਂ ਨੇ ਇਹ ਚੁਣੌਤੀ ਸਵੀਕਾਰ ਕਰਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਬੱਚੇ ਅੱਖਾਂ ਬੰਦ ਕਰਕੇ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਦੇ ਸਾਹਮਣੇ ਪੜ੍ਹਕੇ ਦਿਖਾਉਣਗੇ।

ਪੂਰੀ ਘਟਨਾ ਤੋਂ ਪਹਿਲਾਂ ਅਸੀਂ ਤੁਹਾਨੂੰ ਵਿਜ਼ਡਮ ਆਫ਼ ਮਾਈਂਡ ਸੰਸਥਾ ਅਤੇ ਉਨ੍ਹਾਂ ਦੇ ਦਾਅਵਿਆਂ ਬਾਰੇ ਦੱਸਦੇ ਹਾਂ। ਜ਼ਿਲ੍ਹਾ ਹਿਸਾਰ ਹਰਿਆਣਾ ਵਿੱਚ ਵਿਜ਼ਡਮ ਆਫ਼ ਮਾਈਂਡ ਨਾਮ ਦੀ ਸੰਸਥਾ ਚਲਾਈ ਜਾ ਰਹੀ ਹੈ। ਡਾ: ਜਤਿੰਦਰ ਜਾਂਗੜਾ ਇਸ ਸੰਸਥਾ ਦੇ ਡਾਇਰੈਕਟਰ ਹਨ।

ਵਿਜ਼ਡਮ ਆਫ਼ ਮਾਈਂਡ ਸੰਸਥਾ ਦੇ ਡਾਇਰੈਕਟਰ ਡਾ: ਜਤਿੰਦਰ ਜਾਂਗੜਾ ਦਾ ਦਾਅਵਾ ਇਸ ਤਰ੍ਹਾਂ ਹੈ-

1. ਕੋਈ ਵੀ ਮਨੁੱਖ ਅੱਖਾਂ ਤੋਂ ਬਿਨ੍ਹਾਂ ਵੀ ਦੇਖ ਸਕਦਾ ਹੈ।
2. ਮਨੁੱਖ ਦਾ ਤੀਜਾ ਨੇਤਰ ਵਿਸ਼ੇਸ਼ ਸਿਖਲਾਈ ਦੁਆਰਾ ਜਾਗ੍ਰਿਤ ਕੀਤਾ ਜਾ ਸਕਦਾ ਹੈ।
3. ਬੱਚੇ ਸੁੰਘ ਕੇ ਵੀ ਪੜ੍ਹ ਸਕਦੇ ਹਨ।
4. ਬੱਚੇ ਕੰਨ ਲਗਾ ਕੇ ਵੀ ਪੜ੍ਹ ਸਕਦੇ ਹਨ।
5. ਬੱਚੇ ਛੂਹ ਕੇ ਵੀ ਪੜ੍ਹ ਸਕਦੇ ਹਨ।

ਡਾ. ਜਤਿੰਦਰ ਜਾਂਗੜਾ ਇਸ ਨੂੰ ਜਾਪਾਨ ਦੀ ਤਕਨੀਕ ਕਹਿੰਦੇ ਹਨ। ਆਪਣੇ ਫੇਸਬੁੱਕ ਪੇਜ 'ਤੇ ਵੀ ਇਸ ਨੂੰ ਪੁਰਾਤਨ ਸਾਧੂਆਂ ਦੀ ਤਕਨੀਕ ਦੱਸਿਆ ਗਿਆ ਹੈ। ਇੱਕ ਹਫ਼ਤੇ ਦੇ ਅੰਦਰ-ਅੰਦਰ ਬੱਚਿਆਂ ਨੂੰ ਅੱਖਾਂ ਬੰਦ ਕਰਕੇ ਪੜ੍ਹਨਾ ਸਿਖਾਇਆ ਜਾਂਦਾ ਹੈ।

ਇਸ ਤਰ੍ਹਾਂ ਇਹ ਸੰਸਥਾ ਬੱਚਿਆਂ ਨੂੰ ਸਿਖਲਾਈ ਦਿੰਦੀ ਹੈ ਅਤੇ ਹਜ਼ਾਰਾਂ ਰੁਪਏ ਫੀਸ ਵਜੋਂ ਵਸੂਲਦੀ ਹੈ। ਇਹ ਸੰਸਥਾ ਕਈ ਸਕੂਲਾਂ ਵਿੱਚ ਅਜਿਹੇ ਪ੍ਰਦਰਸ਼ਨ ਵੀ ਕਰਵਾਉਂਦੀ ਹੈ ਅਤੇ ਇਨ੍ਹਾਂ ਵੱਲੋਂ ਸਿਖਲਾਈ ਪ੍ਰਾਪਤ ਬੱਚੇ ਅੱਖਾਂ ਬੰਦ ਕਰਕੇ ਪੜ੍ਹਦੇ ਹਨ। ਅਜਿਹੇ ਬੱਚਿਆਂ ਨੇ ਇਹ 'ਕਾਰਨਾਮਾ' ਟੀ.ਵੀ. 'ਤੇ ਵੀ ਕੀਤਾ। ਇੱਕ ਲੜਕੀ, ਜੋ ਡਾਕਟਰ ਜਤਿੰਦਰ ਦੀ ਧੀ ਹੈ, ਜਿਸਦਾ ਨਾਮ ਰੀਆ ਜਾਂਗੜਾ ਹੈ, ਨੂੰ ਵੰਡਰ ਗਰਲ ਵੀ ਕਿਹਾ ਜਾਂਦਾ ਹੈ। ਹਰਿਆਣਾ ਦੇ ਰਾਜਪਾਲ ਨੇ ਵੀ ਰੀਆ ਜਾਂਗੜਾ ਨੂੰ ਸਨਮਾਨਿਤ ਕੀਤਾ ਹੈ। ਰੀਆ ਜਾਂਗੜਾ ਦੀਆਂ ਅੱਖਾਂ 'ਤੇ ਪੱਟੀ ਬੰਨ੍ਹਣ ਦੀਆਂ ਕਈ ਵੀਡੀਓਜ ਤੁਸੀਂ ਫੇਸਬੁੱਕ ਅਤੇ ਯੂਟਿਊਬ ਚੈਨਲ 'ਤੇ ਦੇਖ ਸਕਦੇ ਹੋ।

ਚੁਣੌਤੀ ਦਾ ਮੁੱਢ

ਆਪਣੇ ਪ੍ਰਚਾਰ ਲਈ ਵਿਜ਼ਡਮ ਆਫ਼ ਮਾਈਂਡ ਸੰਸਥਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੋਭੀ ਜ਼ਿਲ੍ਹਾ ਹਿਸਾਰ ਵਿਖੇ ਇੱਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉਪਰੋਕਤ ਦਾਅਵੇ ਵੀ ਕੀਤੇ ਗਏ ਸਨ।

ਮੈਨੂੰ ਇਸ ਪ੍ਰੋਗਰਾਮ ਬਾਰੇ ਵਟਸਐਪ ਰਾਹੀਂ ਪਤਾ ਲੱਗਾ। ਮੇਰੇ ਇੱਕ ਸਾਥੀ ਅਧਿਆਪਕ ਮਾਸਟਰ ਰਾਜੇਸ਼ ਬੈਨੀਵਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੋਭੀ ਵਿੱਚ ਕੰਮ ਕਰਦੇ ਹਨ। ਉਸ ਨੇ ਮੈਨੂੰ ਵਟਸਐਪ ਰਾਹੀਂ ਇਸ ਬਾਰੇ ਜਾਣਕਾਰੀ ਦਿੱਤੀ। ਮੈਂ ਉਸਨੂੰ ਕਿਹਾ ਕਿ ਅੱਖਾਂ ਬੰਦ ਕਰਕੇ ਪੜ੍ਹਨਾ ਅਸੰਭਵ ਹੈ, ਵਿਜ਼ਡਮ ਮਾਈਂਡ ਦੇ ਦਾਅਵੇ ਝੂਠੇ ਹਨ। ਤੁਸੀਂ ਆਪਣੇ ਵਿਦਿਆਰਥੀਆਂ ਨੂੰ ਇਸ ਸੰਸਥਾ ਦੇ ਮਾਮਲੇ ਵਿੱਚ ਆਪਣਾ ਪੈਸਾ ਬਰਬਾਦ ਨਾ ਕਰਨ ਲਈ ਕਹੋ। ਮੈਂ ਉਸ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਸ ਵੱਲੋਂ ਸਿਖਲਾਈ ਪ੍ਰਾਪਤ ਬੱਚੇ ਮੇਰੇ ਸਾਹਮਣੇ ਪੜ੍ਹਾਈ ਕਰਨਗੇ ਤਾਂ ਮੈਂ ਉਕਤ ਸੰਸਥਾ ਨੂੰ 100000 ਰੁਪਏ ਦਾ ਇਨਾਮ ਦੇਵਾਂਗਾ।

ਜਦੋਂ ਉਸਨੇ ਇਹ ਗੱਲ ਵਿਜ਼ਡਮ ਮਾਈਂਡ ਸੰਸਥਾ ਦੇ ਮੈਂਬਰਾਂ ਨੂੰ ਦੱਸੀ ਤਾਂ ਉਨ੍ਹਾਂ ਨੇ ਮੇਰਾ ਚੈਲੇਂਜ ਕਬੂਲ ਕਰਨ ਦੇ ਨਾਲ-ਨਾਲ ਮੇਰੇ ਦੋਸਤ ਰਾਜੇਸ਼ ਮਾਸਟਰ ਦੇ ਖਾਤੇ ਵਿੱਚ ਸਕਿਓਰਿਟੀ ਵਜੋਂ 10,000 ਰੁ. ਵੀ ਜਮ੍ਹਾ ਕਰਵਾ ਦਿੱਤੇ। ਇਸ ਤੋਂ ਬਾਅਦ ਮੈਂ ਤਰਕਸ਼ੀਲ ਸੁਸਾਇਟੀ ਹਰਿਆਣਾ ਦੇ

ਪ੍ਰਧਾਨ ਫਰਿਆਦ ਸਿੰਘ ਸਨਿਆਣਾ ਨੂੰ ਸਾਰੀ ਗੱਲ ਦੱਸੀ ਤੇ ਸਮਾਂ ਦੇਣ ਲਈ ਕਿਹਾ। ਫਰਿਆਦ ਜੀ ਨੇ 5 ਮਾਰਚ 2023 ਨੂੰ ਪਿੰਡ ਡੋਭੀ (ਹਿਸਾਰ) ਜਗ੍ਹਾ ਪੱਕੀ ਕਰਨ ਲਈ ਕਿਹਾ।

ਚੁਣੌਤੀ ਵਾਲਾ ਦਿਨ

ਇਹ ਪ੍ਰੋਗਰਾਮ 5 ਮਾਰਚ 2023 ਨੂੰ ਨਿਰਧਾਰਿਤ ਸਮੇਂ ਅਤੇ ਸਥਾਨ ’ਤੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਵਿਜ਼ਡਮ ਆਫ਼ ਮਾਈਂਡ ਦੀ ਤਰਫੋਂ ਡਾ: ਜਤਿੰਦਰ ਜਾਂਗੜਾ, ਸੁਭਾਸ਼ ਫੌਜੀ, ਜਤਿੰਦਰ ਜਾਂਗੜਾ ਦੀ ਬੇਟੀ ਰੀਆ ਜਾਂਗੜਾ, ਸੁਭਾਸ਼ ਫੌਜੀ ਦਾ ਬੇਟਾ ਹਰਸ਼ਵੀਰ ਹਾਜਰ ਸਨ। ਇਸ ਮੌਕੇ ਫਰਿਆਦ ਸਨਿਆਣਾ, ਐਡਵੋਕੇਟ ਅਜੈ ਭੂਨਾ, ਰਮੇਸ਼ ਚਮਾਰ ਖੇੜਾ, ਸੁਰੇਸ ਆਰੀਆ, ਮਾਸਟਰ ਗੋਰਾ ਸਿੰਘ, ਮਾਸਟਰ ਪ੍ਰਹਿਲਾਦ, ਮਾਸਟਰ ਹਰਪਾਲ, ਮਾਸਟਰ ਪ੍ਰਮੋਦ ਡੋਭੀ ਅਤੇ ਮਾਸਟਰ ਸੁਭਾਸ਼ ਤਰਕਸ਼ੀਲ ਢਾਣੀ ਮੁਹੱਬਤਪੁਰ, ਸੁਭਾਸ਼ ਪੂਨੀਆ ਤਰਕਸ਼ੀਲ ਆਦਿ ਸਨ ਅਤੇ ਪਿੰਡ ਦੇ ਸਰਪੰਚ, ਵੱਡੀ ਗਿਣਤੀ ’ਚ ਪਿੰਡ ਦੇ ਪਤਵੰਤੇ ਸੱਜਣਾਂ ਸਮੇਤ ਹੋਰ ਨੇੜਲੇ ਪਿੰਡਾਂ ਦੇ ਸਰਪੰਚ ਵੀ ਹਾਜਰ ਸਨ। ਇਸ ਤਰ੍ਹਾਂ ਇਸ ਪ੍ਰੋਗਰਾਮ ਵਿੱਚ 200 ਦੇ ਕਰੀਬ ਵਿਅਕਤੀ ਹਾਜਰ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਵਿਜ਼ਡਮ ਆਫ਼ ਮਾਈਂਡ ਦੇ ਮੈਂਬਰਾਂ ਨੇ ਆਪਣੇ ਦਾਅਵੇ ਨੂੰ ਦੁਹਰਾਇਆ। ਤਰਕਸ਼ੀਲ ਸੁਸਾਇਟੀ ਦੀ ਤਰਫੋਂ ਐਡਵੋਕੇਟ ਅਜੈ ਨੇ ਉਪਰੋਕਤ ਦਾਅਵਿਆਂ ਤੋਂ ਇਨਕਾਰ ਕੀਤਾ। ਮੈਂ ਪੂਰੀਆਂ ਸ਼ਰਤਾਂ ਬਾਰੇ ਜਾਣੂ ਕਰਵਾਇਆ। ਸ਼ਰਤ ਇਹ ਸੀ ਕਿ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਆਪਣੇ ਤਰੀਕੇ ਨਾਲ ਅੱਖਾਂ ਬੰਦ ਕਰਨ ਦਾ ਕੰਮ ਕਰਨਗੇ। 100000 ਰੁਪਏ ਦਾ ਚੈੱਕ ਜਮ੍ਹਾਂ ਕਰਵਾਇਆ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਹਰਸ਼ਵੀਰ ਨਾਂ ਦੇ ਲੜਕੇ ਨੇ ਭਾਗ ਲਿਆ। ਤਰਕਸ਼ੀਲ ਸੁਸਾਇਟੀ ਦੀ ਤਰਫੋਂ ਫਰਿਆਦ ਸਿੰਘ ਅਤੇ ਅਜੈ ਐਡਵੋਕੇਟ ਨੇ ਕੰਮ ਸੰਭਾਲਿਆ। ਹਰਸ਼ਵੀਰ ਦੀਆਂ ਅੱਖਾਂ ’ਤੇ ਸਵੀਮਿੰਗ ਪੂਲ ਵਾਲੀਆਂ ਐਨਕਾਂ ਲਗਾਈਆਂ ਗਈਆਂ, ਜਿਸ ਵਿੱਚ ਰੂੰ ਪਾਈ ਹੋਈ ਸੀ। ਬੰਦ ਐਨਕਾਂ ਲਾਉਣ ਤੋਂ ਬਾਅਦ ਬੱਚੇ ਨੇ ਕਿਤਾਬ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਪੜ੍ਹ ਨਾ ਸਕਿਆ।

ਬੱਚੇ ਨੇ ਸੁੰਘ ਕੇ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਪੜ੍ਹ ਨਾ ਸਕਿਆ। ਇਸ ਤਰ੍ਹਾਂ 10 ਮਿੰਟ ਤੱਕ ਅਧਿਐਨ ਨਾ ਕਰਨ ਕਾਰਨ ਪਹਿਲੀ ਕੋਸ਼ਿਸ਼ ਨੂੰ ਅਸਫ਼ਲ ਮੰਨਿਆ ਗਿਆ। ਵਿਜ਼ਡਮ ਆਫ਼ ਮਾਈਂਡ ਦੇ ਮੈਂਬਰਾਂ ਨੇ ਬੱਚੇ ਦੇ ਮਨ ’ਤੇ ਤਣਾਅ ਬਾਰੇ ਗੱਲ ਕੀਤੀ। ਇਸ ਤੋਂ ਬਾਅਦ ਡਾ. ਜਤਿੰਦਰ ਦੀ ਬੇਟੀ ਰੀਆ ਨੂੰ ਪੜ੍ਹਨ ਲਈ ਕਿਹਾ ਗਿਆ। ਐਨਕਾਂ ਵਿਚ ਦੇਖਣ ਦੀ ਕੋਈ ਗੁੰਜਾਇਸ਼ ਨਾ ਹੋਣ ਕਰਕੇ ਉਹ ਪੱਟੀ ਦੇ ਹੇਠਾਂ ਤੋਂ ਦੇਖਣ ਦੀ ਕੋਸ਼ਿਸ਼ ਕਰ ਰਹੀ ਸੀ। ਪਰ ਜਦੋਂ ਦੁਬਾਰਾ ਐਨਕ ਲਗਾ ਕੇ ਪੜ੍ਹਨ ਲਈ ਕਿਹਾ ਤਾਂ ਉਹ ਨਾ ਪੜ੍ਹਨ ਦਾ ਬਹਾਨਾ ਬਣਾਉਣ ਲੱਗੀ ਤਾਂ ਉਸ ਨੇ ਕਿਹਾ ਕਿ ਉਸ ਦੇ ਦਿਮਾਗ ’ਤੇ ਤਣਾਅ ਆ ਗਿਆ ਹੈ ਅਤੇ ਉਹ ਪੜ੍ਹ ਨਹੀਂ ਸਕਦੀ।

ਦਾਅਵੇ ਹੋਏ ਠੁੱਸ

ਇਸ ’ਤੇ ਵਿਜ਼ਡਮ ਆਫ਼ ਮਾਈਂਡ ਦੇ ਮੈਂਬਰਾਂ ਨੇ ਕਿਹਾ ਕਿ ਅੱਜ ਲੜਕੀ ਪੜ੍ਹਾਈ ਨਹੀਂ ਕਰ ਸਕੇਗੀ। ਸਾਨੂੰ 10 ਦਿਨ ਦਾ ਸਮਾਂ ਦਿੱਤਾ ਜਾਵੇ, ਉਸ ਤੋਂ ਬਾਅਦ ਉਹ ਪੜ੍ਹ ਕੇ ਦਿਖਾਵੇਗੀ ਅਤੇ ਉਨ੍ਹਾਂ ਨੇ ਸਵੀਕਾਰ ਕੀਤਾ ਕਿ ਅਸੀਂ ਅੱਜ ਦੀ ਬਾਜੀ ਹਾਰ ਗਏ ਹਾਂ ਅਤੇ ਸਾਡੀ 10,000 ਰੁਪਏ ਦੀ ਜ਼ਮਾਨਤ ਰਾਸ਼ੀ ਤਰਕਸ਼ੀਲ ਸੁਸਾਇਟੀ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਉਨ੍ਹਾਂ 10 ਦਿਨਾਂ ਦਾ ਹੋਰ ਸਮਾਂ ਦਿੰਦਿਆਂ ਕਿਹਾ ਕਿ ਇਸ ਵਾਰ ਉਹ 100000 ਰੁਪਏ ਸਕਿਓਰਿਟੀ ਵਜੋਂ ਜਮ੍ਹਾ ਕਰਵਾਉਣਗੇ ਅਤੇ ਸਾਡੇ ਬੱਚੇ ਕਿਤਾਬ ਨੂੰ ਸਿਰ ’ਤੇ ਰੱਖ ਕੇ ਜਾਂ ਪਿੱਠ ਪਿੱਛੇ ਵੀ ਪੜ੍ਹਨਗੇ। ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੇ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਅਤੇ ਉਨ੍ਹਾਂ ਨੂੰ 10 ਦਿਨ ਦਾ ਸਮਾਂ ਦਿੱਤਾ ਗਿਆ।

15 ਦਿਨਾਂ ਦਾ ਸਮਾਂ ਲੰਘਣ ਤੋਂ ਬਾਅਦ ਵੀ ਸੰਪਰਕ ਕਰਨ ’ਤੇ ਮੁੜ ਉਹਨਾਂ ਕੋਈ ਦਾਅਵਾ ਨਹੀਂ ਕੀਤਾ। ਇੰਝ ਉਹਨਾਂ ਦੇ ਪਾਖੰਡ ਦੀ ਪੋਲ ਖੁੱਲ੍ਹ ਗਈ। ਇੰਝ ਇੱਕ ਪਾਖੰਡ ਦਾ ਪਰਦਾਫਾਸ਼ ਹੋਇਆ।

ਢਾਣੀ ਮੁਹੱਬਤਪੁਰ (ਹਿਸਾਰ) ਹਰਿਆਣਾ 9992288559


ਮਾਯੂਸੀ ਕਿਉਂ !



ਜੇਕਰ ਮੈਂ ਇਸ ਅਪੰਗਤਾ ਦੇ ਬਾਵਜੂਦ ਕਾਮਯਾਬ ਹੋ ਸਕਦਾ ਹਾਂ, ਜੇਕਰ ਮੈਂ ਮੈਡੀਕਲ ਸਾਇੰਸ ਨੂੰ ਹਾਰ ਦੇ ਸਕਦਾ ਹਾਂ, ਜੇਕਰ ਮੈਂ ਮੌਤ ਦਾ ਰਸਤਾ ਰੋਕ ਸਕਦਾ ਹਾਂ, ਤਾਂ ਤੁਸੀਂ ਲੋਕ ਜਿਨ੍ਹਾਂ ਦੇ ਸਾਰੇ ਅੰਗ ਸਲਾਮਤ ਹਨ, ਜੋ ਚੱਲ ਸਕਦੇ ਹਨ, ਜੋ ਦੋਨਾਂ ਹੱਥਾਂ ਨਾਲ ਕੰਮ ਕਰ ਸਕਦੇ ਹਨ, ਜੋ ਖਾ ਪੀ ਸਕਦੇ ਹਨ, ਜੋ ਕਹਿ ਕਹਾ ਲਗਾ ਸਕਦੇ ਹਨ ਅਤੇ ਜੋ ਆਪਣੇ ਤਮਾਮ ਖ਼ਿਆਲ ਦੂਜੇ ਲੋਕਾਂ ਤੱਕ ਪਹੁੰਚਾ ਸਕਦੇ ਹਨ ਉਹ ਕਿਉਂ ਮਾਯੂਸ ਹਨ ? **- ਸਟੀਫਨ ਹਾਕਿੰਗ**

ਕੇਸ ਰਿਪੋਰਟ:

ਇੰਝ ਹੋਇਆ ਕੱਪੜੇ ਸੜਨ ਵਾਲੀਆਂ ਘਟਨਾਵਾਂ ਦਾ ਅੰਤ



- ਸ਼ਮਸ਼ੇਰ ਨੂਰਪੁਰੀ

ਜ਼ੋਨ ਦੀ ਮੀਟਿੰਗ ਖਤਮ ਹੁੰਦਿਆਂ ਹੀ ਪੀੜ੍ਹਤ ਔਰਤ ਨੇ ਦੱਸਿਆ, "ਵੀਰ ਜੀ ਘਰ ਬੇਘਰ ਹੋਇਆ ਪਿਆ, ਅਜੀਬੋ ਗਰੀਬ ਘਟਨਾਵਾਂ ਵਾਪਰ ਰਹੀਆਂ ਨੇ । ਅਲਮਾਰੀ 'ਚ ਪਏ ਕੱਪੜੇ ਸੜ ਜਾਂਦੇ ਨੇ ਤੇ ਹੋਰ ਵੀ।" ਹੁਣ ਤੱਕ ਕਰਵਾਏ ਇਲਾਜ ਬਾਰੇ ਪੁੱਛਣ 'ਤੇ ਉਹ ਕਹਿਣ ਲੱਗੀ "ਬਥੇਰੇ ਸਾਧਾਂ ਸੰਤਾਂ ਤੋਂ ਪੁੱਛਿਆ, ਸਭ ਨੇ ਆਪਣੀ-ਆਪਣੀ ਦੱਸੀ ਆ। ਆਪਣੇ ਆਪਣੇ ਇਲਾਜ ਕਰਨ ਲਈ ਸਭ ਨੇ ਲੁੱਟਿਆ, ਪਰ ਸਭ ਕੁਸ਼ ਓਸੇ ਤਰ੍ਹਾਂ ਹੋਈ ਜਾਂਦਾ। ਕੋਈ ਸਮਝ ਨੀ ਆਉਂਦੀ।" "ਮੇਰੀ ਸਹੇਲੀ ਨੂੰ ਤੁਹਾਡੇ ਬਾਰੇ ਕਿਸੇ ਨੇ ਦੱਸ ਪਾਈ ਤਾਂ ਅਸੀਂ ਤੁਹਾਡੇ ਤੋਂ ਬਹੁਤ ਆਸ ਲੈ ਕੇ ਆਏ ਹਾਂ, ਉਂਝ ਸਾਨੂੰ ਸ਼ੱਕ ਤਾਂ ਹੈ ਪਰ ਤੁਸੀਂ ਇਕ ਵਾਰੀ ਦੋਸ਼ੀ ਦਾ ਨਾ ਦੱਸ ਦਿਓ, ਫਿਰ ਮੈਂ ਜਾਣਾ ਜਾਂ ਉਹ।" ਜ਼ੋਨ ਮੁਖੀ ਜਸਵੰਤ ਜੀਰਖ ਨੇ ਸਮਝਾਉਂਦਿਆਂ ਕਿਹਾ ਕਿ ਨਾਂ ਤਾਂ ਨਹੀਂ ਦੱਸਦੇ ਹੁੰਦੇ ਅਸੀਂ, ਪਰ ਜੋ ਘਟਨਾਵਾਂ ਵਾਪਰਦੀਆਂ ਹਨ, ਉਹ ਬੰਦ ਜ਼ਰੂਰ ਹੋ ਜਾਣਗੀਆਂ। ਸਾਡੀ ਸ਼ਰਤ ਹੈ ਕਿ ਜਿਸ ਦਿਨ ਸਾਡੀ ਟੀਮ ਤੁਹਾਡੇ ਘਰ ਆਏਗੀ, ਉਸ ਦਿਨ ਘਰ ਦੇ ਸਾਰੇ ਮੈਂਬਰ ਹਾਜ਼ਰ ਰਹਿਣ ਤੇ ਟੀਮ ਦਾ ਸਹਿਯੋਗ ਦੇਣ।" "ਜੀ ਵੀਰ ਜੀ, ਜੋ ਵੀ ਕਹੋਗੇ ਉਸੇ ਤਰ੍ਹਾਂ ਕਰਾਂਗੇ।" ਉਹ ਇਲਾਜ ਸਬੰਧੀ ਲਿਖਤੀ ਤੌਰ 'ਤੇ ਦੇਣ ਬਾਅਦ ਤਰੀਕ ਤੈਅ ਕਰਕੇ ਚਲੀ ਗਈ।

ਮਿਥੇ ਦਿਨ ਤਰਕਸ਼ੀਲ ਟੀਮ ਜਿਸ ਵਿੱਚ ਜਸਵੰਤ ਜੀਰਖ, ਬਲਰਾਜ ਸਿੰਘ ਤੇ ਮੈਂ ਸ਼ਾਮਲ ਸਾਂ, ਦਿੱਤੇ ਪਤੇ 'ਤੇ ਸਬੰਧਤ ਘਰ ਪਹੁੰਚ ਗਏ। ਘਰ ਵਿੱਚ ਮੈਡਮ, ਉਸਦੇ ਸੱਸ ਸਹੁਰਾ, ਪਤੀ ਤੇ ਦਸਵੀਂ 'ਚ ਪੜ੍ਹਦੀ ਬੇਟੀ ਨੇ ਸਤਿਕਾਰ ਨਾਲ ਜੀ ਆਇਆਂ ਕਿਹਾ। ਚਾਹ ਪੀਂਦਿਆਂ ਹੀ ਅਸੀਂ ਸਾਰੇ ਪਰਿਵਾਰ ਦੇ ਮੈਂਬਰਾਂ ਨਾਲ ਵੱਖ ਵੱਖ ਗੱਲ-ਬਾਤ ਕਰਨ ਦਾ ਢੰਗ ਤੈਅ ਕਰ ਲਿਆ। ਗੱਲ-ਬਾਤ ਦੌਰਾਨ ਉਹਨਾਂ ਦੱਸਿਆ ਕਿ ਕਿਸੇ ਵੇਲੇ ਅਸੀਂ ਪੈਟ੍ਰੋਲ ਪੰਪ ਦੇ ਮਾਲਕ ਸੀ ਤੇ ਬਹੁਤ ਵਧੀਆ ਕਾਰੋਬਾਰ ਸੀ। ਛੋਟਾ ਪੁੱਤਰ ਆਸਟ੍ਰੇਲੀਆ ਚਲਾ ਗਿਆ ਤੇ ਵਿਦੇਸ਼ੀ ਕੁੜੀ ਨਾਲ ਵਿਆਹ ਕਰਵਾ ਲਿਆ। ਅਸੀਂ ਦੋਵੇਂ ਵੀ ਉੱਥੇ ਕਈ ਵਾਰ ਚੱਕਰ ਲਾ ਆਏ ਹਾਂ। ਇੱਥੇ ਵਾਲਾ ਮੁੰਡਾ ਤੇ ਨੂੰਹ ਵੀ ਗੇੜਾ ਮਾਰ ਆਏ ਹਨ। ਉੱਥੇ ਵੀ ਘਰ ਦਾ ਸਮਾਨ ਆਦਿ ਗੁੰਮ ਹੋ ਜਾਂਦਾ ਸੀ। ਇਹ ਨੂੰਹ ਹੀ ਸਾਧਾਂ ਸੰਤਾਂ ਮਗਰ ਲੱਗੀ ਆ। ਹਰ ਹਫ਼ਤੇ ਹਸਪਤਾਲ ਜਾਣਾ ਪੈਂਦਾ ਕਿਉਂਕਿ ਮੁੰਡੇ ਦੇ ਗੁਰਦੇ ਖਰਾਬ ਹਨ।

ਘਟਨਾਵਾਂ ਦਾ ਦੌਰ:

ਸਾਨੂੰ ਨੀ ਪਤਾ ਕੱਪੜੇ ਕਿਵੇਂ ਸੜਦੇ ਆ। ਅਸੀਂ ਤਾਂ ਡਰਦੇ ਉਸਦੇ ਕਮਰੇ ਵਿੱਚ ਪੁੱਤ ਦਾ ਪਤਾ ਲੈਣ ਵੀ ਨਹੀਂ ਜਾਂਦੇ। ਅਸੀ ਕੁੱਝ ਨਹੀਂ ਕਹਿੰਦੇ, ਇਹ ਹੀ ਪਤਾ ਨੀ ਕੀ ਕੁੱਝ ਸੰਤਾਂ ਤੋਂ ਕਰਾਉਂਦੀ ਰਹਿੰਦੀ ਹੈ। ਫਿਰ ਮੈਡਮ ਨਾਲ ਗੱਲਬਾਤ ਤੁਰੀ ਤਾਂ ਟੀਮ ਨੇ ਉਸਤੋਂ ਕੋਈ ਗੱਲ ਨਾ ਲੁਕੋਣ ਤੇ ਸਹਿਯੋਗ ਦਾ ਭਰੋਸਾ ਲਿਆ। ਉਸ ਨੇ ਦੱਸਿਆ ਕਿ ਘਰ ਕੋਈ ਵੀ ਕਮਾਈ ਦਾ ਸਾਧਨ ਨਹੀਂ। ਮੇਰੇ ਪਤੀ ਦੀ ਬੀਮਾਰੀ ਗੰਭੀਰ ਹੈ। ਮੇਰਾ ਇੱਕ ਭਾਈ ਬਣਾਇਆ ਹੋਇਆ, ਉਹ ਹੀ ਸਾਡੀ ਮੱਦਦ ਕਰਦਾ। ਪਤੀ ਵਾਲੇ ਕਮਰੇ ਵਿੱਚ ਪਈ ਅਲਮਾਰੀ ਦੀਵਾਰ ਵਿੱਚ ਬਣੀ ਹੈ। ਜਿੰਦਰੇ ਹੇਠ ਪਈ ਅਲਮਾਰੀ ਵਿੱਚ ਮੇਰੇ ਨਵੇਂ ਸੂਟਾਂ ਵਿੱਚ ਇਉਂ ਗਲੀ ਹੁੰਦੀ ਹੈ ਜਿਵੇਂ ਬਲਦਾ ਕੋਲਾ ਉੱਪਰ ਰੱਖਿਆ ਹੋਵੇ। ਕੱਪੜੇ ਸਿਰਫ਼ ਮੇਰੇ ਹੀ ਸੜਦੇ ਨੇ ਕਿਸੇ ਹੋਰ ਦੇ ਨਹੀਂ। ਤੁਸੀਂ ਤਾਂ ਜਾਣਦੇ ਹੀ ਹੋ। ਮੈਂ ਗੁੱਸੇ ਵਿੱਚ ਉਹਨਾਂ ਦੇ ਪਾਸਪੋਰਟ ਵੀ ਸਾੜ ਦਿੱਤੇ।

ਪੁੱਛ ਪੜਤਾਲ:

ਉਸ ਦੇ ਬਿਮਾਰ ਪਤੀ ਕੋਲ ਸਾਰੀ ਟੀਮ ਉਸਦੇ ਕਮਰੇ ਵਿੱਚ ਹੀ ਚਲੀ ਗਈ। ਉਸ ਨੇ ਦੱਸਿਆ ਕਿ ਏ.ਸੀ. ਸਿਰਫ਼ ਉਸੇ ਦੇ ਕਮਰੇ ਵਿੱਚ ਹੈ। ਇਸ ਕਰਕੇ ਮੇਰੀ ਲੜਕੀ ਤੇ ਭਾਣਜਾ ਵੀ ਇੱਥੇ ਹੀ ਸੌਂ ਜਾਂਦੇ ਹਨ। "ਭਾਣਜਾ ?" ਬਲਰਾਜ ਹੈਰਾਨੀ 'ਚ ਬੋਲਿਆ, "ਉਹ ਕਦੋਂ ਤੋਂ ਇੱਥੇ ਰਹਿੰਦਾ ਹੈ ?" "ਮਹੀਨਾ ਕੁ ਪਹਿਲਾਂ ਬਾਰ੍ਹਵੀਂ 'ਚ ਦਾਖਲਾ ਲਿਆ। ਏਥੇ ਮੇਰੇ ਕਮਰੇ ਵਿੱਚ ਪੜ੍ਹਦਾ ਰਹਿੰਦਾ ਤੇ ਕੁੜੀ ਨੂੰ ਵੀ ਪੜ੍ਹਾ ਦਿੰਦਾ। ਕੱਪੜੇ ਮੇਰੇ ਕਮਰੇ ਵਿੱਚ ਹੀ ਸੜਦੇ ਨੇ, ਪਰ ਇਸ ਬਾਰੇ ਮੈਨੂੰ ਕੁੱਝ ਨੀ ਪਤਾ। ਇੱਥੇ ਬੈਠਿਆਂ ਹੀ ਵੇਖਿਆ ਕਿ ਇਨਵਰਟਰ ਦੀ ਬੈਟਰੀ ਵੀ ਨਾਲ ਹੀ ਪਈ ਹੈ।" ਫੁਰਤੀ ਵਿਖਾਉਂਦਿਆਂ ਬਲਰਾਜ ਨੇ ਆਪਣਾ ਰੁਮਾਲ ਮੈਨੂੰ ਫੜਾਉਂਦਿਆਂ ਨਾਲ ਹੀ ਪਈ ਬੈਟਰੀ ਦਾ ਇੱਕ ਢੱਕਣ ਖੋਲ੍ਹ ਕੇ ਬੈਟਰੀ ਦੇ ਤੇਜ਼ਾਬੀ ਪਾਣੀ ਵਾਲਾ ਢੱਕਣ ਰੁਮਾਲ ਉੱਪਰ ਰੱਖਣ ਦਾ ਇਸ਼ਾਰਾ ਕੀਤਾ। ਇਹ ਢੱਕਣ

ਉਸੇ ਸਾਈਜ਼ ਦਾ ਸੀ, ਜਿਸ ਸਾਈਜ ਦੇ ਕੱਪੜਿਆਂ 'ਚ ਮਘੋਰੇ ਸਨ। ਅਲਮਾਰੀ ਕੁੜੀ ਦੇ ਮੰਜੇ ਦੇ ਕੋਲ ਹੀ ਸੀ ਤੇ ਅਲਮਾਰੀ ਦੇ ਹੇਠਾਂ ਬੈਟਰੀ ਵੀ। ਸਾਰੀ ਗੱਲ ਦੀ ਸਮਝ ਲੱਗ ਗਈ। ਕੁੱਝ ਕੁ ਗੱਲਾਂ ਭਾਣਜੇ ਨਾਲ ਹੋਈਆਂ। ਘਟਨਾਵਾਂ ਉਸਦੇ ਇੱਥੇ ਆਉਣ ਤੋਂ ਪਹਿਲਾਂ ਤੋਂ ਵਾਪਰ ਰਹੀਆਂ ਸਨ। ਉਸ ਤੋਂ ਸੰਖੇਪ ਜਾਣਕਾਰੀ ਹਾਸਲ ਕੀਤੀ ਗਈ।

ਅਖੀਰ ਵਿੱਚ ਵਾਰੀ ਬੇਟੀ ਦੀ ਆਈ ਤਾਂ ਮੈਂ ਉਸਨੂੰ ਭਰੋਸੇ 'ਚ ਲੈਂਦਿਆਂ ਸਮਝਾਇਆ ਕਿ ਵੱਡਿਆਂ ਨੇ ਜੋ ਬਣਨਾ ਸੀ ਬਣ ਗਏ, ਪਰ ਤੂੰ ਪੜ੍ਹਕੇ ਆਪਣਾ ਭਵਿੱਖ ਬਦਲ ਸਕਦੀ ਹੈਂ। ਮਾੜੀਆਂ ਹਾਲਤਾਂ ਦਾ ਸਭ ਤੋਂ ਵੱਧ ਪ੍ਰਭਾਵ ਤੇਰੇ ਭਵਿੱਖ 'ਤੇ ਪਏਗਾ। ਪੜ੍ਹਾਈ ਵੀ ਬੰਦ ਹੋ ਸਕਦੀ ਹੈ। ਇਸ ਪ੍ਰਵਾਰ ਵਿੱਚੋਂ ਸਿਰਫ ਤੂੰ ਹੀ ਵਿਦੇਸ਼ ਨਹੀਂ ਗਈ, ਜੇ ਨਾ ਪੜ੍ਹੀ ਤਾਂ ਸਫਲਤਾ ਤੇਰੇ ਹੱਥ ਨਹੀਂ ਲੱਗਣੀ। ਸਾਨੂੰ ਪਤਾ ਕਿ ਤੂੰ ਮੋਬਾਇਲ ਚਾਰਜ 'ਤੇ ਲਾਉਣ ਬਹਾਨੇ ਰਿਕਾਰਡਿੰਗ ਕਰਨ ਦੀ ਕੋਸ਼ਿਸ ਕੀਤੀ ਪਰ ਸਾਡੀ ਨਜ਼ਰ ਤੇਰੇ 'ਤੇ ਹੀ ਸੀ। ਅਸੀਂ ਤੈਨੂੰ ਦੋਸ਼ੀ ਨਹੀਂ ਸਮਝਦੇ ਪਰ ਇਹ ਵੀ ਹੋ ਸਕਦਾ ਤੇਰੀ ਕੋਈ ਮਜ਼ਬੂਰੀ ਹੋਵੇ।

ਵਿਤਕਰੇ ਦੀ ਮਾਰ:

ਜੇ ਸੱਚ ਦੱਸੇਂਗੀ ਤਾਂ ਉਸ ਦਾ ਹੱਲ ਵੀ ਹੋ ਸਕਦਾ ਹੈ। ਉਹ ਸਿਰਫ਼ ਏਨਾ ਹੀ ਬੋਲੀ "ਅੱਜ ਤੋਂ ਬਾਅਦ ਨਹੀਂ ਹੁੰਦਾ, ਜੇ ਕਹੋਂ ਤਾਂ ਲਿਖ ਕੇ ਵੀ ਦੇ ਦਿੰਦੀ ਹਾਂ।" "ਲਿਖਣ ਦੀ ਲੋੜ ਨਹੀਂ ਸਾਨੂੰ ਤੇਰੇ 'ਤੇ ਪੂਰਾ ਯਕੀਨ ਹੈ।" ਸੁਣਦਿਆਂ ਹੀ ਕੁੜੀ ਰੋਣ ਲੱਗ ਪਈ। ਅਸੀਂ ਉਸ ਨੂੰ ਦਿਲਾਸਾ ਦਿੰਦਿਆਂ ਚੁੱਪ ਕਰਵਾਇਆ ਤਾਂ ਉਹ ਦੱਸਣ ਲੱਗੀ "ਅੱਜ ਤੱਕ ਕਦੇ ਕਿਸੇ ਨੇ ਮੇਰੇ 'ਤੇ ਯਕੀਨ ਨਹੀਂ ਕੀਤਾ। ਕਿਤੇ ਵੀ ਵਿਆਹ ਸ਼ਾਦੀ ਹੋਵੇ ਤਾਂ ਮੇਰੀ ਮੰਮੀ ਹਰ ਵਾਰ ਨਵਾਂ ਸੂਟ ਲੈਂਦੀ ਹੈ। ਮਹਿੰਦੀ ਅਤੇ ਜਾਗੋ ਵਰਗੇ ਦਿਨਾਂ 'ਤੇ ਵੀ ਹਰ ਵਾਰ ਨਵੇਂ ਸੂਟ ਸਵਾਂਉਂਦੀ ਹੈ। ਮੈਨੂੰ ਸਿਰਫ਼ ਸਕੂਲ ਦੀ ਵਰਦੀ ਲੈ ਦਿੰਦੀ ਹੈ, ਜੀਨ ਕਦੇ ਵੀ ਲੈ ਕੇ ਨਹੀਂ ਦਿੱਤੀ। ਕਦੇ ਮੈਨੂੰ ਡਰਾਇੰਗ ਦੀ ਕਾਪੀ ਤੇ ਰੰਗ ਵੀ ਨਹੀ ਲੈ ਕੇ ਦਿੰਦੀ।" ਨਾਲ ਹੀ ਪਈ ਡਰਾਇੰਗ ਦੀ ਕਾਪੀ ਸ਼ਮਸ਼ੇਰ ਨੂੰ ਫੜਾਉਂਦਿਆਂ ਕਿਹਾ "ਆਹ ਵੇਖੋ ਮੇਰੀ ਡਰਾਇੰਗ।" ਡਰਾਇੰਗ ਦੇ ਵਿਸ਼ੇ ਦੇਖ ਕੇ ਸਭ ਸਮਝ ਆ ਗਈ।

ਜ਼ਰੂਰੀ ਸੁਝਾਅ ਦੇਣ ਲੱਗੇ ਤਾਂ ਕੁੜੀ ਨੇ ਇਹ ਕਹਿਕੇ ਹੈਰਾਨ ਕਰ ਦਿੱਤਾ ਕਿ ਮੇਰੇ ਕੱਪੜਿਆਂ ਤੇ ਕਾਪੀ ਅਤੇ ਰੰਗਾਂ ਵਾਲੀ ਗੱਲ ਮੰਮੀ ਨੂੰ ਨਾ ਕਹਿਣਾ ਉਹ ਮੇਰੇ 'ਤੇ ਸ਼ੱਕ ਕਰੂ, ਮੈ ਆਪੇ ਮੈਨੇਜ ਕਰ ਲਵਾਂਗੀ। ਤੁਸੀਂ ਮੈਨੂੰ ਸਹੀ ਸੇਧ ਦਿੱਤੀ ਹੈ। ਮੇਰਾ ਵੀ ਪੱਕਾ ਵਾਅਦਾ ਰਿਹਾ ਅਤੇ ਮੈਂ ਦਿਲ ਲਾ ਕੇ ਪੜ੍ਹਾਂਗੀ। ਇਸ ਉਪਰੰਤ ਉਸਨੇ ਸਾਨੂੰ ਖ਼ੁਦ ਹੀ ਚਾਹ ਬਣਾਕੇ ਪਿਲਾਈ। ਚਾਹ ਪੀਂਦਿਆਂ ਸਾਰੇ ਪ੍ਰਵਾਰ ਨੂੰ ਅੱਗੇ ਤੋਂ ਕੋਈ ਵੀ ਘਟਨਾ ਨਾ ਹੋਣ ਦਾ ਵਿਸ਼ਵਾਸ਼ ਦਵਾਉਂਦਿਆਂ ਅਸੀਂ ਜਰੂਰੀ ਧਿਆਨਯੋਗ ਗੱਲਾਂ ਬਾਰੇ ਸੁਝਾਅ ਦਿੰਦਿਆਂ ਬੱਚਿਆਂ ਦੀ ਸਹੀ ਪਰਵਰਿਸ਼ ਅਤੇ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਰੱਖਣ ਲਈ ਜੋਰ ਦਿੱਤਾ।

- 94647 63861

ਸਲਾਮ ਜ਼ਿੰਦਗੀ:

ਬੋਸ ਦੀ ਮਹਾਨਤਾ

ਭੌਤਿਕ ਵਿਗਿਆਨੀ ਜਗਦੀਸ਼ ਚੰਦਰ ਬੋਸ ਉੱਚ ਅਧਿਕਾਰੀ ਬਾਪ ਦਾ ਬੇਟਾ ਸੀ। ਉਸਨੂੰ ਨੂੰ ਸਧਾਰਣ ਸਕੂਲ 'ਚ ਪਾਇਆ ਜਿੱਥੇ ਬੋਸ ਨੇ ਕਿਸਾਨਾਂ, ਕਾਮਿਆਂ, ਮਜ਼ਦੂਰਾਂ ਤੇ ਮਛੇਰਿਆਂ ਦੇ ਬੱਚਿਆਂ ਨਾਲ ਖੇਡਦਿਆਂ ਜ਼ਿੰਦਗੀ ਦੇ ਹਰ ਪੱਖ ਨੂੰ ਨੇੜਿਓ ਤੱਕਿਆ। ਵਿਗਿਆਨ ਦੀ ਉਚੇਰੀ ਪੜ੍ਹਾਈ ਕਰਕੇ ਉਹਨਾਂ ਕਲਕੱਤਾ ਦੇ ਪਰੈਜ਼ੀਡੈਂਸੀ ਕਾਲਜ ਵਿੱਚ ਫਿਜ਼ਿਕਸ ਦੇ ਸਹਾਇਕ ਪ੍ਰੋਫੈਸਰ ਵਜੋਂ ਨੌਕਰੀ ਸ਼ੁਰੂ ਕਰ ਦਿੱਤੀ। ਉਸਨੂੰ ਯੂਰਪੀ ਅਧਿਆਪਕਾਂ ਦੀ ਤਨਖਾਹ ਦਾ 2/3 ਹਿੱਸਾ ਤਨਖਾਹ ਮਿਲਦੀ ਸੀ। ਮੰਨਿਆ ਜਾਂਦਾ ਸੀ ਕਿ ਭਾਰਤੀ ਦਿਮਾਗੀ ਤੌਰ 'ਤੇ ਯੂਰਪੀਨਾਂ ਨਾਲੋਂ ਘੱਟ ਹੁੰਦੇ ਹਨ। ਬੋਸ ਨੇ ਮਿਹਨਤ ਨਾਲ ਕੰਮ ਕਰਕੇ ਸਿੱਧ ਕੀਤਾ ਕਿ ਉਹ ਕਿਸੇ ਤੋਂ ਘੱਟ ਨਹੀਂ। ਉਸਨੂੰ ਉਸਦੇ ਸੰਘਰਸ਼ ਕਾਰਣ ਯੂਰਪੀਨਾਂ ਦੇ ਬਰਾਬਰ ਤਨਖਾਹ ਦਿੱਤੀ ਗਈ। ਰੇਡੀਓ ਤਰੰਗਾਂ 'ਤੇ ਉਸਦੀ ਖੋਜ ਸ਼ਲਾਘਾਯੋਗ ਸੀ। ਉਸਨੇ ਆਦਮੀ ਤੇ ਜਾਨਵਰਾਂ ਵਿੱਚ ਬਿਜਲੀ ਲੰਘਾਉਣ ਤੇ ਝਟਕੇ ਨੂੰ ਮਹਿਸੂਸ ਕੀਤਾ। ਇਹ ਖੋਜ ਰਡਾਰ ਬਣਾਉਣ ਵਿੱਚ ਸਹਾਇਕ ਹੋਈ। ਉਸਨੇ ਦੋ ਮਸ਼ਹੂਰ ਕਿਤਾਬਾਂ ਖੋਜਾਂ ਬਾਰੇ ਲਿਖੀਆਂ। ਉਸ ਨੇ ਦੱਸਿਆ ਕਿ ਪੌਦਿਆਂ ਵਿੱਚ ਵੀ ਜੀਵਨ ਹੁੰਦਾ ਹੈ। ਉਹ ਆਦਮੀ ਵਾਂਗ ਸਾਹ ਲੈਂਦੇ, ਖੁਰਾਕ ਖਾਂਦੇ, ਪਾਣੀ ਪੀਂਦੇ, ਵਧਦੇ ਫੁਲਦੇ ਹਨ। ਉਹ ਰਾਤਾਂ ਨੂੰ ਸੌਂਦੇ ਤੇ ਸਵੇਰ ਵੇਲੇ ਜਾਗਦੇ ਹਨ। ਉਹ ਮਨੁੱਖਾਂ ਵਾਂਗ ਦੁੱਖ ਸੁੱਖ ਮਹਿਸੂਸ ਕਰਦੇ ਹਨ, ਸੰਗੀਤ ਦੀ ਸੰਗਤ ਦਾ ਪੌਦਿਆਂ ਦੀ ਵਧਣ ਫੁੱਲਣ ਦੀ ਸ਼ਕਤੀ 'ਤੇ ਬਹੁਤ ਅਸਰਦਾਰ ਹੁੰਦਾ ਹੈ। ਬੋਸ ਕਲਾ, ਸਾਹਿਤ ਤੇ ਕੁਦਰਤ ਨੂੰ ਪਿਆਰ ਕਰਨ ਵਾਲਾ ਮਹਾਨ ਵਿਗਿਆਨੀ ਸੀ ਜਿਸਨੇ ਆਪਣੀਆਂ ਖੋਜਾਂ ਨਾਲ ਦੁਨੀਆਂ ਦਾ ਰਾਹ ਰੌਸ਼ਨ ਕੀਤਾ।



ਤਰਕ ਦੇ ਮੋਤੀ



ਗੁਰਚਰਨ ਨੂਰਪੁਰ

– ਜੇਕਰ ਧਾਰਮਿਕ ਟੂਕਾਂ ਨੂੰ ਰੱਟੇ ਲਾਉਣ ਨਾਲ ਹੀ ਮਨੁੱਖ ਸਿਆਣਾ ਹੋ ਜਾਂਦਾ ਤਾਂ ਇਹ ਦੁਨੀਆਂ ਹੋਰ ਤਰ੍ਹਾਂ ਦੀ ਹੋਣੀ ਸੀ।

– ਸਦੀਆਂ ਤੋਂ ਮਨੁੱਖ ਨੂੰ ਬੌਧਿਕ ਪੱਖ ਤੋਂ ਕੱਟਿਆ ਵੱਢਿਆ ਤੇ ਛਾਂਗਿਆ ਜਾਂਦਾ ਰਿਹਾ ਹੈ। ਅੱਜ ਸਕੂਲਾਂ, ਕਾਲਜਾਂ ਵਿੱਚ ਜਿਹੜਾ ਗਿਆਨ ਅਸੀਂ ਆਪਣੇ ਬੱਚਿਆਂ ਨੂੰ ਦੇ ਰਹੇ ਹਾਂ ਉਹ 60% ਬੇਲੋੜਾ ਹੀ ਨਹੀਂ ਸਗੋਂ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਵਾਲਾ ਵੀ ਹੈ।

– ਕਿਸਮਤਵਾਦੀ ਫਲਸਫਾ ਉਹਨਾਂ ਲੋਕਾਂ ਦਾ ਫਲਸਫਾ ਹੈ ਜਿਹੜੇ ਸਦੀਆਂ ਤੋਂ ਕਿਰਤੀਆਂ ਦੇ ਖ਼ੂਨ ਪਸੀਨੇ ’ਤੇ ਪਲਦੇ ਹਨ।

– ਸੁੱਤੀਆਂ ਜ਼ਮੀਰਾਂ ਨੂੰ ਜਗਾਉਣ ਲਈ ਸ਼ਬਦਾਂ ਦੀ ਆਵਾਜਾਈ ਬਣੀ ਰਹਿਣੀ ਬੜੀ ਜਰੂਰੀ ਹੈ।

– ਕਿਤਾਬਾਂ ਭਾਵੇਂ ਸਾਡੇ ਨਾਲ ਗੱਲਾਂ ਨਹੀਂ ਕਰਦੀਆਂ ਪਰ ਸਮਾਜ ਪ੍ਰਤੀ ਸਾਡੇ ਕਿਰਦਾਰ ਅਤੇ ਵਿਹਾਰ ਨੂੰ ਚਾਰ ਚੰਨ ਲਾ ਦਿੰਦੀਆਂ ਹਨ।

– ਜ਼ਿੰਦਗੀ ਵਗਦੇ ਪਾਣੀ ਵਾਂਗ ਹੈ ਇਸ ਦੀ ਰਵਾਨਗੀ ਨੂੰ ਹਰ ਉਮਰ ਵਿੱਚ ਬਰਕਰਾਰ ਰੱਖੋ।

– ਸੂਰਜ ਡੁੱਬਣ ਮਗਰੋਂ ਘਰਾਂ ਨੂੰ ਪਰਤ ਰਹੇ ਪਰਿੰਦੇ ਸਾਨੂੰ ਕਹਿੰਦੇ ਹਨ–ਆਓ ਘਰਾਂ ਨੂੰ ਚੱਲੀਏ, ਬੱਚੇ ਉਡੀਕਦੇ ਹੋਣਗੇ, ਬਾਕੀ ਸਵੇਰੇ ਸਹੀ।

– ਜਦੋਂ ਘੜੀ ਵੱਲ ਦੇਖਦੇ ਹੋ ਤਾਂ ਇਸ ਗੱਲ ਦਾ ਕਿਆਸ ਜਰੂਰ ਕਰਨਾ ਕਿ ਲੰਘ ਗਏ ਸਮੇਂ ਨੂੰ ਤੁਸੀਂ ਕਿਵੇਂ ਜੀਵਿਆ ਹੈ ਅਤੇ ਬਾਕੀ ਬਚੇ ਵਕਤ ਦਾ ਕੀ ਕਰਨਾ?

– ਔੜਾਂ ਸੋਕਿਆਂ ਦੇ ਇਸ ਦੌਰ ਵਿੱਚ ਵੀ ਕਦੇ ਕਦੇ ਝਰਨਿਆਂ ਵਰਗੇ ਲੋਕ ਮਿਲ ਜਾਂਦੇ ਹਨ।

– ਹਰ ਥਾਂ ਤੋਂ ਵਡਿਆਈ ਤੇ ਪ੍ਰਸ਼ੰਸਾ ਦੀ ਝਾਕ ਨਾ ਰੱਖੋ, ਫਜ਼ੂਲ ਦੀ ਪ੍ਰੇਸ਼ਾਨੀ ਤੋਂ ਬਚੇ ਰਹੋਗੇ।

– ਕਈ ਵਾਰ ਕੁੱਝ ਅਖੌਤੀ ਸਿਆਣੇ ਕੁੱਝ ਇਲਾਕਿਆਂ ਵਿੱਚ ਸਿਆਣਪ ਦਾ ਠੇਕਾ ਲੈ ਲੈਂਦੇ ਹਨ।

– ਜਿਵੇਂ ਖੜ੍ਹਾ ਪਾਣੀ ਬਦਬੋ ਮਾਰਨ ਲੱਗ ਪੈਂਦਾ ਹੈ, ਇਸੇ ਤਰ੍ਹਾਂ ਵਿਚਾਰਾਂ ਦੀ ਖੜ੍ਹੋਤ ਵਿਅਕਤੀਤਵ ਲਈ ਮਾਨਸਿਕ ਵਿਕਾਰਾਂ ਦਾ ਕਾਰਨ ਬਣ ਜਾਂਦੀ ਹੈ।

– ਸਾਡੀ ਵਿੱਦਿਆ ਮਕੈਨਕੀ ਦਿਮਾਗ ਪੈਦਾ ਕਰਨ ਵੱਲ ਸੇਧਤ ਹੈ ਜਦ ਕਿ ਧਰਤੀ ਨੂੰ ਸਭ ਤੋਂ ਵੱਧ ਚੰਗੇ ਇਨਸਾਨਾਂ ਦੀ ਲੋੜ ਹੈ।

– ਸਮੇਂ ਦੇ ਹਰ ਦੌਰ ਵਿੱਚ ਕੁੱਝ ਔਰਤਾਂ ਘਰੀਂ ਬੈਠੀਆਂ ਹੀ ਵੱਡੇ ਸੰਤਾਪ ਭੋਗਦੀਆਂ ਹਨ ਪਰ ਇਹ ਸੰਤਾਪ ਕਦੇ ਕਿਸੇ ਇਤਿਹਾਸ ਦਾ ਹਿੱਸਾ ਨਹੀਂ ਬਣਦੇ।

– ਮਨੁੱਖ ਪਸ਼ੂਆਂ ਜਾਨਵਰਾਂ ਨੂੰ ਵੀ ਧਰਮ ਦੇ ਨਾਮ ’ਤੇ ਵੰਡਦਾ ਹੈ। ਜੇਕਰ ਵੱਸ ਚੱਲੇ ਤਾਂ ਇਹ ਪੰਛੀਆਂ ਲਈ ਵੀ ਹੱਦਾਂ ਸਰਹੱਦਾਂ ਬਣਾ ਦੇਵੇ।

– ਲੇਖਕ ਦਾ ਕੰਮ ਆਪਣੀਆਂ ਅਤੇ ਦੂਜਿਆਂ ਦੀਆਂ ਸਮੱਸਿਆਵਾਂ ਦਾ ਵਿਖਿਆਨ ਕਰਨਾ ਹੀ ਨਹੀਂ ਹੁੰਦਾ। ਉਹਦਾ ਕੰਮ ਸਮਾਜ ਦੇ ਜ਼ਖਮਾਂ ’ਤੇ ਫੇਹੇ ਬੰਨਣਾ ਵੀ ਹੁੰਦਾ ਹੈ।

– ਉਹ ਸਾਰੀਆ ਕ੍ਰਾਂਤੀਆਂ ਰੇਤ ਦੇ ਘਰੋਂਦਿਆਂ ਵਾਂਗ ਥੋੜ੍ਹੇ ਹੀ ਸਮੇਂ ਵਿੱਚ ਢਹਿ ਢੇਰੀ ਹੋ ਜਾਇਆ ਕਰਦੀਆਂ ਹਨ ਜਿਹਨਾਂ ਕੋਲ ਸ਼ਬਦ ਅਤੇ ਸਾਹਿਤ ਦੀ ਸ਼ਕਤੀ ਨਾ ਹੋਵੇ।

– ਜੇਕਰ ਮੁਸੀਬਤ ਇੱਕ ਗਿੱਠ ਹੋਵੇ ਤਾਂ ਸਾਨੂੰ ਆਪਣਾ ਹੌਂਸਲਾ ਚਾਰ ਗਿੱਠਾਂ ਕਰਨ ਦੀ ਲੋੜ ਹੁੰਦੀ ਹੈ।

– ਡਾਵਾਂਡੋਲ ਹੋਏ ਮਨ ਨਾਲ ਖੋਜਬੀਨ ਨਹੀਂ ਕਰ ਸਕਦੇ ਤੇ ਥਿੜਕਦੇ ਪੈਰਾਂ ਨਾਲ ਮੰਜ਼ਿਲਾਂ ਸਰ ਨਹੀਂ ਹੁੰਦੀਆਂ।

– ਹਰ ਰੋਜ ਕਿਸੇ ਚੰਗੀ ਲਿਖਤ ਦੇ ਕੁਝ ਪੰਨੇ ਜਰੂਰ ਪੜ੍ਹੋ, ਇਹ ਤੁਹਾਡੀ ਜ਼ਿੰਦਗੀ ਦੀਆਂ ਹਨੇਰੀਆਂ ਨੁੱਕਰਾਂ ਨੂੰ ਰੋਸ਼ਨ ਕਰਨ ਵਿੱਚ ਮਦਦਗਾਰ ਸਾਬਿਤ ਹੋਣਗੇ।

– ਤਰਕਸ਼ੀਲਤਾ ਮਨੁੱਖਤਾ ਦੇ ਹਨੇਰੇ ਰਾਹਾਂ ਵਿੱਚ ਰੌਸ਼ਨੀ ਬਖੇਰਨ ਵਰਗਾ ਕਾਰਜ ਹੈ।


– ਸਮੇਂ ਦੇ ਹਰ ਦੌਰ ਵਿੱਚ ਮਨੁੱਖਤਾ ਦੇ ਪੈਰੀਂ ਪਏ ਰੂੜੀਵਾਦੀ ਪ੍ਰੰਪਰਾਵਾਂ ਦੇ ਸੰਗਲਾਂ ਨੂੰ ਤੋੜਨ ਦੀ ਹਿੰਮਤ ਬਹੁਤ ਥੋੜ੍ਹੇ ਲੋਕ ਕਰਦੇ ਹਨ।

– ਘੜਿਆਲਾਂ ਨੂੰ ਖੜਕਾਉਣ ਨਾਲ ਤੇ ਸੰਖਾਂ ਨੂੰ ਵਜਾਉਣ ਨਾਲ ਮਨੁੱਖਤਾ ਦੇ ਦੁੱਖਾਂ ਨੂੰ ਘਟਾਇਆ ਨਹੀਂ ਜਾ ਸਕਦਾ।

– 98550 51099

ਮਨ ਅਤੇ ਮਸਲੇ

ਅਵਤਾਰ ਗੋਂਦਾਰਾ



ਆਮ ਤੌਰ ’ਤੇ ਸਾਡਾ ਮਨ, ਨਿੱਜੀ, ਪਰਿਵਾਰਕ, ਪੇਸ਼ਾਵਾਰ ਮਸਲਿਆਂ ਵਿੱਚ ਉਲਝਿਆ ਰਹਿੰਦਾ ਹੈ, ਛੁੱਟੀ ਵਾਲੇ ਦਿਨ ਜਾਂ ਜਦੋਂ ਵਿਹਲ ਮਿਲੇ ਉਹ ਮਨੁੱਖੀ ਜਾਂ ਸਮਾਜਿਕ ਮਸਲਿਆਂ ਬਾਰੇ ਸੋਚਦੈ। ਸਾਡੀਆਂ ਸੋਚਾਂ ਦਾ ਕੇਂਦਰ ਬਿੰਦੂ ਕੀ ਹੈ, ਉਸ ਨਾਲ ਸਾਡੀਆਂ ਤਰਜ਼ੀਹਾਂ ਤਹਿ ਹੁੰਦੀਆਂ ਹਨ। ਮਸਲੇ ਬਹੁਤ ਹਨ। ਬੇਰੁਜ਼ਗਾਰੀ ਹੈ, ਭੁੱਖਮਰੀ ਹੈ, ਭ੍ਰਿਸ਼ਟਾਚਾਰ ਹੈ, ਵਿਤਕਰਾ ਹੈ, ਮਨੁੱਖੀ ਹੱਕਾਂ ਦਾ ਘਾਣ ਹੈ, ਔਰਤਾਂ ਨਾਲ ਧੱਕਾ, ਜਮਹੂਰੀ ਹੱਕਾਂ ਦੀ ਅਣਦੇਖੀ ਹੈ, ਜਾਤ-ਪਾਤ ਹੈ, ਵਾਤਾਵਰਣ ਦਾ ਵਿਗਾੜ ਹੈ, ਹਥਿਆਰਾਂ ਦੀ ਦੌੜ ਹੈ, ਲੜਾਈ ਦਾ ਖਤਰਾ ਹੈ, ਖੇਤਰੀ ਝਗੜੇ ਹਨ, ਭਾਸ਼ਾ ਦੀ ਸਮੱਸਿਆ ਹੈ, ਵਹਿਮ-ਭਰਮ ਹਨ, ਕਿਸਾਨੀ ਦੇ ਰੇੜਕੇ ਹਨ, ਜਮਾਤੀ ਲੜਾਈ ਹੈ, ਖੁਦਮੁਖਤਿਆਰੀ ਦਾ ਰੌਲਾ ਹੈ ਅਤੇ ਕਈ ਹੋਰ। ਸ਼ੋਸ਼ਲ ਮੀਡੀਆ ਜ਼ਰੀਏ ਮਨੁੱਖ ਏਨਾ ਸਮੱਸਿਆਵਾਂ ਵਿੱਚ ਉਲਝਿਆ ਰਹਿੰਦਾ ਹੈ। ਜੇ ਉਹ ਭਾਵੁਕ ਮਿਜ਼ਾਜ਼ ਹੈ ਤਾਂ ਉਸ ਦਾ ਜੀਅ ਕਰਦਾ ਹੈ ਕਿ ਉਹ ਸਾਰੀਆਂ ਲੜਾਈਆਂ ਵਿੱਚ ਹਿੱਸਾ ਲਵੇ, ਉਹ ਹਰ ਇੱਕ ਦਾ ਦੁੱਖ ਦੂਰ ਕਰੇ ਪਰ ਅਮਲ ਵਿੱਚ ਹੋ ਨਹੀਂ ਸਕਦਾ ਹੈ। ਉਹ ਉਲਝ ਕੇ ਆਪਣਾ ਸਮਾਂ ਅਤੇ ਊਰਜਾ ਤਾਂ ਗੰਵਾਉਂਦਾ ਹੀ ਹੈ, ਪੀੜਤ ਧਿਰ ਨੂੰ ਵੀ ਕੋਈ ਲਾਭ ਨਹੀਂ ਹੁੰਦਾ।

ਸੁਆਲ ਪੈਦਾ ਹੁੰਦਾ ਹੈ ਇਸ ਸਥਿਤੀ ਵਿੱਚ ਕੀਤਾ ਕੀ ਜਾਵੇ ? ਕਿਵੇਂ ਪਤਾ ਲੱਗੇ ਕਿ ਜੋ ਅਸੀਂ ਸੋਚ ਰਹੇ ਹਾਂ, ਉਹ ਸਹੀ ਹੈ, ਅਤੇ ਜੋ ਕਰ ਰਹੇ ਉਹ ਢੁਕਵਾਂ ਹੈ ?

ਇਸ ਬਾਰੇ ‘ਬਾਂਦਰ ਅਤੇ ਰਾਜੇ’ ਦੀ ਨੀਤੀ-ਕਥਾ ਦੇ ਹਵਾਲੇ ਦੀ ਜ਼ਰੂਰਤ ਹੈ। ਰਾਜਾ ਸੁੱਤਾ ਪਿਆ ਹੈ ਅਤੇ ਕਿਰਪਾਨਧਾਰੀ ਬਾਂਦਰ ਉਸ ਦੀ ਸੁਰੱਖਿਆ ਲਈ ਤਾਇਨਾਤ ਹੈ। ਇਕ ਮੱਖੀ ਸੁੱਤੇ ਪਏ ਰਾਜੇ ਨੂੰ ਪਰੇਸ਼ਾਨ ਕਰ ਰਹੀ ਹੈ ਅਤੇ ਇੱਕ ਸਮਰਪਿਤ ਸੇਵਾਦਾਰ ਵਜੋਂ ਬਾਂਦਰ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ। ਜਿਉਂ ਹੀ ਮੱਖੀ ਰਾਜੇ ਦੇ ਗਲ ਉੱਪਰ ਬੈਠੀ, ਬਾਂਦਰ ਮੱਖੀ ਨੂੰ ਮਾਰਨ ਲਈ ਵਾਰ ਕਰਦਾ ਹੈ, ਮੱਖੀ ਤਾਂ ਉੱਡ ਜਾਂਦੀ ਹੈ, ਪਰ ਰਾਜਾ ਮਾਰਿਆ ਜਾਂਦਾ ਹੈ। ਇਸ ‘ਕਥਾ’ ਵਿੱਚ ਬਾਂਦਰ ਦੀ ਇਮਾਨਦਾਰੀ ਅਤੇ ਪ੍ਰਤੀਬੱਧਤਾ ਬਾਰੇ ਸ਼ੱਕ ਨਹੀਂ ਕੀਤਾ ਜਾ ਸਕਦਾ ਹੈ ਪਰ ਉਸ ਦਾ ਕਾਰਜ, ਉਸ ਦੀ ਮਨਸ਼ਾ ਦੇ ਉਲਟ ਭੁਗਤਦਾ ਹੈ।

ਇਸ ਘਟਨਾ ਵਿਚੋਂ ਇੱਕ ਸੂਤਰ ਦਾ ਜਨਮ ਹੁੰਦਾ ਹੈ, ਜੋ ਸਾਡਾ ਰਾਹ ਦਰਸਾਵਾ ਹੋ ਸਕਦਾ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ, ਉਹ ਮੋਟੇ ਤੌਰ ’ਤੇ ਤਿੰਨ ਪੜਾਵੀ ਹੋ ਸਕਦਾ ਹੈ।

ਮਨਸ਼ਾ-ਸਰਗਰਮੀ-ਸਿੱਟਾ

ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਸਾਨੂੰ ਹਲੂਣਦੀਆਂ ਰਹਿੰਦੀਆਂ ਹਨ। ਅਣਭੋਲਪੁਣੇ ਵਿੱਚ, ਫਿਕਰ ਵਿੱਚੋਂ ਜਾਂ ਰੌਂ ਵਿਚ ਆ ਕੇ, ਅਸੀਂ ਚੱਲ ਰਹੇ ਵਹਿਣ ਵਿਚ ਵਹਿ ਜਾਂਦੇ ਹਾਂ। ਬਹੁਤੀ ਵਾਰ ਮਨਸ਼ਾ ਸਪੱਸ਼ਟ ਨਹੀਂ ਹੁੰਦਾ। ਹੋ ਰਹੀ ਸਰਗਰਮੀ ਦਾ ਜਲੌਅ ਅਜਿਹਾ ਹੁੰਦਾ ਹੈ ਕਿ ਸਰਸਰੀ ਨਜ਼ਰੇ ਦੇਖਿਆਂ ਪਤਾ ਹੀ ਨਹੀਂ ਲਗਦਾ ਕਿ ਉਹ ਮਨਸ਼ੇ ਦੀ ਪ੍ਰਾਪਤੀ ਵੱਲ ਜਾ ਰਹੀ ਹੈ ਜਾਂ ਨਹੀਂ। ਅਸੀਂ ਸੋਚੀ ਕੁੱਝ ਹੋਰ ਜਾਂਦੇ ਹਾਂ, ਕਰਦੇ ਕੁੱਝ ਹੋਰ ਹਾਂ ਅਤੇ ਸਿੱਟਾ ਹੋਰ ਨਿਕਲ ਆਉਂਦਾ ਹੈ। ਮੱਖੀ ਮਾਰਨ ਤੋਂ ਲੈ ਕੇ ਇਨਕਲਾਬੀ ਸਰਗਰਮੀਆਂ ਤੱਕ, ਇਹ ਸੂਤਰ ਜ਼ਰੀਏ ਅਸੀਂ ਆਪਣੀਆਂ ਸਰਗਰਮੀਆਂ ਦਾ ਲੇਖਾ ਜੋਖਾ ਕਰ ਸਕਦੇ ਹਾਂ। ਇਸ ਬਾਰੇ ਸਪੱਸ਼ਟ ਹੋਣ ਦੀ ਲੋੜ ਹੈ ਕਿ ਸਾਡਾ ਮਨਸ਼ਾ ਕੀ ਹੈ ? ਬਹੁਤੇ ਵਾਰ ਇਸ ਪੜਾਅ ਉਪਰ ਬਹੁਤੀ ਚਰਚਾ ਨਹੀਂ ਹੁੰਦੀ, ਅਤੇ ਮੰਨ ਲਿਆ ਜਾਂਦਾ ਹੈ ਕਿ ਸਾਨੂੰ ਪਤਾ ਹੀ ਹੈ। ਅਸਪੱਸ਼ਟ ਮਨਸ਼ੇ ਦੇ ਆਧਾਰ ਉਪਰ ਸਰਗਰਮੀ ਵਿੱਢ ਲਈ ਜਾਂਦੀ ਹੈ ਅਤੇ ਸਿੱਟਾ ਉਹ ਨਹੀਂ ਨਿਕਲਦਾ, ਜਿਸ ਦੀ ਇੱਛਾ ਸੀ ਜਾਂ ਜੋ ਮਨਸ਼ੇ ਦੀ ਪੂਰਤੀ ਦਾ ਸਬੱਬ ਬਣਦਾ। ਇਹ ਕੁੱਝ, ਨਿੱਜੀ ਅਤੇ ਜਥੇਬੰਦਕ ਕੰਮਾਂ ਵਿੱਚ ਵਾਪਰ ਰਿਹਾ ਆਮ ਦੇਖਿਆ ਜਾ ਸਕਦਾ ਹੈ। ਕਈ ਵਰ੍ਹੇ, ਆਪਣਾ ਸਮਾਂ ਅਤੇ ਸ਼ਕਤੀ ਲਾ ਕੇ ਜਦੋਂ ਲੇਖਾ ਜੋਖਾ ਕੀਤਾ ਜਾਵੇ ਤਾਂ ਲਗਦੈ, ਕੁੱਝ ਹੱਥ ਪੱਲੇ ਨਹੀਂ ਪਿਆ, ਖੜੋਤ ਦਾ ਅਨੁਭਵ ਹੁੰਦਾ ਹੈ।

ਇਸ ਦੀ ਇੱਕ ਨੁਮਾਇਆ ਉਦਾਹਰਣ ਹਾਲ ਹੀ ਵਿੱਚ ਚੱਲੇ ਕਿਸਾਨੀ ਘੋਲ ਦੀ ਲਈ ਜਾ ਸਕਦੀ ਹੈ। ਘੋਲ ਦੀ ਹਿਮਾਇਤ ਵਿਚ, ਅੰਦਰੋਂ ਬਾਹਰੋਂ ਕਈ ਜਥੇਬੰਦੀਆਂ, ਕਲਾਕਾਰਾਂ, ਕਵੀਆਂ, ਗਾਇਕਾਂ ਨੇ ਕੀਤੀ। ਘੋਲ ਦੇ ਸਿਖਰ ਦੌਰਾਨ, ਇਕ ਜਣੇ ਕੇ, ਦਿੱਲੀ ਦੇ ਲਾਲ ਕਿਲੇ ਵਿਚ, ਤਿਰੰਗੇ ਝੰਡੇ ਦੀ ਥਾਂ ‘ਕੇਸਰੀ ਝੰਡਾ’ ਝੁਲਾ ਕੇ, ਘੋਲ ਦੀ ਹਿਮਾਇਤ ਕਰਨ ਦਾ ਦਾਅਵਾ ਕੀਤਾ। ਜੋ ਹੋਇਆ ਸਭ ਦੇ ਸਾਹਮਣੇ ਹੈ। ਇਸ ‘ਸਰਗਰਮੀ’ ਨਾਲ ਘੋਲ ਦੀ ਹਮਾਇਤ ਹੋਣ ਦੀ ਥਾਂ, ਇਸ ਨੂੰ ਵੱਡੀ ਢਾਹ ਲੱਗੀ।

ਇਸ ਕਾਰਵਾਈ ਦੀ ਪੁਸ਼ਟੀ ਕਰਦਿਆਂ, ਆਕਸਫੋਰਡ ਦੇ ਪ੍ਰੋ. ਪ੍ਰੀਤਮ ਸਿੰਘ ਨੇ ਇਕ ਭਾਸ਼ਨ ਵਿਚ ਕਿਹਾ ਕਿ ਝੰਡਾ ਲਹਿਰਾਉਣਾ ਕੋਈ ਉਜ਼ਰ ਕਰਨ ਵਾਲੀ ਗੱਲ ਨਹੀਂ। ਬਾਕੀ ਥਾਵਾਂ ਦੇ ਨਾਲ ਨਾਲ, ਇਹ ਤਾਂ ਭਾਰਤੀ ਫੌਜ ਦੀਆਂ 'ਸਿੱਖ ਟੁਕੜੀਆਂ' ਵਿੱਚ ਵੀ ਸਰਕਾਰੀ ਤੌਰ 'ਤੇ ਲਹਿਰਾਇਆ ਜਾਂਦਾ ਹੈ। ਇਸ ਕਾਰਵਾਈ ਦੀ ਪੁਣਛਾਣ ਕਰਨ ਲਈ ਉਕਤ ਸੂਤਰ ਦੀ ਮੱਦਦ ਲਈ ਜਾ ਸਕਦੀ ਹੈ। ਐਲਾਨੀਆਂ ਮਨਸ਼ਾ (ਸੱਚਾ ਜਾਂ ਝੂਠਾ) ਸੰਘਰਸ਼ੀਲ ਕਿਸਾਨੀ ਘੋਲ ਦੀ ਮੱਦਦ ਕਰਨਾ ਸੀ। ਰੱਟਾ ਇਸ ਗੱਲ ਦਾ ਹੈ ਕਿ ਕੀ ਝੰਡਾ ਲਹਿਰਾਉਣ ਦੀ 'ਸਰਗਰਮੀ' ਇੱਛਤ ਮਨਸ਼ੇ ਦੀ ਪ੍ਰਾਪਤੀ ਕਰਨ ਵਿਚ ਕਾਮਯਾਬ ਹੋਈ? ਸਿੱਟਾ ਇਹ ਨਿਕਲਦਾ ਹੈ ਕਿ ਨਹੀਂ ਹੋਈ। ਇਸ ਸਰਗਰਮੀ ਦੇ ਹੋਏ ਨਾਂਮੁਖੀ ਅਸਰ ਨੂੰ ਸਾਵਾਂ ਕਰਨ ਲਈ ਕਿਸਾਨ-ਆਗੂਆਂ ਨੂੰ ਕਾਫੀ ਘਾਲਣਾ ਘਾਲਣੀ ਪਈ। ਭਾਵ, ਕਿਸੇ ਵੀ **ਸਰਗਰਮੀ** ਦਾ ਲੇਖਾ-ਜੋਖਾ ਕਰਦਿਆਂ ਇਹ ਦੇਖਣ ਦੀ ਲੋੜ ਹੈ ਕਿ ਉਸ ਵਿਚੋਂ ਨਿਕਲੇ **ਸਿੱਟੇ** ਨਾਲ ਇੱਛਤ **ਮਨਸ਼ੇ** ਦੀ ਪ੍ਰਾਪਤੀ ਹੋਈ ਕਿ ਨਹੀਂ? ਜੇ ਇੱਛਤ ਸਿੱਟਾ ਨਹੀਂ ਨਿਕਲਿਆ ਹੈ ਤਾਂ ਕਹਿ ਸਕਦੇ ਹਾਂ ਕਿ ਸਰਗਰਮੀ ਢੁਕਵੀਂ ਨਹੀਂ ਸੀ। ਮਨਸ਼ਾ ਸਪੱਸ਼ਟ ਨਹੀਂ ਸੀ ਜਾਂ ਕੋਈ ਹੋਰ ਲੁਕਵਾਂ ਮਨਸ਼ਾ ਸੀ।


ਹਰ ਸੰਵੇਦਨਸ਼ੀਲ ਵਿਅਕਤੀ ਫ਼ਿਕਰ ਬਹੁਤ ਕਰਦਾ ਹੈ। ਸ਼ੋਸ਼ਲ-ਮੀਡੀਆ ਕਰਕੇ ਸਾਨੂੰ, ਦੁਨੀਆਂ ਵਿਚ ਹੋ ਰਹੀਆਂ ਘਟਨਾਵਾਂ, ਧੱਕੇ ਧੋੜਿਆਂ ਦੀ ਖ਼ਬਰ, ਪਲ ਪਲ ਹੁੰਦੀ ਰਹਿੰਦੀ ਹੈ। ਸਾਡੇ ਸਰੋਕਾਰਾਂ ਦਾ, ਫਿਕਰਾਂ ਦਾ ਖੇਤਰ ਬੜਾ ਵਸੀਹ ਹੋ ਗਿਆ ਹੈ। ਦਫ਼ਤਰਾਂ ਵਿੱਚ ਹੁੰਦੀ ਰਿਸ਼ਵਤਖੋਰੀ ਤੋਂ ਲੈ ਕੇ, ਸੰਸਾਰ ਇਨਕਲਾਬ ਤੱਕ ਸਾਡੇ ਸਰੋਕਾਰ ਹੋ ਸਕਦੇ ਹਨ। ਸਰੋਕਾਰ ਦਾ, ਫਿਕਰ ਦਾ ਖੇਤਰ ਹੋਰ ਗੱਲ ਹੈ, ਪਰ ਪ੍ਰਭਾਵ ਦਾ, ਅਸਰ ਦਾ ਖੇਤਰ ਹੋਰ ਗੱਲ। ਆਪਣੇ ਮਨਸ਼ਿਆਂ ਦੀ ਸਪੱਸ਼ਟਤਾ ਲਈ ਇਸ ਫਰਕ ਨੂੰ ਯਾਦ ਰੱਖਣਾ ਬਹੁਤ ਜਰੂਰੀ ਹੈ। ਅਕਸਰ ਦੇਖਿਆ ਗਿਆ ਕਿ ਕਈ ਵਾਰ ਸਾਨੂੰ ਆਂਢ-ਗੁਆਂਢ ਜਾਂ ਆਵਦੇ ਇਲਾਕੇ ਵਿੱਚ ਹੁੰਦੇ ਧੱਕੇ ਧੋੜੇ, ਬੇਇਨਸਾਫ਼ੀਆਂ ਦਾ ਪਤਾ ਨਹੀਂ ਹੁੰਦਾ ਪਰ ਸਾਡੀਆਂ ਗੱਲਾਂ ਦਾ ਵਿਸ਼ਾ, ਦੁਨੀਆਂ ਦੇ ਕਿਸੇ ਦੁਰਾਡੇ ਹਿੱਸਿਆਂ ਵਿਚ ਹੁੰਦੇ ਮਨੁੱਖੀ ਅਧਿਕਾਰਾਂ ਦੇ ਪਤਨ ਨਾਲ ਜਿਆਦਾ ਹੁੰਦਾ ਹੈ। ਇਸ ਲਈ ਮਨਸ਼ਾ ਅਤੇ ਉਸ ਨਾਲ ਜੁੜੀ ਉਹੀ ਸਰਗਰਮੀ, ਤਰਕਸ਼ੀਲ ਅਤੇ ਢੁਕਵੀਂ ਹੈ, ਜਿਸ ਦੇ ਕਰਨ ਨਾਲ ਕੋਈ ਸਿੱਟਾ ਨਿਕਲਦਾ ਹੈ ਜਾਂ ਕਹੀਏ ਉਸ ਦਾ ਕੋਈ ਅਸਰ ਹੁੰਦਾ ਹੈ।

ਆਪਣੇ ਵਿਤ ਜਾਂ ਰੁਚੀ ਮੁਤਾਬਿਕ ਕੋਈ ਮਨਸ਼ਾ ਰੱਖਿਆ ਜਾ ਸਕਦਾ ਹੈ ਅਤੇ ਉਸ ਦੇ ਅਨੁਕੂਲ ਸਰਗਰਮੀ ਕੀਤੀ ਜਾ ਸਕਦੀ ਹੈ। ਇਹ ਮਨਸ਼ਾ ਸਮਾਜ ਵਿੱਚ ਵਿਗਿਆਨਕ-ਨਜ਼ਰੀਏ ਦੇ ਪ੍ਰਚਾਰ-ਪ੍ਰਸਾਰ ਤੋਂ ਲੈ ਕੇ ਬੁਨਿਆਦੀ ਤਬਦੀਲੀਆਂ ਕਰਨ ਤੱਕ ਕੋਈ ਵੀ ਹੋ ਸਕਦਾ ਹੈ। ਸਮੱਸਿਆ ਉਦੋਂ ਹੁੰਦੀ ਹੈ ਜਦੋਂ ਵਿਅਕਤੀ, ਬੇਰੁਜ਼ਗਾਰਾਂ ਦੀ ਜਥੇਬੰਦੀ ਦਾ ਮੈਂਬਰ ਬਣਦਾ ਹੈ, ਫ਼ਿਕਰ ਕਿਸਾਨਾਂ ਬਾਰੇ ਕਰਦਾ ਹੈ ਅਤੇ ਸਮਾਂ ਇਲਾਕੇ ਦੇ 'ਕਲੱਬਾਂ' ਦੀਆਂ ਸਰਗਰਮੀਆਂ ਵਿੱਚ ਬਿਤਾਉਂਦਾ ਹੈ। ਸਿੱਟਾ ਇਹ ਨਿਕਲਦੈ, ਕਿ ਉਹ ਅਗਵਾਈ ਕਰਨ ਦੇ ਔਖੇ ਕੰਮ ਕਰਨ ਦੀ ਥਾਂ, ਆਪ ਮੁਹਾਰੇ ਉੱਠੀਆਂ ਲਹਿਰਾਂ ਦੇ ਕੰਧੇੜੀ ਚੜ੍ਹਨ ਲਗਦੈ। ਇਸ ਨਾਲ ਵਿਅਕਤੀ, ਉਦੇਸ਼, ਸਰਗਰਮੀ ਅਤੇ ਸਿੱਟਿਆਂ ਦੇ ਭੰਵਰ ਵਿੱਚ ਫਸ ਜਾਂਦਾ ਹੈ। ਅਸਰਦਾਰ ਹੋਣ ਅਤੇ ਇੱਛਤ ਸਿੱਟੇ ਕੱਢਣ ਲਈ, ਸਾਨੂੰ ਆਪਣੇ ਉਦੇਸ਼ਾਂ, ਸਰਮਗਰਮੀਆਂ ਅਤੇ ਨਿਕਲਣ ਵਾਲੇ ਸਿੱਟਿਆਂ ਵਿਚਲੀ ਇਕਸੁਰਤਾ ਉੱਪਰ ਲਗਾਤਰ ਨਜ਼ਰਸਾਨੀ ਰੱਖਣੀ ਚਾਹੀਦੀ ਹੈ। ਉਦੇਸ਼ ਨਾਲ ਪ੍ਰਤੀਬੱਧਤਾ ਦਾ ਇਹੀ ਭਾਵ ਹੈ। ਆਮ ਤੌਰ 'ਤੇ ਕੋਈ ਵੀ ਵਿਅਕਤੀ, ਸਾਰੇ ਦੁੱਖਾਂ, ਸਮੱਸਿਆਵਾਂ ਬਾਰੇ ਨਹੀਂ ਲੜ੍ਹ ਸਕਦਾ ਹੈ। ਜਿਹੜਾ ਵਿਅਕਤੀ ਆਪਣੀਆਂ ਚਿੰਤਾਵਾਂ ਵਿੱਚ ਬੇਲਗਾਮ ਹੁੰਦਾ ਹੈ, ਉਸ ਦੀ ਆਪਣੇ ਮਨਸ਼ੇ ਨਾਲ ਇਕਸੁਰਤਾ ਨਹੀਂ ਰਹਿੰਦੀ। ਉਸ ਦੀਆਂ ਸਰਗਰਮੀਆਂ ਬੇਸਿੱਟਾ ਰਹਿੰਦੀਆਂ ਹਨ। ਕਈ ਵਰ੍ਹਿਆ ਦੀ ਭੱਜ-ਦੌੜ ਬਾਅਦ ਲਗਦਾ ਹੈ, ਕਿ ਗੱਲ ਬਣੀ ਨਹੀਂ। ਇਸ ਲਈ ਉਕਤ ਸੂਤਰ ਨੂੰ ਯਾਦ ਰੱਖਣਾ ਚਾਹੀਦਾ ਹੈ।

ਅੰਤਿਕਾ: ਜੇ ਸ਼ੇਰ ਦਾ ਸ਼ਿਕਾਰ ਕਰਨ ਨਿਕਲੇ ਹੋ ਤਾਂ ਆਪਣਾ ਗੋਲੀ-ਬਾਰੂਦ ਚਿੜੀਆਂ ਜਨੌਰਾਂ 'ਤੇ ਨਸ਼ਟ ਨਾ ਕਰੋ।

– gondarasa@yahoo.com

ਲਹੂ-ਲੁਹਾਣ ਸ਼ਹਿਰ



ਮਜ਼੍ਹਬਾਂ ਦਾ ਤਰਾਜੂ ਹੱਥ ਵਿੱਚ ਫੜ੍ਹ ਲੁੱਟੇ,
ਇਨਸਾਨਾਂ! ਇਨਸਾਨ ਤੇਰੇ ਸ਼ਹਿਰ ਵਿੱਚ।
ਦੰਗੇ ਫਸਾਦ ਤੇ ਫਿਰਕਾਪ੍ਰਸਤੀ ਵਿਕਦੀ,
ਹੈ ਨਫ਼ਰਤ ਦੀ ਦੁਕਾਨ ਤੇਰੇ ਸ਼ਹਿਰ ਵਿੱਚ।
ਛਵੀਆਂ, ਟੋਕੇ, ਤਲਵਾਰਾਂ, ਖੰਜਰ ਖੜਕੇ,
ਸੜਕਾਂ ਲਹੂ-ਲੁਹਾਣ ਤੇਰੇ ਸ਼ਹਿਰ ਵਿੱਚ।
ਪਿਓ ਨੇ ਚੁੱਕੀ ਪੁੱਤ ਦੀ ਅਰਥੀ,
ਰੱਬ, ਅੱਲ੍ਹਾ, ਭਗਵਾਨ ਲੜੇ ਤੇਰੇ ਸ਼ਹਿਰ ਵਿੱਚ।
ਹਿੰਦੂ, ਸਿੱਖ, ਇਸਾਈ, ਮੁਸਲਿਮ ਸਾਰੇ ਤੱਕੇ
ਨਾ ਡਿੱਠਾ ਮਨੁੱਖ ਤੇਰੇ ਸ਼ਹਿਰ ਵਿੱਚ।

ਜਸਵੀਰ ਸੋਨੀ

ਤਿਲਕਣੀ ਉਮਰ ਹੈ ਕਿਸ਼ੋਰ ਅਵਸਥਾ



ਡਾ. ਸ਼ਿਆਮ ਸੁੰਦਰ ਦੀਪਤੀ

ਕਿਸ਼ੋਰ ਅਵਸਥਾ ਬਾਰੇ ਗੱਲਬਾਤ ਦਾ ਉਭਾਰ ਪਿਛਲੇ ਕੁੱਝ ਕੁ ਸਾਲਾਂ ਤੋਂ ਸਾਹਮਣੇ ਆਇਆ ਹੈ। ਰਿਵਾਇਤੀ ਤੌਰ ’ਤੇ ਅਸੀਂ ਬਚਪਨ, ਜਵਾਨੀ ਅਤੇ ਬੁਢਾਪੇ ਦੇ ਪੜਾਅ ਨੂੰ ਹੀ ਜ਼ਿੰਦਗੀ ਦੇ ਮੁੱਖ ਪੜਾਅ ਸਮਝਦੇ ਆ ਰਹੇ ਹਾਂ। ਇਹ ਨਹੀਂ ਕਿ ਕਿਸ਼ੋਰ ਅਵਸਥਾ ਦਾ ਸਮਾਂ ਉਦੋਂ ਨਹੀਂ ਸੀ ਹੁੰਦਾ, ਪਰ ਇਸ ਦੀ ਨਿਸ਼ਾਨਦੇਹੀ ਨਹੀਂ ਸੀ ਹੋਈ, ਕਿਉਂ ਜੋ ਪਰਿਵਾਰਕ ਬਣਤਰ ਦੇ ਤਹਿਤ ਉਮਰ ਦਾ ਇਹ ਸਮਾਂ ਬਚਪਨ ਅਤੇ ਜਵਾਨੀ ਵਿੱਚ ਹੀ ਲੰਘ ਜਾਂਦਾ ਸੀ। ਹੌਲੀ-ਹੌਲੀ ਅਸੀਂ ‘ਟੀਨੇਜਰਜ (ਕਿਸ਼ੋਰਾਂ)’ ਦੀ ਪਛਾਣ ਕੀਤੀ, ਮਤਲਬ ਥਰਟੀਨ (13) ਤੋਂ ਨਾਇਨਟੀਨ (19) ਉਮਰ (ਜਿੰਨ੍ਹਾਂ ਨਾਲ ਟੀਨ ਲੱਗਦਾ ਹੈ), ਇਹ ਸੱਤ ਵਰ੍ਹੇ ਦਾ ਸਮਾਂ। ਮੈਡੀਕਲ ਤਹਿਤ ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਿਰ, ਜਨਮ ਤੋਂ ਚੌਦਾਂ ਸਾਲ ਤੱਕ ਦੀ ਉਮਰ ਦੇ ਮਾਹਿਰ ਹੁੰਦੈ। ਵੋਟ ਦੀ ਉਮਰ ਜਾਂ ਡਰਾਈਵਿੰਗ ਲਾਈਸੈਂਸ ਦੀ ਉਮਰ ਅਠਾਰਾਂ ਸਾਲ ਦੀ ਮਿਥੀ ਅਤੇ ਇਸੇ ਤਰ੍ਹਾਂ ਵਿਆਹ ਕਰਵਾਉਣ ਦੀ ਕਾਨੂੰਨੀ ਉਮਰ ਵੀ। ਪਰ ਵੱਖ-ਵੱਖ ਵਿਸ਼ਿਆਂ ਦੀਆਂ ਖੋਜਾਂ ਦੇ ਮੱਦੇਨਜ਼ਰ, ਵਿਸ਼ਵ ਸਿਹਤ ਸੰਸਥਾ ਦੀ ਮਾਹਿਰ ਕਮੇਟੀ ਨੇ ਆਖਰ ਕਿਸ਼ੋਰ ਅਵਸਥਾ ਨੂੰ ਨੌਂ ਤੋਂ ਉੱਨੀਂ ਸਾਲ ਦਾ ਸਮਾਂ ਐਲਾਨਿਆ।

ਇਕ ਵਾਰੀ ਅਜੀਬ ਜਿਹਾ ਲੱਗਦਾ ਹੈ। ਕਿੱਥੇ ਨੌਂ ਸਾਲ ਦਾ ਬੱਚਾ ਅਤੇ ਦੂਸਰੇ ਪਾਸੇ ਉੱਨੀ ਸਾਲ ਦੀ ਉਮਰ, ਜਿਸ ਦੀ ਗੋਦ ਵਿਚ ਖੇਡ ਰਿਹਾ ਬੱਚਾ। ਇਹ ਦਸ ਸਾਲ ਦਾ ਪੜਾਅ, ਫਿਰ ਵੀ ਕੁੱਝ-ਕੁ ਖਾਸੀਅਤਾਂ ਕਰਕੇ ਇੱਕ ਵਰਗ ਹੈ। ਇਹ ਗੱਲ ਵੀ ਸਮਝਣ ਵਾਲੀ ਹੈ ਕਿ ਮਨੁੱਖੀ ਵਿਕਾਸ ਦੇ ਅਨੇਕਾਂ ਪੱਖਾਂ ਦੇ ਮੱਦੇਨਜ਼ਰ, ਉਸ ਵਿਕਾਸ ਦੀ ਸ਼ੁਰੂਆਤ ਤਕਰੀਬਨ ਨੌਂ ਸਾਲ ਦੀ ਉਮਰ ਤੋਂ ਹੋਣੀ ਸ਼ੁਰੂ ਹੁੰਦੀ ਹੈ ਤੇ ਉੱਨੀ ਸਾਲ ਦੀ ਉਮਰ ਤੱਕ ਪਹੁੰਚਦੇ-ਪਹੁੰਚਦੇ ਤਕਰੀਬਨ ਮੁਕੰਮਲ ਹੋ ਜਾਂਦੀ ਹੈ, ਜਦੋਂ ਕੋਈ ਵੀ ਸ਼ਖ਼ਸ ਜਵਾਨੀ ਦੇ ਪੜਾਅ ਵਿਚ ਦਾਖਲ ਹੋ ਜਾਂਦਾ ਹੈ। ਇਹ ਵਿਕਾਸ ਪੱਖ ਹਨ, ਸਰੀਰਕ, ਸੈਕਸ ਸਬੰਧੀ, ਮਾਨਸਿਕ, ਸਮਾਜਿਕ ਅਤੇ ਬੌਧਿਕ।

ਜਿੱਥੋਂ ਤੱਕ ਸਰੀਰਕ ਪੱਖ ਦੀ ਗੱਲ ਹੈ, ਇਸ ਪੜਾਅ ’ਤੇ ਕੱਦ-ਕਾਠ ਦਾ ਤੇਜੀ ਨਾਲ ਵਧਣਾ ਸਭ ਜਾਣਦੇ ਅਤੇ ਮਹਿਸੂਸ ਕਰਦੇ ਹਨ ਤੇ ਤਕਰੀਬਨ ਉੱਨੀ-ਵੀਹ ਤੋਂ ਬਾਅਦ, ਕੱਦ ਵਧਣਾ, ਘੱਟ-ਵੱਧ ਹੀ ਦੇਖਣ ਨੂੰ ਮਿਲਦਾ ਹੈ। ਸੈਕਸ ਅੰਗਾਂ ਦੇ ਪੱਖ ਤੋਂ ਜੇ ਗੱਲ ਕੀਤੀ ਜਾਵੇ ਕਿ ਮਾਹਵਾਰੀ ਦੀ ਸ਼ੁਰੂਆਤ ਨੌਂ ਸਾਲ ਦੀ ਉਮਰ ’ਤੇ ਦੇਖੀ ਗਈ ਹੈ, ਭਾਵੇਂ ਔਸਤਨ ਇਹ ਗਿਆਰਾਂ-ਬਾਰਾਂ ਸਾਲ ’ਤੇ ਹੁੰਦੀ ਹੈ ਤੇ ਇਸ ਦਾ ਮਤਲਬ ਇਹੀ ਹੈ ਕਿ ਹੁਣ ਉਹ ਲੜਕੀ ਮਾਂ ਬਨਣ/ਗਰਭ ਧਾਰਨ ਕਰਨ ਦੇ ਯੋਗ ਹੋ ਗਈ ਹੈ। ਬੱਚੇਦਾਨੀ ਅਤੇ ਹੋਰ ਸਰੀਰਕ ਸਮਰੱਥਾਵਾਂ ਦੇ ਮੱਦੇਨਜ਼ਰ ਵਿਆਹ ਦੀ ਉਮਰ ਘੱਟੋ-ਘੱਟ ਅਠਾਰਾਂ ਸਾਲ ਮਿਥੀ ਗਈ ਹੈ, ਹੁਣ ਨਵੇਂ ਕਾਨੂੰਨ ਮੁਤਾਬਕ ਇੱਕੀ ਸਾਲ ਹੈ, ਤਾਂ ਜੋ ਉਹ ਮਾਂ ਬਣ ਕੇ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਣ ਦੇ ਕਾਬਲ ਵੀ ਹੋ ਜਾਵੇ।

ਇਸ ਦੇ ਨਾਲ ਹੀ, ਭਾਵ ਸਰੀਰ ਅਤੇ ਸੈਕਸ ਅੰਗਾਂ ਦੇ ਵਿਕਾਸ ਦੇ ਨਾਲ, ਪਰਿਵਾਰਕ ਰਿਸ਼ਤਿਆਂ ਤੋਂ ਅੱਗੇ ਸਕੂਲ/ਗਲੀ-ਗੁਆਂਢ ਵਿਚ ਹੋ ਰਹੀਆਂ ਦੋਸਤੀਆਂ ਦਾ ਨਵਾਂ ਦੌਰ, ਆਪਣੇ ਆਪ ਬਾਰੇ ਸੁਚੇਤਤਾ ਅਤੇ ਬੌਧਿਕ ਵਿਕਾਸ ਸਭ ਸਪਸ਼ਟ ਨਜ਼ਰ ਆ ਰਿਹਾ ਹੁੰਦਾ ਹੈ।

ਇਹ ਸਮਾਂ ਚੁਣੌਤੀਆਂ ਭਰਿਆ ਹੈ ਕਿਉਂਕਿ ਕੱਦ-ਕਾਠ ਤੇ ਵਾਧੇ ਲਈ ਵਧੀਆ ਅਤੇ ਵੱਧ ਪੌਸ਼ਟਿਕ ਖੁਰਾਕ ਦੀ ਲੋੜ ਹੁੰਦੀ ਹੈ। ਸੈਕਸ ਅੰਗਾਂ ਵਿਚ ਆਈ ਸਰਗਰਮੀ ਕਾਰਨ, ਇਸ ਸਥਿਤੀ ਪ੍ਰਤੀ ਵਿਗਿਆਨਕ ਸੂਝ ਨਾਲ ਜੋੜਨ-ਲੈਸ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਇਸ ਪ੍ਰਕ੍ਰਿਆ ਦੀ ਅਗਿਆਨਤਾ ਨੂੰ ਲੈ ਕੇ ਸਰੀਰਕ ਅਤੇ ਮਾਨਸਿਕ ਵਿਕਾਰ ਪੈਦਾ ਹੋਣ ਤੋਂ ਰੋਕੇ ਜਾ ਸਕਣ। ਆਪਣੇ ਆਪ ਪ੍ਰਤੀ ਸੋਝੀ ਅਤੇ ਅਹਿਸਾਸ, ਅਤੇ ਸਮਾਜ ਨਾਲ ਬਦਲ ਰਹੇ ਰਿਸ਼ਤਿਆਂ ਦੇ ਦੌਰਾਨ ਸਮਾਜਿਕ ਮੁਹਾਰਤਾਂ ਦੀ ਅਹਿਮ ਭੂਮਿਕਾ ਹੈ ਤਾਂ ਜੋ ਮਨ ਦੀ ਪਰੇਸ਼ਾਨੀ ਅਤੇ ਬੇਚੈਨੀ ਤੋਂ ਬਚਿਆ ਜਾ ਸਕੇ।

ਸਭ ਤੋਂ ਅਹਿਮ ਇਨ੍ਹਾਂ ਸਾਰੇ ਧਰਾਤਲਾਂ ਦੇ ਚਲਿਆਂ ਬੌਧਿਕ ਵਿਕਾਸ ਹੈ, ਜਿਸ ਦੇ ਤਹਿਤ ਉਹ ਆਪਣੀ ਜਿਗਿਆਸੂ ਪ੍ਰਵਿਰਤੀ ਵਿਚ, ਹਰ ਵਰਤਾਰੇ ਦੇ ਕਾਰਨ ਜਾਨਣ ਦਾ ਇਛੁੱਕ ਹੁੰਦਾ ਹੈ। ਇਸ ਪੜਾਅ ’ਤੇ ਆਪਣੇ ਸਰੀਰ ਅੰਦਰ ਹੋ ਰਹੇ ਵਿਕਾਸ ਦੇ ਹਰ ਪਹਿਲੂ ਪ੍ਰਤੀ ਉਸ ਦੇ ਮਨ ਵਿਚ ਸਵਾਲ ਉੱਠਦੇ ਹਨ। ਸਰੀਰਕ ਪੱਖ ਤੋਂ ਉਹ ਸਵਾਲ ਹੁੰਦੇ ਹਨ, ਮੈਂ ਕੱਦ ਵਿਚ ਗਿੱਠਾ ਕਿਉਂ ਹਾਂ, ਮੇਰਾ ਰੰਗ ਸਾਂਵਲਾ ਜਾਂ ਕਾਲਾ ਕਿਉਂ ਹੈ? ਇਸ ਤਰ੍ਹਾਂ ਹੋਰ ਸਵਾਲ ਹਨ, ਮੈਨੂੰ ਖਾਣ ਲਈ ਪੂਰਾ ਕਿਉਂ ਨਹੀਂ ਮਿਲਦਾ ਜਾਂ ਮੈਂ ਜੋ ਖਾਣਾ ਚਾਹੁੰਦਾ ਹੈ, ਉਹ ਕਿਉਂ ਨਹੀਂ ਮਿਲਦਾ? ਮੈਂ ਵੱਡੇ ਸਕੂਲ ਵਿਚ, ਬਸ ਵਿਚ ਬੈਠ

ਕੇ ਜਾਣ ਵਾਲੇ ਸਕੂਲ ਵਿੱਚ ਕਿਉਂ ਨਹੀਂ ਪੜ੍ਹਣ ਜਾ ਸਕਦਾ, ਮੈਨੂੰ ਮੁੰਡਿਆਂ ਨਾਲ ਖੇਡਣ ਤੋਂ ਜਾਂ ਕੁੜੀਆਂ ਨਾਲ ਦੋਸਤੀ ਕਰਨ ਤੋਂ ਕਿਉਂ ਵਰਜਿਆ ਜਾਂਦਾ ਹੈ? ਇਕ ਖਾਸ ਜਾਤ ਨਾਲ ਦੋਸਤੀ ਕਿਉਂ ਮਨ੍ਹਾਂ ਕੀਤੀ ਜਾਂਦੀ ਹੈ? ਇਸੇ ਤਰ੍ਹਾਂ ਮਾਹਵਾਰੀ ਨੂੰ ਲੈ ਕੇ ਜਾਂ ਵੀਰਜ ਖਾਰਜ ਵਾਲੀ ਕ੍ਰਿਆ ਸੁਪਨਦੋਸ਼ ਨੂੰ ਲੈ ਕੇ ਵੀ ਸਵਾਲ ਉੱਠਦੇ ਹਨ, ਤੇ ਇਹ ਪ੍ਰਕ੍ਰਿਆ ਸਮਾਜ ਨਾਲ ਜੁੜੇ ਵੱਡੇ ਸਵਾਲਾਂ ਤੱਕ ਲੈ ਜਾਂਦੀ ਹੈ, ਜਿਵੇਂ ਅਸੀਂ ਗਰੀਬ ਕਿਉਂ ਹਾਂ? ਇਸ ਪੜਾਅ 'ਤੇ ਹੀ ਬੱਚਾ ਧਾਰਮਿਕ ਅਤੇ ਰਾਜਨੀਤਿਕ ਨੇਤਾਵਾਂ ਦੇ ਕਿਰਦਾਰ ਵੱਲ ਉਂਗਲ ਕਰਦਾ ਹੈ।

ਇਹ ਸਮਾਂ ਮੰਗ ਕਰਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਉੱਠ ਰਹੇ ਸਵਾਲਾਂ ਦੇ ਜਵਾਬ ਮਿਲਣ। ਬਹੁਤ ਸਾਰੇ ਸਵਾਲ ਇਸ ਉਮਰ ਦੇ ਵਿਕਾਸ ਦੇ ਸਹਿਜ ਸਵਾਲ ਹਨ, ਜਿੰਨ੍ਹਾਂ ਦੇ ਜਵਾਬ ਦੇਣ ਦਾ ਮਾਹੌਲ ਨਹੀਂ ਹੈ ਜਾਂ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਇਸ ਦੀ ਸਿਖਲਾਈ ਨਹੀਂ ਹੈ। ਕਈ ਤਾਂ ਵਰਜਿਤ ਵਿਸ਼ੇ ਹੀ ਐਲਾਨੇ ਗਏ ਹਨ। ਉਂਝ ਵੱਡਿਆਂ ਦੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਸਵਾਲ ਨਾ ਹੀ ਕੀਤੇ ਜਾਣ।

ਸਵਾਲ ਖੜ੍ਹੇ ਕਰਨ ਦੀ ਉਮਰ, ਤੇਰਾਂ-ਚੌਦਾਂ ਸਾਲ ਦੀ ਉਮਰ, ਪ੍ਰਾਇਮਰੀ ਸਕੂਲ ਪਾਸ ਕਰਕੇ, ਮਿਡਲ ਜਾਂ ਸੈਕੰਡਰੀ ਸਕੂਲ ਵਿਚ ਦਾਖਲੇ ਦੀ ਉਮਰ ਹੈ। ਮਾਂ-ਪਿਉ ਬੱਚਿਆਂ ਦੇ ਇਸ ਸਵਾਲ ਖੜ੍ਹੇ ਕਰਨ ਦੇ ਸਹਿਜ ਅਤੇ ਕੁਦਰਤੀ ਗੁਣ ਨੂੰ, ਸਕੂਲ ਬਦਲਣ ਅਤੇ ਨਵੇਂ ਦੋਸਤਾਂ ਦੀ ਸੰਗਤ ਨਾਲ ਜੋੜ ਕੇ, ਉਸ ਮਾਹੌਲ ਦਾ ਕਸੂਰ ਸਮਝ ਕੇ, ਬੱਚਿਆਂ ਨੂੰ 'ਵਿਗੜ ਗਿਆ' ਕਹਿੰਦੇ ਹਨ।

ਜਦੋਂ ਬੱਚਿਆਂ ਨੂੰ ਅਜਿਹਾ ਮਾਹੌਲ ਮਿਲੇ ਕਿ ਸਵਾਲ ਪੁੱਛੇ ਨਹੀਂ ਜਾ ਸਕਦੇ, ਸਵਾਲ ਪੁੱਛਣ ਵੇਲੇ ਝਿੜਕਿਆ ਜਾਂਦਾ ਹੈ ਜਾਂ ਚੁੱਪ ਕਰਵਾਉਣ ਦੀ ਪ੍ਰਵਿਰਤੀ ਹੈ ਤਾਂ ਉਦੋਂ ਮਾਪੇ ਸਮਝਦੇ ਹਨ ਕਿ ਮਸਲਾ ਹੱਲ ਹੋ ਗਿਆ ਹੈ। ਇਹ ਮਾਪਿਆਂ ਜਾਂ ਅਧਿਆਪਕਾਂ ਦਾ ਭੁਲੇਖਾ ਹੁੰਦਾ ਹੈ। ਕੁਦਰਤੀ ਵਿਕਾਸ ਨੇ ਆਪਣੀ ਰਾਹੇ ਤੁਰਨਾ ਹੁੰਦਾ ਹੈ। ਬੱਚੇ ਦੇ ਮਨ ਵਿੱਚ ਸਵਾਲ ਉੱਠਦੇ ਹੀ ਹਨ ਤੇ ਉਹ ਉੱਥੇ ਹੀ ਰਹਿ ਜਾਂਦੇ ਹਨ, ਇਕ ਗੰਢ ਬਣ ਕੇ ਜਾਂ ਵੱਧ ਤੋਂ ਵੱਧ ਉਹ ਆਪਣੀ ਹਮਉਮਰ ਦੇ ਸਾਥੀਆਂ ਨਾਲ ਚਰਚਾ ਕਰਦੇ ਹਨ। ਥੋੜ੍ਹੀ ਬਹੁਤ ਪਰੇਸ਼ਾਨੀ ਘੱਟ ਹੁੰਦੀ ਹੈ, ਪਰ ਇਸ ਤੋਂ ਛੁਟਕਾਰਾ ਨਹੀਂ ਮਿਲਦਾ। ਜਵਾਬ ਦੀ ਤਲਾਸ਼ ਵਿੱਚ ਫਿਰ ਹੋਰ ਰਾਹ ਨਜ਼ਰ ਆਉਂਦੇ ਹਨ, ਜੋ ਭਟਕਾਉਂਦੇ ਵੱਧ ਹਨ ਤੇ ਫਿਰ ਮਾਪਿਆਂ ਨੂੰ ਉਹ ਭਟਕਣ ਖਿੱਝ ਚੜ੍ਹਾਉਂਦੀ ਹੈ, ਗੁੱਸਾ ਵੀ ਦਿਵਾਉਂਦੀ ਹੈ, ਜਦੋਂ ਕਿ ਇਸ ਦਾ ਹੱਲ ਵੀ ਮਾਪਿਆਂ ਕੋਲ ਹੈ। ਸਭ ਤੋਂ ਵੱਡੀ ਦਿੱਕਤ ਹੈ ਆਪਸੀ ਸੰਵਾਦ ਦੀ ਘਾਟ।

ਉਮਰ ਦਾ ਇਹ ਅਜਿਹਾ ਪੜਾਅ ਹੈ ਜਦੋਂ ਬੱਚਾ ਨੌਜਵਾਨੀ ਵੱਲ ਕਦਮ ਰੱਖਣ ਜਾ ਰਿਹਾ ਹੈ। ਇੱਕ ਦੁਚਿੱਤੀ ਜੋ ਬੱਚੇ ਹੰਢਾਉਂਦੇ ਹਨ ਕਿ ਉਹ ਕਦੇ ਬੱਚਾ ਕਹਿ ਕੇ ਵੱਡਿਆਂ ਦੀ ਸੰਗਤ ਤੋਂ ਬਾਹਰ ਕਰ ਦਿੱਤੇ ਜਾਂਦੇ ਹਨ ਤੇ ਕਦੇ ਬੱਚਿਆਂ ਵਿੱਚ ਖੇਡਦਿਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਤੁਸੀਂ ਬੱਚੇ ਨਹੀਂ ਰਹੇ। ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਹ ਅਸਲ ਵਿੱਚ ਹਨ ਕੀ? ਉਹ ਸਮਝ ਨਹੀਂ ਪਾਉਂਦੇ ਕਿ ਉਨ੍ਹਾਂ ਤੋਂ ਮਾਪੇ ਕੀ ਚਾਹੁੰਦੇ ਹਨ ਜਾਂ ਅਧਿਆਪਕ ਉਨ੍ਹਾਂ ਤੋਂ ਕੀ ਤਵੱਕੋ ਕਰਦੇ ਹਨ? ਕਦੇ ਉਨ੍ਹਾਂ ਨੂੰ ਬੱਚਾ ਕਹਿਣਾ, ਕਦੇ ਕੱਦ ਅਤੇ ਮੂੰਹ 'ਤੇ ਆ ਰਹੀਆਂ ਮੁੱਛਾਂ-ਦਾੜ੍ਹੀ ਦਾ ਵਾਸਤਾ ਦੇ ਕੇ ਸਿਆਣਪ ਦੀ ਆਸ ਕਰਨੀ, ਕਸ਼ਮਕਸ਼ ਪੈਦਾ ਕਰਦੀ ਹੈ। ਇਸ ਤਰ੍ਹਾਂ ਮਾਪਿਆਂ ਦਾ ਵਿਵਹਾਰ ਕੁੱਝ ਹਾਸਲ ਕਰਨ ਦੀ ਥਾਂ, ਸ਼ਖ਼ਸੀਅਤ ਵਿੱਚ ਵਿਗਾੜ ਹੀ ਪੈਦਾ ਕਰਦਾ ਹੈ।

ਇਸ ਉਮਰ ਦੇ ਵਿਕਾਸ ਤੋਂ ਬੇਖਬਰ, ਆਪਣੇ ਅੰਦਾਜ਼ਿਆਂ ਨਾਲ ਅਸੀਂ ਉਨ੍ਹਾਂ ਬੱਚਿਆਂ ਤੋਂ ਬਹੁਤ ਆਸ ਕਰਦੇ ਹਾਂ। ਕੱਦ ਦੇ ਵਾਧੇ ਨਾਲ ਸਿਆਣਪ ਆਪੇ ਨਹੀਂ ਵੱਧ ਜਾਂਦੀ। ਦਿਮਾਗ, ਜੋ ਕਿ ਸਿਆਣਪ ਦੀ ਸੀਟ ਹੈ, ਉਹ ਜ਼ਰੂਰ ਆਪਣਾ ਵਿਕਾਸ ਕਰ ਰਿਹਾ ਹੁੰਦਾ ਹੈ, ਪਰ ਉਸ ਨੂੰ ਸਿਆਣਪ ਨਾਲ ਲੈਸ ਕਰਨਾ ਮਾਪਿਆਂ ਅਤੇ ਅਧਿਆਪਕਾਂ ਦਾ ਕੰਮ ਹੈ। ਇੱਥੇ ਜੋ ਗੱਲ ਸਮਝਣ ਵਾਲੀ ਹੈ, ਕਿ ਜਿਸ ਤਰ੍ਹਾਂ ਦੇ ਵਿਵਹਾਰ-ਕਿਰਦਾਰ ਦੀ ਅਸੀਂ ਉਨ੍ਹਾਂ ਤੋਂ ਆਸ ਕਰਦੇ ਹਾਂ ਉਹ ਪਹਿਲਾਂ ਬੱਚਿਆਂ ਦੇ ਦਿਮਾਗ ਵਿੱਚ ਪਾਉਣਾ ਪਵੇਗਾ। ਅਸੀਂ ਕੰਪਿਊਟਰ ਨੂੰ ਬਹੁਤ ਹੀ ਲਾਜਵਾਬ ਮਸ਼ੀਨ ਕਹਿੰਦੇ ਹਾਂ, ਉਹ ਹੈ ਵੀ ਤੇ ਨਾਲੇ ਉਹ ਬਿਲਕੁਲ ਦਿਮਾਗ ਦੀ ਤਰ੍ਹਾਂ ਕੰਮ ਕਰਦਾ ਹੈ, ਪਰ ਜੋ ਕੁੱਝ ਤੁਸੀਂ ਕੰਪਿਊਟਰ ਵਿੱਚੋਂ ਤਲਾਸ਼ ਕਰਦੇ ਹੋ, ਉਸ ਵਿਚੋਂ ਉਹੀ ਜਾਣਕਾਰੀ ਹਾਸਲ ਕਰ ਸਕੋਂਗੇ ਜੋ ਪਹਿਲਾਂ ਉਸ ਵਿਚ ਪਾਈ ਹੋਈ ਹੈ।

ਬੱਚਿਆਂ ਨੂੰ ਅਸੀਂ ਉਨ੍ਹਾਂ ਦੇ ਵਿਵਹਾਰ ਵਿੱਚ ਆਏ ਵਿਗਾੜ ਲਈ ਕੋਸਦੇ-ਡਾਂਟਦੇ ਹਾਂ। ਪਰ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮਾਪਿਆਂ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਦੇ ਧੀ-ਪੁੱਤਾਂ ਦੇ ਦੋਸਤ ਕੌਣ-ਕੌਣ ਹਨ। ਬੱਚਿਆਂ ਦਾ ਉੱਠਣ ਬੈਠਣ ਕਿਹੜੇ ਬੱਚਿਆਂ ਨਾਲ ਹੈ। ਉਹ ਸਕੂਲ ਤੋਂ ਇਲਾਵਾ ਹੋਰ ਕਿਧਰ ਘੁੰਮਦੇ ਹਨ। ਬਹੁਤੇ ਮਾਪੇ ਇਸ ਉਮਰ 'ਤੇ ਇੰਸਪੈਕਟਰੀ ਵੱਧ ਕਰਦੇ ਹਨ ਤੇ ਉਸੇ ਤਰ੍ਹਾਂ ਹੀ ਬੱਚਿਆਂ ਨਾਲ ਵਿਵਹਾਰ ਕਰਦੇ ਹਨ ਪਰ ਮਾਪਿਆਂ ਨੂੰ ਇੰਸਪੈਕਟਰ ਦੀ ਥਾਂ ਨਿਗਰਾਨ ਬਨਣਾ ਚਾਹੀਦਾ ਹੈ। ਮਾਪਿਆਂ ਨੂੰ ਪਤਾ ਹੋਵੇ ਕਿ ਬੱਚੇ ਕੀ ਕਰ ਰਹੇ ਹਨ ਤੇ ਫਿਰ ਸਮੇਂ ਸਮੇਂ ਨਾਲ ਬੈਠਾ ਕੇ ਕੁੱਝ ਹਿਦਾਇਤਾਂ ਕਰਨੀਆਂ

ਚਾਹੀਦੀਆਂ ਹਨ, ਮਤਲਬ ਸੰਵਾਦ ਬਣਾ ਕੇ ਰੱਖਣਾ। ਇਸ ਨਾਲ ਰਿਸ਼ਤੇ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ ਅਤੇ ਬੱਚੇ ਵਿਚ ਸਿਆਣਪ ਵਿਕਸਿਤ ਹੁੰਦੀ ਹੈ।

ਬੱਚੇ ਅਤੇ ਮਾਪਿਆਂ ਦੀ ਉਮਰ ਵਿੱਚ ਘੱਟੋ-ਘੱਟ ਵੀਹ ਸਾਲ ਦਾ ਫ਼ਰਕ ਤਾਂ ਹੁੰਦਾ ਹੈ। ਇਨ੍ਹਾਂ ਵੀਹਾਂ ਸਾਲਾਂ ਦੇ ਮੱਦੇਨਜ਼ਰ ਉਨ੍ਹਾਂ ਦੀ ਜਾਣਕਾਰੀ ਮੌਜੂਦਾ ਸਮੇਂ ਦੇ ਵੱਧ ਨੇੜੇ ਹੁੰਦੀ ਹੈ, ਖਾਸਕਰ ਜੇਕਰ ਮਾਪੇ ਆਪਣੇ ਆਪ ਨੂੰ ਸਮੇਂ ਦੇ ਹਾਣ ਦਾ ਬਣਾ ਕੇ ਨਹੀਂ ਰਖਦੇ। ਇਸ ਹਾਲਤ ਵਿੱਚ ਬੱਚਾ ਜੇ ਕੋਈ ਨਵੀਂ ਗੱਲ ਕਰਦਾ ਹੈ ਤੇ ਮਾਪਿਆਂ ਦੀ ਪੁਰਾਣੀ ਧਾਰਨਾ ਦਾ ਵਿਰੋਧ ਕਰਦਾ ਹੈ ਤਾਂ ਬੱਚੇ ਦਾ ਧੰਨਵਾਦ ਕਰਨਾ ਚਾਹੀਦਾ ਹੈ ਤੇ ਆਪਣੀ ਗਲਤ ਸਮਝ ਲਈ ਸੌਰੀ ਕਹਿਣ ਦੀ ਵੀ ਹਿੰਮਤ ਕਰਨੀ ਚਾਹੀਦੀ ਹੈ। ਬੱਚੇ 'ਤੇ ਰੋਅਬ ਪਾਉਣ ਲਈ, ਉਸ ਦੇ ਸਵਾਲ ਦਾ ਜਬਰਦਸਤੀ ਗਲਤ-ਮਲਤ ਜਵਾਬ ਦੇ ਕੇ ਟਾਲਣਾ ਨਹੀਂ ਚਾਹੀਦਾ। ਜੇਕਰ ਮਾਪਿਆਂ ਨੂੰ ਕੁੱਝ ਪਤਾ ਨਹੀਂ ਹੈ ਤਾਂ ਇਸ ਬਾਰੇ ਮੰਨਣਾ ਚਾਹੀਦਾ ਹੈ ਅਤੇ ਕਹਿਣਾ ਚਾਹੀਦਾ ਹੈ ਕਿ ਮੈਂ ਪਤਾ ਕਰਕੇ ਕੱਲ੍ਹ ਦੱਸਾਂਗਾ। ਇਸ ਨਾਲ ਸਗੋਂ ਮਾਪਿਆਂ ਦੀ ਵੱਧ ਇੱਜ਼ਤ ਹੁੰਦੀ ਹੈ।

ਇਕ ਕਹਾਣੀ ਨੁਮਾ ਵਰਤਾਰੇ ਦੀ ਗੱਲ ਨਾਲ ਸਮਝਦੇ ਹਾਂ, "ਇਕ ਪਿੰਡ ਵਿਚ ਇਕ ਤਲਾਅ ਵਿਚ ਕੁੱਝ ਬੱਚੇ ਨਹਾਉਂਦੇ ਹੋਏ ਡੁੱਬ ਗਏ। ਸਾਰੇ ਪਤਵੰਤੇ ਸਿਰ ਜੋੜ ਕੇ ਬੈਠੇ ਤੇ ਤਲਾਅ ਦੁਆਲੇ ਵਾੜ ਲਗਾਉਣ ਦਾ ਫੈਸਲਾ ਕੀਤਾ। ਬੱਚੇ, ਆਪਣੀ ਜਿਗਿਆਸਾ ਤਹਿਤ ਫਿਰ ਵੀ ਤਲਾਅ ਤੱਕ ਪਹੁੰਚ ਗਏ। ਇਕ ਵਾਰੀ ਫਿਰ ਹਾਦਸਾ ਹੋ ਗਿਆ। ਇਸ ਵਾਰੀ ਪਿੰਡ ਵਾਸੀਆਂ ਨੇ ਬਾਹਰੋਂ ਕੋਈ ਸਿਆਣੇ ਸੱਜਣ ਨੂੰ ਸੱਦਾ ਭੇਜਿਆ। ਵਿਚਾਰ ਚਰਚਾ ਮਗਰੋਂ ਫੈਸਲਾ ਹੋਇਆ ਕਿ ਤਲਾਅ ਨੂੰ ਪੂਰਨਾ ਜਾਂ ਵਾੜ ਲਗਾਉਣਾ ਹੱਲ ਨਹੀਂ ਹੈ। ਚਾਹੀਦਾ ਹੈ ਕਿ ਬੱਚਿਆਂ ਦੀ ਉਂਗਲ ਫੜ੍ਹ ਕੇ, ਨਾਲ ਲੈ ਕੇ ਜਾਓ। ਇਨ੍ਹਾਂ ਨੂੰ ਤੈਰਨਾ ਸਿਖਾਓ। ਜਦੋਂ ਇਹ ਤੈਰਨਾ ਸਿੱਖ ਜਾਣਗੇ, ਫਿਰ ਕਿਸੇ ਵੀ ਤਰ੍ਹਾਂ ਦੀ ਅਣਹੋਣੀ ਦਾ ਡਰ ਨਹੀਂ ਰਹਿਣਾ।"

ਇਸ ਘਟਨਾ-ਕਹਾਣੀ ਤੋਂ ਜੋ ਸਮਝਣ ਦੀ ਲੋੜ ਹੈ, ਉਹ ਇਹ ਕਿ ਦੁਨੀਆਂ ਜੋ ਇੱਕ ਤਲਾਅ ਦੀ ਤਰ੍ਹਾਂ ਹੈ, ਉੱਥੇ ਹਾਦਸੇ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਤੇ ਇਸਦਾ ਹੱਲ ਇੱਕੋ ਹੀ ਹੈ ਕਿ ਬੱਚਿਆਂ ਨੂੰ ਉਨ੍ਹਾਂ ਪ੍ਰਤੀ ਜਾਗਰੂਕ ਕੀਤਾ ਜਾਵੇ ਤਾਂ ਜੋ ਉਹ ਉਨ੍ਹਾਂ ਨੂੰ ਸੰਜੀਦਗੀ ਨਾਲ ਸਮਝ ਕੇ ਹੱਲ ਕਰ ਸਕਣ ਦੇ ਕਾਬਲ ਹੋਣ। ਮਤਲਬ ਕਿ ਆਪਸੀ ਗੱਲਬਾਤ, ਸੰਵਾਦ ਅਤੇ ਆਪਸੀ ਚਰਚਾ ਹੀ ਇਕੋ ਇੱਕ ਹੱਲ ਹੈ। ਇਹ ਉਮਰ ਤਿਲਕਣੀ ਇਸ ਕਰਕੇ ਹੈ ਕਿ ਇਹ ਬੱਚੇ ਨੂੰ ਕਿਸੇ ਵੀ ਪਾਸੇ ਲੈ ਜਾ ਸਕਦੀ ਹੈ, ਢਹਿ-ਢੇਰੀ ਕਰ ਸਕਦੀ ਹੈ, ਸੱਟ ਵੀ ਲਗ ਸਕਦੀ ਹੈ ਤੇ ਜੇਕਰ ਰਾਹ ਦੀ ਤਿਲਕਣ ਦਾ ਪਤਾ ਹੋਵੇ ਤਾਂ ਬੱਚਾ ਬੋਚ-ਬੋਚ ਕੇ ਪੈਰ ਧਰੇਗਾ ਤੇ ਤਿਲਕਣ ਵਾਲਾ ਰਾਹ ਸਹਿਜਤਾ ਨਾਲ ਲੰਘਾ ਲਵੇਗਾ। **98158-08506**

ਪੰਨਾ 6 ਦਾ ਬਾਕੀ... "ਮੇਰੀ ਅਗਲੀ ਬੇਨਤੀ ਹੈ ਕਿ ਮੈਨੂੰ ਇੱਥੇ ਆਉਣ ਪਿੱਛੋਂ 2 ਜਾਂ 3 ਖਤ ਅਤੇ ਇਕ ਪੈਕਟ, ਜਿਸ ਵਿਚ ਇਕ ਲਾਲ ਪੈਂਫਲਿਟ ਅਤੇ ਅਖਬਾਰ ਸੀ, ਮਿਲੇ ਹਨ, ਜਿਹੜੇ ਕਮਾਂਡਿੰਗ ਅਫ਼ਸਰ ਨੂੰ ਸੌਂਪ ਦਿੱਤੇ ਗਏ ਸਨ। ਉਸ ਨੇ ਵੀ ਇਹ ਤੁਹਾਨੂੰ ਭੇਜੇ ਹੋਣਗੇ। ਇਸ ਪਿੱਛੋਂ ਤਿੰਨ ਹੋਰ ਪੈਕਟ ਆਏ ਜਿਨ੍ਹਾਂ ਵਿਚ ਸ਼ਾਇਦ ਓਹੀ ਪੈਂਫਲਿਟ ਬੰਨ੍ਹੇ ਹੋਏ ਸਨ, ਜੋ ਕਮਾਂਡਿੰਗ ਅਫਸਰ ਨੇ ਨਸ਼ਟ ਕਰ ਦਿੱਤੇ ਸਨ।"

ਕਾਰਜਕਾਰੀ ਪ੍ਰਿੰਸੀਪਲ ਮੈਡੀਕਲ ਅਫਸਰ, ਜੋਂਬਾ ਨੇ ਡਾ. ਬੀਰ ਸਿੰਘ ਨੂੰ ਉੱਤਰ ਵਿਚ ਕੀ ਲਿਖਿਆ, ਇਹ ਤਾਂ ਪਤਾ ਨਹੀਂ ਲੱਗਾ ਪਰ ਉਸ ਦਾ ਧੰਨਵਾਦ ਕਰਨ ਅਤੇ ਹੋਰ ਸਪੱਸ਼ਟੀਕਰਨ ਦੇਣ ਵਾਸਤੇ ਡਾ. ਬੀਰ ਸਿੰਘ ਨੇ 22 ਜੁਲਾਈ 1914 ਨੂੰ ਕਿਲ੍ਹਾ ਮੈਂਗੋਚੇ ਤੋਂ ਇਹ ਖਤ ਲਿਖਿਆ:

"ਮੈਂ ਤੁਹਾਡੇ ਖਤ ਲਈ ਬਹੁਤ ਹੀ ਨਿਮਰਤਾ ਅਤੇ ਸਤਿਕਾਰ ਸਹਿਤ ਧੰਨਵਾਦ ਕਰਦਾ ਹਾਂ, ਕਿਉਂ ਜੋ ਇਹ ਖਤ ਭੇਜਣ ਵਾਲਾ ਮੇਰਾ ਭਤੀਜਾ ਹੈ, ਇਸ ਲਈ ਮੈਂ ਉਸ ਲੜਕੇ ਬਾਰੇ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਉਸ ਦੇ ਮਾਪੇ ਮਰ ਚੁੱਕੇ ਹਨ। ਹਿੰਦੁਸਤਾਨ ਵਿਚ ਉਸ ਦੀ ਕੇਵਲ ਇੱਕ ਭੈਣ ਹੈ। ਉਸ ਨੇ ਅਮਰੀਕਾ ਵਿਚ ਪੜ੍ਹਾਈ ਕਰਨ ਲਈ ਮੈਥੋਂ ਪੈਸੇ ਮੰਗੇ ਸਨ ਜੋ ਮੈਂ ਉਸ ਦੀ ਗਭਰੇਟ ਉਮਰ ਅਤੇ ਤਸੱਲੀਬਖਸ਼ ਪੱਧਰ ਦੀ ਸਿੱਖਿਆ ਪ੍ਰਾਪਤ ਨਾ ਹੋਣ ਕਾਰਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੈਂ ਇਹ ਵੀ ਸੁਣਿਆ ਸੀ ਕਿ ਉਹ ਇਖ਼ਲਾਕੀ ਤੌਰ ਉੱਤੇ ਵੀ ਚੰਗਾ ਨਹੀਂ ਹੈ ਜਿਸ ਕਾਰਨ ਯੂਨੀਵਰਸਿਟੀ ਵਿਚੋਂ ਦੋ ਸਾਲ ਲਈ ਕੱਢ ਦਿੱਤਾ ਗਿਆ ਸੀ। ਮੇਰੇ ਪਿਤਾ ਨੇ ਉਸ ਨੂੰ ਅਮਰੀਕਾ ਵਿਚ ਪੜ੍ਹਾਈ ਕਰਨ ਲਈ ਪੈਸਾ ਦਿੱਤਾ ਪਰ ਉਹ ਗੱਭਰੂ ਹੋਣ ਅਤੇ ਧਾਰਮਿਕ ਸਿੱਖਿਆ ਤੋਂ ਹੀਣਾ ਹੋਣ ਕਾਰਨ ਬਹੁਤ ਭੈੜਾ ਵਿਅਕਤੀ ਬਣ ਗਿਆ ਹੈ ਅਤੇ ਹੁਣ ਅਮਨ ਦੇ ਦੁਸ਼ਮਣਾਂ ਦੇ ਹੱਥ ਦਾ ਖਿਡਾਉਣਾ ਬਣ ਗਿਆ ਹੈ।"

"ਮੈਂ ਮੁੜ ਨਿਮਰਤਾ ਨਾਲ ਸੱਚੇ ਮਨੋਂ ਤੁਹਾਡੇ ਵੱਲੋਂ ਬਾਪ ਜੇਹੀ ਮਿਹਰਬਾਨੀ ਦਿਖਾਉਣ ਲਈ ਧੰਨਵਾਦ ਕਰਦਾ ਹਾਂ।" (**ਦੋਵੇਂ ਪੱਤਰ ਅੰਗਰੇਜ਼ੀ ਤੋਂ ਅਨੁਵਾਦ ਕੀਤੇ ਗਏ ਹਨ।**)

ਜ਼ਾਹਿਰ ਹੈ, ਉਹਨੀਂ ਦਿਨੀਂ ਦੇਸ਼ ਪ੍ਰੇਮ ਨੂੰ ਕਿੱਡਾ ਵੱਡਾ ਦੇਸ਼ ਧਰੋਹ ਸਮਝਿਆ ਜਾਂਦਾ ਸੀ ਅਤੇ ਇਸ ਰਾਹ ਉੱਤੇ ਚੱਲਣ ਵਾਲੇ ਦੇ ਸੰਬੰਧ ਵਿਚ ਉਸ ਦੇ ਆਪਣਿਆਂ ਦਾ ਖੂਨ ਵੀ ਕਿਵੇਂ ਚਿੱਟਾ ਹੋ ਜਾਂਦਾ ਸੀ? **94170-49417**

ਕੇਸ ਰਿਪੋਰਟ:

ਸੁਪਨ ਤਵੀਤ



- ਗੁਰਪ੍ਰੀਤ ਸ਼ਹਿਣਾ

ਪਿੰਡ ਵਿੱਚ ਵਸਦਾ ਦਰਮਿਆਨਾ ਪਰਿਵਾਰ। ਘਰ ਦਾ ਮੁਖੀ ਛੋਟਾ ਕਿਸਾਨ। ਆਪਣੀ ਥੋੜ੍ਹੀ ਖੇਤੀ ਨਾਲ ਘਰ ਦਾ ਗੁਜ਼ਾਰਾ ਤੋਰਦਾ। ਉਸਦਾ ਛੋਟਾ ਪਰਿਵਾਰ। ਲੋੜਾਂ ਵੀ ਸੀਮਤ। ਉਸਦੀ ਪਤਨੀ ਵੀ ਖੇਤ ਖਲਿਆਣ ਦੇ ਕੰਮਾਂ ਵਿੱਚ ਹੱਥ ਵਟਾਉਂਦੀ। ਸਾਰਾ ਦਿਨ ਖੇਤਾਂ ਵਿਚ ਮਿਹਨਤ ਕਰਦੇ। ਦੋਵੇਂ ਬੱਚਿਆਂ ਦੀਆਂ ਚੜ੍ਹਦੀਆਂ ਜਮਾਤਾਂ ਨਾਲ ਪੜ੍ਹਾਈ ਦਾ ਖਰਚਾ ਵਧਣ ਲੱਗਾ। ਲੜਕੀ ਬਾਰ੍ਹਵੀਂ ਜਮਾਤ ਵਿੱਚ ਹੋ ਗਈ। ਲੜਕਾ ਦਸਵੀਂ ਵਿੱਚ। ਕਦੇ ਕਦਾਈਂ ਉਹ ਵੀ ਮਾਂ ਬਾਪ ਨਾਲ ਕੰਮ ਵਿੱਚ ਹੱਥ ਵਟਾ ਦਿੰਦਾ। ਖਰਚੇ ਵੱਲੋਂ ਹੱਥ ਸੌਖਾ ਕਰਨ ਲਈ ਘਰ ਦਾ ਮੁਖੀ ਵਿੱਤ ਅਨੁਸਾਰ ਭੋਇੰ ਠੇਕੇ 'ਤੇ ਲੈਣ ਲੱਗਾ। ਇੱਕ ਏਕੜ ਵਿੱਚ ਸਬਜ਼ੀਆਂ ਲਗਾ ਲਈਆਂ।

ਕਿਰਤ ਦਾ ਜਸ:

ਬੱਚਿਆਂ ਦੀਆਂ ਕਲਾਸਾਂ ਵੱਡੀਆਂ ਹੋਣ ਕਰਕੇ ਉਹ ਸਕੂਲ ਦੇ ਕੰਮ ਤੋਂ ਵਿਹਲੇ ਨਾ ਹੁੰਦੇ। ਦੋਵਾਂ ਜੀਆਂ 'ਤੇ ਕੰਮ ਦਾ ਬੋਝ ਵਧਣ ਲੱਗਾ। ਉਹ ਸਿਰ ਸੁੱਟ ਕੇ ਕੰਮ ਵਿੱਚ ਲੱਗੇ ਰਹਿੰਦੇ। ਮਿਹਨਤ ਰਾਸ ਆਉਣ ਲੱਗੀ। ਸਬਜ਼ੀਆਂ ਤੋਂ ਚਾਰ ਪੈਸੇ ਘਰ ਆਉਣ ਲੱਗੇ। ਹਰੇਕ ਕੰਮ ਵਿੱਚ ਹੱਥ ਘੁੱਟਣ ਵਾਲੇ ਮਾਪੇ ਹੁਣ ਬੱਚਿਆਂ ਦੇ ਚਾਅ, ਮਲਾਰ ਪੂਰੇ ਕਰਨ ਲੱਗੇ। ਉਹ ਦੋਵੇਂ ਜੀਅ ਅਕਸਰ ਹੀ ਆਪਣੇ ਦੋਵਾਂ ਬੱਚਿਆਂ ਦੇ ਸੁਹਜ, ਸਿਆਣਪ ਬਾਰੇ ਗੱਲਾਂ ਕਰਕੇ, ਖ਼ੁਸ਼ੀ ਤੇ ਮਾਣ ਮਹਿਸੂਸ ਕਰਦੇ। ਆਰਥਿਕ ਪੱਖੋਂ ਹੱਥ ਸੌਖਾ ਹੋਣ ਕਰਕੇ ਪਰਿਵਾਰ ਰੰਗੀਂ ਵਸਣ ਲੱਗਾ। ਖੁਸ਼ੀ, ਗਮੀ ਦੇ ਮੌਕਿਆਂ 'ਤੇ ਰਿਸ਼ਤੇਦਾਰ ਮਿਲਦੇ ਗਿਲਦੇ। ਉਹ ਖੁਸ਼ੀ ਨਾਲ ਬਸਰ ਹੋ ਰਹੀ ਜ਼ਿੰਦਗੀ ਬਾਰੇ ਦੱਸਦੇ। ਬੇਟੀ ਰਮਨ ਬਾਰ੍ਹਵੀਂ ਵਿੱਚ ਕੀ ਹੋਈ। ਉਸਦੇ ਸੁਪਨਿਆਂ ਨੂੰ ਪਰ ਲੱਗਣ ਲੱਗੇ। ਉਸ ਦੀਆਂ ਗੱਲਾਂ 'ਚ ਉੱਚ ਪਾਏ ਦੇ ਰਹਿਣ ਸਹਿਣ ਦਾ ਚਾਅ ਹੁੰਦਾ। ਮਾਂ ਸਮਝਾਉਂਦੀ, ਧੀਏ, ਆਪਣੇ ਘਰ ਪਰਿਵਾਰ ਵੱਲ ਵੇਖ ਕੇ ਸੁਪਨੇ ਲੈਣਾ ਸਿੱਖ। ਰੀਸ ਆਪਣੇ ਵਰਗਿਆਂ ਦੀ ਕਰੀਏ ਤਾਂ ਰਾਸ ਆਉਂਦੀ ਹੈ। ਆਪਣੀ ਉਮਰ ਤੇ ਬਦਲੀ ਸੰਗਤ ਵਿੱਚ ਰਮਨ ਮਾਂ ਦੀਆਂ ਗੱਲਾਂ 'ਤੇ ਘੱਟ ਗੌਰ ਕਰਦੀ। ਹਰ ਵੇਲੇ ਛੋਟੇ ਭਰਾ ਨਾਲ ਵਿਚਰਨ ਵਾਲੀ ਰਮਨ ਦੀ ਰੁਚੀ ਇਕੱਲਤਾ ਵੱਲ ਵਧਣ ਲੱਗੀ। ਮਾਪਿਆਂ ਨੂੰ ਰਮਨ ਦਾ ਬਦਲ ਰਿਹਾ ਵਰਤ ਵਿਹਾਰ ਨਜ਼ਰ ਆਉਂਦਾ ਸੀ ਪਰ ਉਹ ਸੁਖਾਵੇਂ ਦਿਨਾਂ ਤੇ ਉਸਦੀ ਉਮਰ ਦੇ ਦੌਰ ਨੂੰ ਵੇਖਦਿਆਂ ਚੁੱਪ ਰਹਿੰਦੇ।

ਬਦਲਿਆ ਵਕਤ:

ਸਬਜ਼ੀਆਂ ਦੀ ਨਿੱਤ ਦੀ ਵੇਚ ਵੱਟਤ, ਅਲਮਾਰੀ ਦੇ ਲਾਕਰ ਵਿੱਚ ਪੈਸੇ ਪਏ ਰਹਿੰਦੇ। ਉਨ੍ਹਾਂ ਦਾ ਹਿਸਾਬ ਕਿਤਾਬ ਮੁਖੀ ਰਖਦਾ। ਲਾਕਰ ਖੁੱਲ੍ਹਾ ਹੁੰਦਾ। ਕਿਹੜਾ ਕਿਸੇ ਜੀਅ 'ਤੇ ਬੇਭਰੋਸਗੀ ਸੀ। ਇੱਕ ਦੋ ਵਾਰ ਮੁਖੀ ਨੂੰ ਪੈਸੇ ਗਿਣਦਿਆਂ ਸ਼ੱਕ ਪਿਆ। ਗਿਣ ਕੇ ਰੱਖੇ ਪੈਸਿਆਂ ਵਿੱਚੋਂ ਹਜ਼ਾਰ ਬਾਰਾਂ ਸੌ ਰੁਪਏ ਘੱਟ ਜਾਪੇ। ਉਸਨੇ ਆਪਣੀ ਪਤਨੀ ਨਾਲ ਗੱਲ ਸਾਂਝੀ ਕੀਤੀ। ਇਹ ਸੋਚ ਕੇ ਚੁੱਪ ਕਰ ਗਏ ਕਿ ਭੁਲੇਖਾ ਲੱਗ ਗਿਆ ਹੋਊ। ਗੱਲ ਆਈ ਗਈ ਹੋ ਗਈ। ਮਹੀਨੇ ਕੁ ਮਗ਼ਰੋਂ ਮੁਖੀ ਦੇ ਬਟੂਏ ਵਿੱਚੋਂ ਪੈਸੈ ਚੋਰੀ ਹੋ ਗਏ। ਘਰੇ ਕਿਸ 'ਤੇ ਸ਼ੱਕ ਕਰਦੈ। ਉਂਝ ਵੀ ਪਰਿਵਾਰ ਦਾ ਕੋਈ ਅਜਿਹਾ ਮੈਂਬਰ ਨਹੀਂ ਸੀ ਜਿਸ ਦੀਆਂ ਲੋੜਾਂ ਪੂਰੀਆਂ ਨਾ ਹੁੰਦੀਆਂ ਹੋਣ ਜਾਂ ਕੋਈ ਮਨ ਮੁਟਾਵ ਹੋਵੇ। ਉਨ੍ਹਾਂ ਖਿਆਲ ਰੱਖਣਾ ਸ਼ੁਰੂ ਕਰ ਦਿੱਤਾ। ਪੈਸੇ ਚੋਰੀ ਹੋਣ ਦੀਆਂ ਘਟਨਾਵਾਂ ਰੁਕ ਰੁਕ ਕੇ ਵਾਪਰਨ ਲੱਗੀਆਂ। ਇਹ ਚਿੰਤਾ ਘਰ ਦੇ ਕੰਮ ਕਾਰ ਤੇ ਆਪਸੀ ਵਰਤ ਵਿਹਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰਨ ਲੱਗੀ।

ਔਝੜ ਰਾਹਾਂ 'ਤੇ:

ਮੁਖੀ ਦੀ ਪਤਨੀ ਨੇ ਆਪਣੇ ਪੇਕਿਆਂ ਨਾਲ ਗੱਲ ਕੀਤੀ। ਅੱਜ ਕੱਲ੍ਹ ਤਾਂ ਵਸਦਿਆਂ ਰਸਦਿਆਂ ਨੂੰ ਵੇਖ ਆਪਣੇ ਭੈਣ ਭਰਾ ਸਾੜਾ ਕਰਦੇ ਹਨ। ਸ਼ਰੀਕਾਂ ਨੇ ਤਾਂ ਉਲਟ ਪੁਲਟ ਕਰਨਾ ਈ ਹੋਇਆ। ਉਸਦੀ ਮਾਂ ਦੀ ਰਾਇ ਸੀ। ਉਨ੍ਹਾਂ ਨੇ ਹੀ ਪੁੱਛਾਂ ਦੇਣ ਵਾਲੇ ਬਾਬੇ ਤੱਕ ਪਹੁੰਚ ਕੀਤੀ। ਚੇਲੇ ਨੇ ਸਾਰੀ ਗੱਲ ਸੁਣ ਆਪਣੀ ਭੇਂਟਾ ਲੈ ਉਪਾਅ ਕੀਤਾ। ਉਸਨੇ ਵੀ ਇਸਨੂੰ ਸ਼ਰੀਕਾਂ ਦਾ ਕੀਤਾ ਕਰਾਇਆ ਦੱਸਿਆ। ਨਾਲ ਹੀ ਪੂਜਾ ਪਾਠ ਨਾਲ ਇਹ ਮਸਲਾ ਹੱਲ ਕਰਨ ਦਾ ਯਕੀਨ ਦੁਆਇਆ। ਜਦ ਧਾਗੇ, ਤਵੀਤ ਪੀੜਤ ਪਰਿਵਾਰ ਵਿੱਚ ਪਹੁੰਚੇ ਤਾਂ ਮੁਖੀ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਜਾ ਪਹੁੰਚਿਆ।

ਪਤਨੀ ਵੱਲੋਂ ਵਾਰ ਵਾਰ ਘਰ ਦੇ ਭਲੇ ਲਈ ਇੱਕ ਮੌਕਾ ਮੰਗਣ 'ਤੇ ਉਹ ਚੁੱਪ ਕਰ ਗਿਆ। ਚੇਲੇ ਦੇ ਦੱਸਣ ਅਨੁਸਾਰ ਧਾਗੇ, ਤਵੀਤ ਬੰਨ੍ਹ ਦਿੱਤੇ। ਉਪਾਅ ਲਈ ਸੁੱਖ ਸੀਰਨੀ ਵੀ ਦੇ ਦਿੱਤੀ। ਕੁੱਝ ਦਿਨਾਂ ਲਈ ਘਰੇ ਸ਼ਾਂਤੀ ਰਹੀ। ਮਾਪਿਆਂ ਨੇ ਸੁਖ ਦਾ ਸਾਹ ਲਿਆ। ਰਮਨ ਦੇ ਵਧ ਰਹੇ ਖਰਚੇ ਮਾਪਿਆਂ ਨੂੰ ਅੱਖਰਨ ਲੱਗੇ। ਉਹ ਬਾਰ੍ਹਵੀਂ ਜਮਾਤ ਦੇ ਵਧੇ ਫ਼ੀਸ ਫੰਡਾਂ ਦੇ

ਨਾਂ ’ਤੇ ਖਰਚਾ ਮੰਗਦੀ ਸੀ। ਅਚਾਨਕ ਇੱਕ ਦਿਨ ਮੁਖੀ ਦਾ ਬਟੂਆ ਗੁੰਮ ਹੋ ਗਿਆ। ਉਸ ਵਿੱਚ ਦਿਨ ਭਰ ਵੇਚੀ ਸਬਜ਼ੀ ਦੀ ਵੱਟਤ ਦੇ ਪੈਸੇ ਅਤੇ ਜ਼ਰੂਰੀ ਕਾਗਜ਼ਾਤ ਵੀ ਸਨ। ਘਰ ਵਿੱਚ ਤਣਾਅ ਤੇ ਚਿੰਤਾ ਦਾ ਦੌਰ ਚੱਲ ਪਿਆ।

ਅੰਧਵਿਸ਼ਵਾਸ਼ ਦੀ ਮਾਰ:

ਉਨ੍ਹਾਂ ਨੂੰ ਪਿੰਡ ਦੇ ਆਪਣੇ ਖ਼ਾਸ ਆਦਮੀ ਨੇ ਇਸ ਕੰਮ ਦੇ ਮਾਹਰ ਬਾਬੇ ਦੀ ਦੱਸ ਪਾਈ। ਨਾਲ ਇਹ ਭਰੋਸਾ ਵੀ ਦਿੱਤਾ ਕਿ ਤੁਹਾਡਾ ਮਸਲਾ ਉਹ ਜਲਦ ਹੱਲ ਕਰ ਦੇਵੇਗਾ। ਮੁਖੀ ਵੀ ਮੰਨ ਗਿਆ। ਕੰਮ ਛੱਡ ਕੇ ਵੀਰਵਾਰ ਵਾਲੇ ਦਿਨ ਉਸ ਬਾਬੇ ਦੇ ਦਰ ’ਤੇ ਗਏ। ਪਿੰਡ ਵਿੱਚ ਬਣਿਆ ਡੇਰਾ। ਪੀੜਿਤ ਲੋਕਾਂ ਦੀ ਭੀੜ ਲੱਗੀ ਸੀ। ਜਦ ਉਨ੍ਹਾਂ ਨੂੰ ਆਵਾਜ਼ ਪਈ ਤਾਂ ਬਾਬੇ ਨੇ ਕਿਸੇ ਤਾਕਤਵਰ ਪ੍ਰੇਤ ਆਤਮਾ ਦਾ ਹਵਾਲਾ ਦਿੱਤਾ। ਉਸ ਆਤਮਾ ਨਾਲ ਸਿੱਝਣ ਲਈ ਪੂਜਾ ਅਰਚਨਾ ਵਾਸਤੇ ਮੋਟੀ ਫ਼ੀਸ ਮੰਗੀ। ਮਜਬੂਰੀ ਵੱਸ ਉਨ੍ਹਾਂ ਹਾਂ ਕੀਤੀ। ਹਫ਼ਤੇ ਭਰ ਦੀ ਕਮਾਈ ਰੋੜ੍ਹ ਕੇ ਘਰ ਪਰਤੇ। ਬਾਬੇ ਦੇ ਦੱਸੇ ਨਿਰਦੇਸ਼ਾਂ ਦੀ ਪਾਲਣਾ ਕਰਨ ਲੱਗੇ। ਅੰਦਰੋਂ ਦੋਵੇਂ ਜੀਅ ਡਰ ਗਏ ਸਨ। ਜਦ ਅਸੀਂ ਕਿਸੇ ਦਾ ਮਾੜਾ ਕਰਦੇ ਸੋਚਦੇ ਨਹੀਂ, ਫਿਰ ਸਾਡੇ ਹਸਦੇ ਵਸਦੇ ਘਰ ’ਤੇ ਮਾੜੀ ਨਜ਼ਰ ਕਿਉਂ!

ਘਰ ਦੀ ਹਾਲਤ ਤੇ ਵਾਪਰਦੀਆਂ ਘਟਨਾਵਾਂ ਦਾ ਸਾਰੇ ਆਂਢ ਗੁਆਂਢ ਨੂੰ ਪਤਾ ਲੱਗ ਗਿਆ। ਲੋਕ ਮੂੰਹੋਂ ਮੂੰਹੀਂ ਗੱਲਾਂ ਕਰਨ ਲੱਗੇ। ਆਪੋ ਆਪਣੀ ਸਮਝ ਅਨੁਸਾਰ ਸੁਝਾਅ ਰਾਇ ਦਿੰਦੇ। ਸਾਰੇ ਇਹੋ ਆਖ਼ਦੇ, ਅੱਜ ਦੇ ਜ਼ਮਾਨੇ ਵਿੱਚ ਕਿਸੇ ਨੂੰ ਸੁਖੀ ਵੇਖ ਕੇ ਕੋਈ ਨੀਂ ਖੁਸ਼ ਹੁੰਦਾ। ਘਰ ਦਾ ਮੁਖੀ ਆਪਣੇ ਖ਼ੇਤ ਦੇ ਕੰਮ ਵਿੱਚ ਹੀ ਰੁੱਝਿਆ ਰਹਿੰਦਾ। ਬਾਹਰ ਅੰਦਰ ਨਾ ਜਾਂਦਾ। ਘਰ ਦੇ ਚੁੱਪ ਚਾਪ ਮਾਹੌਲ ਵਿੱਚ ਘਟਨਾਵਾਂ ਇੱਕ ਵਾਰ ਕੁਝ ਦਿਨਾਂ ਲਈ ਰੁਕੀਆਂ। ਰਮਨ ਦਾ ਸੁਭਾਅ ਚਿੜਚਿੜਾ ਹੋਣ ਲੱਗਾ। ਸਕੂਲੋਂ ਘਰ ਆ ਕੇ ਉਸਦਾ ਜ਼ਿਆਦਾ ਵਕਤ ਮੋਬਾਈਲ ’ਤੇ ਬੀਤਦਾ। ਪੁੱਛਣ ’ਤੇ ਉਹ ਸਕੂਲ਼ ਦਾ ਕੰਮ ਕਰਦੀ ਦੱਸਦੀ। ਪਹਿਲਾਂ ਆਪਸ ਵਿੱਚ ਮੇਲ ਮਿਲਾਪ ਨਾਲ ਰਹਿੰਦੇ ਭੈਣ ਭਰਾ ਹੁਣ ਬਹਿਸਦੇ ਨਜ਼ਰ ਆਉਂਦੇ। ਇੱਕ ਨਵੀਂ ਘਟਨਾ ਨੇ ਸਾਰਿਆਂ ਨੂੰ ਚੌਂਕਾ ਦਿੱਤਾ। ਲਾਕਰ ਵਿੱਚ ਪਿਆ ਦੋ ਤੋਲੇ ਸੋਨਾ ਗੁੰਮ ਹੋ ਗਿਆ। ਸੋਨੇ ਦੀ ਥਾਂ ਪੰਜ ਸੱਤ ਤਵੀਤਾਂ ਦੀ ਪੋਟਲੀ ਮਿਲੀ। ਨਵੇਂ ਬਾਬੇ ਦਾ ਆਸਰਾ ਤੱਕਿਆ ਪਰ ਉੱਥੋਂ ਵੀ ਕੁਛ ਹੱਥ ਪੱਲੇ ਨਾ ਪਿਆ। ਨਿਰਾਸ਼ਾ ਦੇ ਆਲਮ ਵਿੱਚ ਭਟਕਦੇ ਪਰਿਵਾਰ ਨੂੰ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਰਾਹ ਪਾਇਆ। ਸਮਝਾਇਆ ਤੇ ਪ੍ਰੇਰਿਆ। ਉਹੀ ਘਰ ਦੇ ਮੁਖੀ ਨੂੰ ਸਾਡੇ ਕੋਲ ਲੈ ਕੇ ਆਇਆ।

ਸੁਖਾਵੇਂ ਰਾਹ ’ਤੇ :

ਅਸੀਂ ਮੁਖੀ ਤੋਂ ਪੂਰੀ ਕਹਾਣੀ ਸੁਣੀ। ਉਸਨੂੰ ਘਰ ਦਾ ਮਸਲਾ ਹੱਲ ਕਰਨ ਲਈ ਪਰਿਵਾਰ ਦਾ ਸਹਿਯੋਗ ਲਾਜ਼ਮੀ ਦੱਸਿਆ ਜਿਸ ਨੂੰ ਉਸਨੇ ਪੂਰਾ ਕਰਨ ਦਾ ਭਰੋਸਾ ਦਿੱਤਾ। ਮਿਥੇ ਦਿਨ ’ਤੇ ਅਸੀਂ ਉਨ੍ਹਾਂ ਦੇ ਘਰ ਪਹੁੰਚ ਕੇ ਪੜਤਾਲ ਆਰੰਭੀ। ਵਾਪਰੀਆਂ ਘਟਨਾਵਾਂ ਦੀਆਂ ਤੰਦਾਂ ਜੋੜੀਆਂ। ਪਰਿਵਾਰ ਦੇ ਚਾਰੇ ਮੈਂਬਰਾਂ ਨਾਲ ਵਾਰ ਵਾਰ ਗੱਲਬਾਤ ਕੀਤੀ। ਪਰਿਵਾਰ ਦੇ ਦੋਵੇਂ ਬੱਚਿਆਂ ਨੇ ਵੀ ਸਹਿਯੋਗ ਕੀਤਾ। ਲੜਕੇ ਵੱਲੋਂ ਦੱਸੀਆਂ ਕਈ ਗੱਲਾਂ ਨੇ ਮਸਲੇ ਦੇ ਹੱਲ ਦਾ ਰਾਹ ਪੱਧਰ ਕੀਤਾ। ਘਟਨਾਵਾਂ ਦਾ ਮੁੱਢ ਵਧਦੀਆਂ ਇੱਛਾਵਾਂ ਨੇ ਬੰਨ੍ਹਿਆਂ। ਚੜ੍ਹਦੀ ਉਮਰੇ ਨਵਾਂ ਸਾਥ, ਨਵੇਂ ਸੁਪਨੇ ਘਟਨਾਵਾਂ ਦਾ ਸਬੱਬ ਬਣਨ ਲੱਗੇ। ਭਾਵੇਂ ਮਾਪੇ ਪੂਰਾ ਖਰਚਾ ਦਿੰਦੇ ਸਨ ਪਰ ਆਧੁਨਿਕਤਾ ਦੀ ਮਾਰ ਨੇ ਆਪਣਾ ਰੰਗ ਵਿਖਾਇਆ। ਸਕੂਲੋਂ ਛੁੱਟੀ ਮਾਰ ਹੁੰਦੀਆਂ ਜਨਮ ਦਿਨ ਦੀਆਂ ਪਾਰਟੀਆਂ ਵਿੱਚ ਨਿਭਣ ਲਈ ਪਹਿਲਾਂ ਬਟੂਏ ’ਤੇ ਹੱਥ ਫਿਰਿਆ। ਫਿਰ ਲਾਕਰ ਵਿੱਚ ਪਏ ਪੈਸੇ ਵਰਤੋਂ ਵਿੱਚ ਆਉਣ ਲੱਗੇ। ਚੰਚਲ ਮਨ ਏਥੇ ਵੀ ਨਾ ਰੁਕਿਆ। ਲਾਕਰ ਵਿੱਚ ਪਏ ਸੋਨੇ ਨੂੰ ਵੀ ਹੱਥ ਮਾਰ ਗਿਆ। ਇਹ ਪੈਸੇ ਦੁੱਗਣੇ ਕਰਨ ਦੀ ਲਾਲਸਾ ਵਿੱਚ ਇੰਟਰਨੈੱਟ ਸੱਟਾ ਖ਼ਾ ਗਿਆ।

ਸੁਪਨ ਤਵੀਤ:

ਘਟਨਾਵਾਂ ਦੀ ਧਰਾਤਲ ਤੇ ਲਾਕਰ ਵਿੱਚੋਂ ਮਿਲੇ ਤਵੀਤ ਸੁਪਨਿਆਂ ਦੇ ਸਨ। ਜਿੰਨ੍ਹਾਂ ਵਿੱਚ ਬੇਲਗਾਮ ਇੱਛਾਵਾਂ ਦੀ ਪੂਰਤੀ ਦੀਆਂ ਆਸਾਂ ਛੁਪੀਆਂ ਸਨ। ਗਲਤ ਦਿਸ਼ਾ ਨੇ ਸੋਚਣ ਵਿਚਾਰਨ ਦਾ ਮੌਕਾ ਨਹੀਂ ਦਿੱਤਾ। ਘਟਨਾਵਾਂ ਦਾ ਰਹੱਸ ਸਾਹਮਣੇ ਆ ਗਿਆ। ਸਾਡਾ ਤਰਕ ਸੀ ਅਜਿਹੇ ਸੁਪਨੇ ਜਿਨ੍ਹਾਂ ਵਿੱਚ ਡਰ, ਨਮੋਸ਼ੀ, ਬੇਚੈਨੀ ਤੇ ਛਲ ਕਪਟ ਹੋਵੇ ਜ਼ਿੰਦਗੀ ਦੀ ਬਰਬਾਦੀ ਬਣਦੇ ਹਨ। ਮਿਹਨਤ, ਉਤਸ਼ਾਹ, ਹੁਲਾਸ ਤੇ ਬੁਲੰਦੀਆਂ ਛੂਹਣ ਦੀ ਤਾਂਘ ਵਾਲੇ ਸੁਪਨੇ ਜੀਵਨ ਦਾ ਰਾਹ ਰੌਸ਼ਨ ਕਰਦੇ ਹਨ। ਜ਼ਿੰਦਗੀ ਤੇ ਪਰਿਵਾਰ ਦਾ ਮਾਣ ਬਣਦੇ ਹਨ। ਨਜ਼ਰਾਂ ਝੁਕੀਆਂ, ਗਲਤੀ ਦਾ ਅਹਿਸਾਸ ਹੋਇਆ। ਅੱਗੇ ਤੋਂ ਹਮੇਸ਼ਾ ਠੀਕ ਰਾਹ ਤੁਰਨ ਦਾ ਵਾਅਦਾ ਮਿਲਿਆ। ਇਹ ਵਾਅਦਾ ਪਰਿਵਾਰ ਦੇ ਸੁਖਾਵੇਂ ਦਿਨ ਮੋੜ ਲਿਆਉਣ ਦਾ ਸਬੱਬ ਬਣਿਆ। ਪ੍ਰੇਰਨਾ ਤੇ ਤਰਕਸ਼ੀਲ ਨਜ਼ਰੀਏ ਨੇ ਰੰਗ ਵਿਖਾਇਆ। ਘਟਨਾਵਾਂ ਬੰਦ ਹੋ ਗਈਆਂ। ਮਾਪਿਆਂ ਦੀ ਬੇਧਿਆਨੀ ਅਜਿਹੀਆਂ ਘਟਨਾਵਾਂ ਨੂੰ ਪਨਪਣ ਦਾ ਮੌਕਾ ਦਿੰਦੀ ਹੈ। ਇਸ ਤੋਂ ਸੁਚੇਤ ਰਹਿਣਾ ਤੇ ਸਿੱਖਣਾ ਸਮੇਂ ਦੀ ਲੋੜ ਹੈ।

– 98150 14532

ਜੱਗ ਬੀਤੀ :

ਰਾਹ ਦਰਸਾਵੇ

ਕੇ. ਅਵਨੀਤ

ਦਿਲ ਦੀ ਬੀਮਾਰੀ ਤੋਂ ਪੀੜਤ ਨਾਨੀ ਮਾਂ ਨੂੰ ਵੱਡੇ ਹਸਪਤਾਲ ਦਾਖਲ ਕਰਾਉਣਾ ਪਿਆ। ਸਾਰੇ ਪਰਿਵਾਰ ਦੇ ਸਿਰ 'ਤੇ ਆ ਬਣੀ। ਇੱਕ ਪੈਰ ਪਿੰਡ ਹੁੰਦਾ, ਦੂਸਰਾ ਹਸਪਤਾਲ। ਮਾਮੇ, ਭੂਆ ਸਭ ਹਸਪਤਾਲ ਗੇੜੇ 'ਤੇ ਗੇੜਾ ਰੱਖਦੇ। ਅਨੇਕਾਂ ਮਰੀਜ਼ ਆਉਂਦੇ ਜਾਂਦੇ। ਠੀਕ ਹੋ ਕੇ ਮੁੜਦੇ ਮਰੀਜ਼ ਥੋੜ੍ਹੇ ਹੁੰਦੇ, ਜ਼ਿੰਦਗੀ ਗੁਆ ਕੇ ਪਰਤਦੇ ਜ਼ਿਆਦਾ। ਤੁਰ ਗਿਆਂ ਦੇ ਸਨੇਹੀਆਂ ਦਾ ਦਰਦ ਵੇਖਿਆ ਨਾ ਜਾਂਦਾ। ਅਜਿਹੇ ਮਾਹੌਲ ਵਿੱਚ ਖਾਣਾ ਪੀਣਾ ਚੰਗਾ ਨਾ ਲਗਦਾ। ਨਾਨੀ ਮਾਂ ਦੀ ਸਾਰੇ ਪਰਿਵਾਰ ਪ੍ਰਤੀ ਸੇਵਾ ਸਾਨੂੰ ਉੱਥੋਂ ਹਿੱਲਣ ਨਾ ਦਿੰਦੀ। ਹਸਪਤਾਲ ਵਿੱਚ ਰਹਿੰਦੇ ਔਖ ਸੌਖ ਮਹਿਸੂਸ ਨਾ ਹੁੰਦੀ। ਉਨ੍ਹਾਂ ਦੇ ਤੰਦਰੁਸਤ ਹੋ ਕੇ ਮੁੜਨ ਦੀ ਆਸ ਬਣੀ ਰਹਿੰਦੀ।

> ਸਾਡਾ ਕੋਈ ਨੇੜਲਾ ਗੁਜ਼ਰ ਜਾਏ। ਰੋਂਦੇ, ਕਲਪਦੇ ਹਾਂ। ਸੰਸਕਾਰ ਤੋਂ ਅੰਤਿਮ ਰਸਮਾਂ ਤੱਕ ਆਪੋ ਆਪਣੀ ਆਸਥਾ ਅਨੁਸਾਰ ਵਿਚਰਦੇ ਹਾਂ। ਅਰਦਾਸਾਂ, ਅਰਜ਼ੋਈਆਂ ਕਰਦੇ ਨੀਂ ਥੱਕਦੇ। ਸਭ ਕੁੱਝ ਹੱਥੀਂ ਕਰਕੇ ਵੀ ਚੈਨ ਨੀਂ ਆਉਂਦਾ ਪਰ ਇਹ ਕਿਹੜੀ ਮਿੱਟੀ ਦੇ ਬਣੇ ਲੋਕ ਨੇ! ਪਹਾੜ ਜਿੱਡੇ ਦੁੱਖ ਦਾ ਦਿਲ, ਜਿਗਰੇ ਨਾਲ ਸਾਹਮਣਾ ਕਰਦੇ। ਸਾਰੀਆਂ ਰਸਮਾਂ ਤਿਆਗ ਕੇ ਦਿਲ ਦੇ ਟੁਕੜੇ ਨੂੰ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਤੇ ਖੋਜ ਲਈ ਦਿੰਦੇ। ਘਰ ਦਾ ਜੀਅ ਗੁਆ ਕੇ ਵੀ ਸਮਾਜ ਦਾ ਭਲਾ ਲੋਚਦੇ। ਆਪਣਾ ਦੁੱਖ ਦਰਦ ਭੁਲਾ, ਮ੍ਰਿਤਕ ਸਰੀਰਾਂ ਨੂੰ ਹੋਰਾਂ ਦੀਆਂ ਜ਼ਿੰਦਗੀਆਂ ਰੁਸ਼ਨਾਉਣ ਦੇ ਲੇਖੇ ਲਾਉਂਦੇ। ਇਹਨਾਂ ਰਾਹ ਦਰਸਾਵਿਆਂ ਦੀ ਕਰਨੀ ਤੋਂ ਸਦਕੇ ਜਾਣ ਨੂੰ ਮਨ ਕਰਦਾ ਹੈ।

ਵਾਰਡ ਦਾ ਮਾਹੌਲ ਸੁਖਾਵਾਂ ਸੀ। ਸੀਨੀਅਰ ਸਟਾਫ਼ ਨਰਸ ਸਾਰਾ ਕੰਮ ਢੰਗ ਵਾਚਦੀ। ਨਰਸਾਂ ਨੂੰ ਡਿਊਟੀਆਂ ਵੰਡਦੀ। ਨਿਮਰਤਾ ਤੇ ਸਹਿਜ ਨਾਲ ਪੇਸ਼ ਆਉਂਦੀ। ਦਾਖ਼ਲ ਮਰੀਜ਼ਾਂ ਦਾ ਪੂਰਾ ਖ਼ਿਆਲ ਰੱਖਦੀ। ਸਭ ਨੂੰ ਹੌਂਸਲਾ ਦਿੰਦੀ। ਮਾਂ, ਬਾਪੂ ਜੀ ਤੇ ਪਿਆਰੀ ਭੈਣ ਸ਼ਬਦ ਉਸਦੇ ਬੋਲਾਂ ਦਾ ਸ਼ਿੰਗਾਰ ਬਣਦੇ। ਮਰੀਜ਼ਾਂ ਦੇ ਨਾਲ ਆਏ ਨੇੜਲੇ ਉਸਦੇ ਅੱਗੇ ਪਿੱਛੇ ਫਿਰਦੇ। ਮਾਣ, ਸਤਿਕਾਰ ਦਿੰਦੇ। ਉਹ ਆਪਣੇ ਸੱਚੇ ਸੁੱਚੇ ਕਰਮ ਨਾਲ ਉਨ੍ਹਾਂ ਦੇ ਸਤਿਕਾਰ ਦਾ ਜੁਆਬ ਦਿੰਦੀ। ਸਿਹਤ ਕਰਮੀਆਂ ਦੀ ਡਿਊਟੀਆਂ ਵਿੱਚ ਪਾਰਦਰਸ਼ਤਾ ਰੱਖਦੀ। ਨਾ ਭੇਦ ਨਾ ਵਿਤਕਰਾ। ਨਰਸਾਂ ਨੂੰ ਅਕਸਰ ਆਖਦੀ, ਆਪਣਾ ਕੰਮ ਸੇਵਾ, ਸੰਭਾਲ ਦਾ ਹੈ। ਇਸ ਤੋਂ ਵੱਡਾ ਪੁੰਨ ਕੋਈ ਨ੍ਹੀਂ ਹੁੰਦਾ। ਜੇਕਰ ਮਰੀਜ਼ਾਂ ਨੂੰ ਆਪਣੇ ਸਮਝ ਕੇ ਕੰਮ ਕਰਾਂਗੇ ਤਾਂ ਜਿਉਣਾ ਸਾਰਥਕ ਹੋਏਗਾ। ਕੰਮ ਤਾਂ ਕਰਨਾ ਹੀ ਹੈ। ਮਨ ਲਗਾ ਕੇ ਕਰਾਂਗੇ ਤਾਂ ਆਪਣੇ ਆਪ ਦੀ ਨਜ਼ਰ ਵਿੱਚ ਨੀਵੇਂ ਨੀਂ ਹੁੰਦੇ। ਉੱਚੇ ਉਠਾਂਗੇ। ਘਰ, ਪਰਿਵਾਰ ਤੇ ਮਹਿਕਮੇ ਦਾ ਮਾਣ ਬਣਾਂਗੇ। ਸਾਰਾ ਵਾਰਡ ਉਸਨੂੰ ਅਨੰਤ ਮਾਣ, ਸਤਿਕਾਰ ਦਿੰਦਾ।

ਨਰਸਾਂ ਉਸ ਤੋਂ ਸਿੱਖਦੀਆਂ ਨਜ਼ਰ ਆਉਂਦੀਆਂ। ਲਗਨ ਨਾਲ ਡਿਊਟੀ ਕਰਦੀਆਂ। ਅਜਿਹੀ ਸੇਵਾ ਸੰਭਾਲ ਮਨ ਦਾ ਸਕੂਨ ਬਣਦੀ। ਹਸਪਤਾਲ ਵਿੱਚ ਕੰਮ ਕਰਦੇ ਕਰਮਚਾਰੀ ਕੰਮ ਵਿੱਚ ਜੁਟੇ ਰਹਿੰਦੇ। ਦਿਨ ਰਾਤ ਦੀਆਂ ਡਿਊਟੀਆਂ। ਹਸਪਤਾਲ ਦੀ ਭੱਜ ਦੌੜ। ਵਾਰਡ ਵਿੱਚ ਦਾਖਲ ਮਰੀਜ਼ਾਂ ਦਾ ਫ਼ਿਕਰ। ਦੁਖੀ, ਤੰਗ ਮਰੀਜ਼ਾਂ ਵੱਲ ਪੂਰਾ ਧਿਆਨ। ਦਿਨ ਭਰ ਦੇ ਗਿਲੇ, ਤੌਖਲੇ। ਡਿਊਟੀ ਬਦਲਦੀ, ਦੂਸਰੇ ਕਰਮੀ ਕੰਮ ਆ ਸੰਭਾਲਦੇ। ਅਜਿਹਾ ਸੁਖਦ ਪ੍ਰਬੰਧ ਵੇਖ ਅਧਿਆਪਕਾ ਮਾਸੀ ਹੈਰਾਨ ਹੋਈ ਤੇ ਖੁਸ਼ ਵੀ। ਕਹਿਣ ਲੱਗੀ, ਸਰਕਾਰੀ ਹਸਪਤਾਲ ਵਿੱਚ ਅਜਿਹਾ ਵਰਤ ਵਤੀਰਾ ਮੈਂ ਜ਼ਿੰਦਗੀ 'ਚ ਪਹਿਲੀ ਵਾਰ ਵੇਖਿਆ। ਜ਼ਿੰਦਗੀ ਵਿੱਚ ਅਨੇਕਾਂ ਹਸਪਤਾਲਾਂ ਨਾਲ ਵਾਹ ਪਿਆ। ਹਰੇਕ ਥਾਂ ਸਟਾਫ਼ ਆਪਣੇ ਮਤਲਬ ਨਾਲ ਸਬੰਧ ਰੱਖਦਾ। ਨਾ ਸਾਂਝ, ਨਾ ਸਨੇਹ। ਮਤਲਬ ਵੇਲ਼ੇ ਜੀ ਜੀ। ਸੁਆਰਥ ਨਹੀਂ ਤਾਂ ਤੂੰ ਕੌਣ! ਮਰੀਜ਼ ਤੜਫਦੇ, ਕਲਪਦੇ। ਸਹਾਇਤਾ ਮੰਗਦੇ, ਉਹ ਚੁੱਪ ਚਾਪ ਵੇਖਦੇ ਰਹਿੰਦੇ। ਮਜ਼ਬੂਰੀ ਵੱਸ ਵੱਡੇ ਡਾਕਟਰਾਂ ਦਾ ਆਰਡਰ ਮੰਨਦੇ। ਉਨ੍ਹਾਂ ਨੂੰ ਵੇਖ ਜ਼ਿੰਦਗੀ ਮਸ਼ੀਨ ਜਾਪਦੀ। ਨਾ ਸਹਿਯੋਗ, ਨਾ ਦਰਦ। ਬੱਸ, ਵੇਂਹਦੇ ਆਪਣੀ ਗਰਜ਼। ਏਸ ਹਸਪਤਾਲ ਵਾਲਾ ਡਾਕਟਰੀ ਅਮਲਾ ਸੱਚੀ ਡਿਊਟੀ ਕਰਦਾ। ਇਹੋ ਹੀ ਹੁੰਦੇ ਨੇ ਡਿਊਟੀ ਦੇ ਅਰਥ।

ਨਾਨੀ ਮਾਂ ਦਾ ਕਮਰਾ ਨਰਸਿੰਗ ਡਿਊਟੀ ਰੂਮ ਦੇ ਨਾਲ

ਹੀ ਸੀ। ਡਿਊਟੀ ਵਾਲ਼ੀਆਂ ਨਰਸਾਂ ਮਰੀਜ਼ਾਂ ਦੀ ਦੇਖ ਭਾਲ ਉਪਰੰਤ ਉੱਥੇ ਬੈਠਦੀਆਂ। ਲੋੜ ਪੈਣ 'ਤੇ ਦਵਾਈ ਬੂਟੀ ਦਿੰਦੀਆਂ। ਕਦੇ ਵਿਹਲ ਮਿਲਦੀ ਤਾਂ ਚਾਹ ਪਾਣੀ ਪੀਂਦੀਆਂ। ਉੱਥੇ ਆਪਣੇ ਮਹਿਕਮੇ ਤੇ ਘਰਾਂ ਦੀ ਗੱਲ ਵੀ ਚਲਦੀ। ਇੱਕ ਰਾਤ ਮੇਰੀ ਸੁਵੱਖਤੇ ਜਾਗ ਖੁੱਲ੍ਹੀ। ਸੀਨੀਅਰ ਸਟਾਫ਼ ਨਰਸ ਤਿੰਨ ਹੋਰ ਨਰਸਾਂ ਨਾਲ ਡਿਊਟੀ ਰੂਮ ਵਿੱਚ ਬੈਠੀ ਵੇਖੀ। ਵਾਰਡ ਵਿੱਚ ਚੁੱਪ ਪਸਰੀ ਸੀ। ਉਹ ਸ਼ਾਂਤ ਚਿੱਤ ਦੱਸਣ ਲੱਗੀ, ਅੱਜ ਅਨਾਟਮੀ ਵਿਭਾਗ ਵਿੱਚ ਕਿਸੇ ਕੰਮ ਗਈ ਸਾਂ। ਦਰਜਨ ਭਰ ਲੋਕ ਇੱਕ ਔਰਤ ਦੇ ਮ੍ਰਿਤਕ ਸਰੀਰ ਨਾਲ ਵਿਭਾਗ ਵਿੱਚ ਖੜ੍ਹੇ ਵੇਖੇ। ਪਤਾ ਲੱਗਾ ਕਿ ਉਹ ਤਰਕਸ਼ੀਲ ਸੰਸਥਾ ਵਾਲੇ ਸਨ। ਦੁਆਬੇ ਦੇ ਪਿੰਡ ਰਾਏਪੁਰ ਡੱਬਾ ਤੋਂ ਜੀਵਨ ਪੰਧ ਮੁਕਾ ਗਈ ਔਰਤ ਦਾ ਸਰੀਰ ਮੈਡੀਕਲ ਖੋਜਾਂ ਲਈ ਦੇਣ ਆਏ ਸਨ। ਮ੍ਰਿਤਕਾ ਦੀਆਂ ਦੋਵੇਂ ਅੱਖਾਂ ਦੋ ਜਣਿਆਂ ਦੀ ਹਨੇਰੀ ਜ਼ਿੰਦਗੀ ਰੁਸ਼ਨਾ ਚੁੱਕੀਆਂ ਸਨ। ਸਾਰਿਆਂ ਦੇ ਚਿਹਰਿਆਂ 'ਤੇ ਵਿਛੋੜੇ ਦਾ ਦੁੱਖ ਝਲਕਦਾ ਸੀ। ਏਨੇ ਦੁੱਖ ਵਿੱਚ ਵੀ ਮਾਨਵਤਾ ਦਾ ਭਲਾ! ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਵਿਛੜੇ ਸਨੇਹੀ ਦੀ ਮੌਤ ਨੂੰ ਅਡੋਲਤਾ ਨਾਲ ਪਿਰਤ ਵਿੱਚ ਬਦਲਣ ਦਾ ਕਰਮ ਤੱਕਿਆ। ਦੁੱਖ ਵਿੱਚ ਵੀ ਉਨ੍ਹਾਂ ਦਾ ਹੌਂਸਲਾ ਤੇ ਸਮਾਜ ਪ੍ਰਤੀ ਸੇਵਾ ਭਾਵਨਾ ਮੇਰੇ ਲਈ ਪ੍ਰੇਰਨਾ ਤੇ ਸਬਕ ਬਣਿਆ।

ਦਿਨ ਭਰ ਸੋਚਾਂ ਦਾ ਵਹਿਣ ਮਨ 'ਤੇ ਛਾਇਆ ਰਿਹਾ। ਸਾਡਾ ਕੋਈ ਨੇੜਲਾ ਗੁਜ਼ਰ ਜਾਏ। ਰੋਂਦੇ, ਕਲਪਦੇ ਹਾਂ। ਸੰਸਕਾਰ ਤੋਂ ਅੰਤਿਮ ਰਸਮਾਂ ਤੱਕ ਆਪੋ ਆਪਣੀ ਆਸਥਾ ਅਨੁਸਾਰ ਵਿਚਰਦੇ ਹਾਂ। ਅਰਦਾਸਾਂ, ਅਰਜੋਈਆਂ ਕਰਦੇ ਨੀਂ ਥੱਕਦੇ। ਸਭ ਕੁਝ ਹੱਥੀਂ ਕਰਕੇ ਵੀ ਚੈਨ ਨੀਂ ਆਉਂਦਾ ਪਰ ਇਹ ਕਿਹੜੀ ਮਿੱਟੀ ਦੇ ਬਣੇ ਲੋਕ ਨੇ! ਪਹਾੜ ਜਿੱਡੇ ਦੁੱਖ ਦਾ ਦਿਲ, ਜਿਗਰੇ ਨਾਲ ਸਾਹਮਣਾ ਕਰਦੇ। ਸਾਰੀਆਂ ਰਸਮਾਂ ਤਿਆਗ ਕੇ ਦਿਲ ਦੇ ਟੁਕੜੇ ਨੂੰ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਤੇ ਖੋਜ ਲਈ ਦਿੰਦੇ। ਘਰ ਦਾ ਜੀਅ ਗੁਆ ਕੇ ਵੀ ਸਮਾਜ ਦਾ ਭਲਾ ਲੋਚਦੇ। ਆਪਣਾ ਦੁੱਖ ਦਰਦ ਭੁਲਾ, ਮ੍ਰਿਤਕ ਸਰੀਰਾਂ ਨੂੰ ਹੋਰਾਂ ਦੀਆਂ ਜ਼ਿੰਦਗੀਆਂ ਰੁਸ਼ਨਾਉਣ ਦੇ ਲੇਖੇ ਲਾਉਂਦੇ। ਇਹਨਾਂ ਰਾਹ ਦਰਸਾਵਿਆਂ ਦੀ ਕਰਨੀ ਤੋਂ ਸਦਕੇ ਜਾਣ ਨੂੰ ਦਿਲ ਕਰਦਾ ਹੈ। ਉਸਦੇ ਬੋਲ ਸੁਣ ਕੁਝ ਪਲ਼ ਡਿਊਟੀ ਰੂਮ ਵਿੱਚ ਚੁੱਪ ਛਾਈ ਰਹੀ।

ਫਿਰ ਨਾਲ ਬੈਠੀ ਨਰਸ ਨੇ ਚੁੱਪ ਤੋੜੀ, ਸੱਚਮੁੱਚ ਦੀਦੀ, ਇਹ ਤਿਆਗ, ਸੇਵਾ ਤੇ ਸਮਰਪਣ ਭਾਵਨਾ ਦੀ ਉੱਤਮ ਮਿਸਾਲ ਹੈ। ਇਸ ਤਿਆਗ ਦੀ ਭੂਮਿਕਾ ਬਰਗਾੜੀ ਦੇ ਮਰਹੂਮ ਨਾਇਕ ਨੇ ਲਿਖੀ ਹੈ। ਪਿੰਡ ਬਰਗਾੜੀ ਮੇਰੀ ਭੂਆ ਦਾ ਵਾਸ ਹੈ। ਉਹ ਆਪਣੇ ਪਿੰਡ ਦੇ ਜਾਏ ਬਿਜਲੀ ਕਾਮੇ ਤੇ ਮਾਂ ਖੇਡ ਕਬੱਡੀ ਦੇ ਨਾਮਵਰ ਜਾਫੀ ਕ੍ਰਿਸ਼ਨ ਬਰਗਾੜੀ 'ਤੇ ਹਮੇਸ਼ਾ ਰਸ਼ਕ ਕਰਦੇ ਹਨ। ਜਿਨ੍ਹਾਂ ਦਾ ਸਰੀਰ ਕਰੀਬ ਦੋ ਦਹਾਕੇ ਪਹਿਲਾਂ ਮੌਤ ਉਪਰੰਤ ਖੋਜ ਕਾਰਜਾਂ ਲਈ ਭੇਂਟ ਹੋਇਆ ਸੀ। ਉਦੋਂ ਉਹ ਤਰਕਸ਼ੀਲ ਸੰਸਥਾ ਦੇ ਪ੍ਰਧਾਨ ਸਨ। ਮੈਡੀਕਲ ਖੋਜ ਕਾਰਜਾਂ ਲਈ ਦੇਹ ਭੇਂਟ ਕਰਨ ਵਾਲੇ ਉੱਤਰੀ ਭਾਰਤ ਦੇ ਪਹਿਲੇ ਵਿਅਕਤੀ ਸਨ। ਆਪਣੇ ਆਪ ਨੂੰ ਲੋਕਾਂ ਦੇ ਲੇਖੇ ਲਾ ਚਾਨਣ ਦੀਆਂ ਪੈੜਾਂ ਪਾ ਗਏ। ਜਿੰਨ੍ਹਾਂ ਉੱਪਰ ਤਿਆਗ ਤੇ ਉੱਚੇ ਆਦਰਸ਼ਾਂ ਲਈ ਜਿਉਣ ਦੇ ਸ਼ਬਦ ਉੱਕਰੇ ਹੋਏ ਹਨ। ਇਹ ਆਖਦਿਆਂ ਉਹ ਜਾਗ, ਉੱਠ ਰਹੇ ਮਰੀਜ਼ਾਂ ਨੂੰ ਵੇਖਣ, ਦਵਾਈ ਦੇਣ ਲਈ ਅਹੁਲੀਆਂ। ਮੈਂ ਚਾਨਣੀਆਂ ਪੈੜਾਂ ਪਾਉਣ ਵਾਲੇ ਰਾਹ ਦਰਸਾਵਿਆਂ ਨੂੰ ਨਤਮਸਤਕ ਸਾਂ।

ਮਨ ਦੀ ਦਹਿਲੀਜ਼

20ਵੀਂ ਸਦੀ ਦੇ ਪ੍ਰਸਿੱਧ ਮਨੋਰੋਗ-ਵਿਗਿਆਨੀ ਵਿਕਟਰ ਫ਼ਰੈਂਕਲ ਨੂੰ ਅੱਧੀ ਰਾਤ ਕਿਸੇ ਅਣਜਾਣੀ ਔਰਤ ਨੇ ਫ਼ੋਨ ਕਰ ਕੇ ਦੱਸਿਆ ਕਿ ਉਹ ਖ਼ੁਦਕੁਸ਼ੀ ਕਰਨ ਲੱਗੀ ਹੈ। ਵਿਕਟਰ ਨੇ ਉਹਨੂੰ ਗੱਲੀਂ ਲਾ ਲਿਆ ਤੇ ਇੱਕ ਇੱਕ ਕਰ ਕੇ ਉਹ ਕਾਰਣ ਦੱਸਦਾ ਰਿਹਾ ਜਿਨ੍ਹਾਂ ਸਦਕਾ ਉਸਨੂੰ ਜਿਉਣਾ ਚਾਹੀਦਾ ਹੈ। ਗੱਲਾਂ ਔਰਤ ਦੇ ਮਨ ਲੱਗੀਆਂ। ਉਸ ਨੇ ਮਨ ਹੀ ਮਨ ਆਪਣਾ ਫੈਸਲਾ ਬਦਲ ਲਿਆ।

ਫੇਰ ਇਕ ਵਾਰ ਉਹੋ ਔਰਤ ਵਿਕਟਰ ਨੂੰ ਮਿਲੀ ਤਾਂ ਉਸਨੇ ਪੁੱਛਿਆ, "ਤੁਹਾਨੂੰ ਮੇਰੇ ਵੱਲੋਂ ਦੱਸੇ ਗਏ ਕਿਹੜੇ ਕਾਰਣ ਨੇ ਜਿਉਂਦੇ ਰਹਿਣ ਲਈ ਪ੍ਰੇਰਿਆ?"

ਉਹ ਬੜੀ ਸਹਿਜਤਾ ਨਾਲ ਬੋਲੀ, "ਉਹਨਾਂ ਵਿਚੋਂ ਕਿਸੇ ਕਾਰਣ ਨੇ ਵੀ ਨਹੀਂ!"

ਵਿਕਟਰ ਬਹੁਤ ਹੈਰਾਨ ਹੋਇਆ ਤੇ ਬੋਲਿਆ, "ਫੇਰ ਤੂੰ ਆਪਣਾ ਫ਼ੈਸਲਾ ਕਿਵੇਂ ਬਦਲਿਆ!"

ਉਹ ਦੱਸਣ ਲੱਗੀ, "ਤੁਹਾਡੇ ਨਾਲ ਗੱਲਾਂ ਕਰਨ ਪਿੱਛੋਂ ਮੈਂ ਸੋਚਿਆ, ਏਡੀ ਵੱਡੀ ਦੁਨੀਆਂ ਵਿਚ ਜੇ ਇਕ ਵੀ ਬੰਦਾ ਅਜਿਹਾ ਹੈ ਜੋ ਅੱਧੀ ਰਾਤੀਂ ਮੇਰੀ ਗੱਲ ਧਿਆਨ ਨਾਲ ਸੁਣ ਸਕਦਾ ਹੈ ਤਾਂ ਇਸ ਦੁਨੀਆਂ ਵਿਚ ਜੀਵਿਆ ਜਾ ਸਕਦਾ ਹੈ!" ਵਿਕਟਰ ਮਨ ਦੀ ਦਹਿਲੀਜ਼ ਤੋਂ ਉਕਰੇ ਅਕਸ ਦਾ ਸੁਖ਼ਦ ਅਹਿਸਾਸ ਸਮਝ ਗਿਆ ਸੀ।

ਗੁਰਬਚਨ ਸਿੰਘ ਭੁੱਲਰ


ਪੜ੍ਹਨਯੋਗ ਪੁਸਤਕਾਂ-10

22ਵੀਂ ਸਦੀ

ਰਾਜਪਾਲ ਸਿੰਘ



ਸਾਡੇ ਮਹਾਂ-ਵਿਦਵਾਨ ਰਾਹੁਲ ਸੰਕਰਾਤਾਇਨ ਵੱਲੋਂ ਲਿਖੀ ਇਸ ਪੁਸਤਕ ਵਿੱਚ ਭਵਿੱਖ ਦੇ ਸੰਸਾਰ ਬਾਰੇ ਆਸ਼ਾਵਾਦੀ ਨਜ਼ਰੀਏ ਤੋਂ ਇੱਕ ਚਿੱਤਰ ਖਿੱਚਿਆ ਗਿਆ ਹੈ। ਇਹ ਇੱਕ ਯੂਟੋਪੀਆ (Utopia) ਹੈ। ਯੂਟੋਪੀਆ ਉਸ ਲਿਖਤ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਕਲਪਿਤ ਸਮਾਜ ਬਹੁਤ ਵਧੀਆ ਹੋਵੇ, ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਾ ਹੋਵੇ ਅਤੇ ਉਹ ਸ਼ਾਂਤ, ਖੁਸ਼ਹਾਲ ਆਨੰਦਮਈ ਜੀਵਨ ਜਿਉਂ ਰਹੇ ਹੋਣ। ਸਭ ਤੋਂ ਪਹਿਲਾਂ 1516 ਵਿੱਚ, ਇੱਕ ਅੰਗਰੇਜ਼ ਲੇਖਕ ਥਾਮਸ ਮੂਰ ਨੇ ਇਸ ਨਾਮ ਦੀ ਇੱਕ ਪੁਸਤਕ ਲਿਖੀ ਸੀ ਜਿਸ ਵਿੱਚ ਇੱਕ ਕਲਪਿਤ ਟਾਪੂ 'ਯੂਟੋਪੀਆ' ਉੱਤੇ ਬਹੁਤ ਵਧੀਆ ਸਮਾਜ ਦੀ ਕਲਪਨਾ ਕੀਤੀ ਗਈ ਸੀ ਜਿਸ ਵਿੱਚ ਹਰ ਪੱਧਰ ਉੱਤੇ ਪ੍ਰਬੰਧ ਕਰਨ ਲਈ ਮੁਖੀ ਚੁਣੇ ਜਾਂਦੇ ਹਨ, ਰਾਜਾ ਵੀ ਚੁਣਿਆ ਜਾਂਦਾ ਹੈ, ਉੱਥੇ ਕੋਈ ਨਿੱਜੀ ਜਾਇਦਾਦ ਨਹੀਂ, ਜਿਸ ਨੂੰ ਜਿਸ ਚੀਜ ਦੀ ਜਰੂਰਤ ਹੋਵੇ ਉਹ ਗੋਦਾਮਾਂ ਵਿਚੋਂ ਲੈ ਸਕਦਾ ਹੈ, ਘਰਾਂ ਨੂੰ ਕੋਈ ਜਿੰਦਰੇ ਨਹੀਂ, ਸਾਰੇ ਲੋਕ ਇਕੋ ਜਿਹੇ ਕੱਪੜੇ ਪਹਿਨਦੇ ਹਨ, ਮੁਫਤ ਇਲਾਜ ਹੁੰਦਾ ਹੈ, ਆਬਾਦੀ ਸਥਿਰ ਰੱਖੀ ਜਾਂਦੀ ਹੈ ਆਦਿ। ਸੰਨ 1516 ਵਿੱਚ ਅਜਿਹਾ ਕੁੱਝ ਸੋਚਣਾ ਬਹੁਤ ਵੱਡੀ ਗੱਲ ਸੀ ਜਿਸ ਕਰਕੇ ਇਹ ਪੁਸਤਕ ਬਹੁਤ ਚਰਚਾ ਵਿੱਚ ਰਹੀ।



'22ਵੀਂ ਸਦੀ' ਵੀ ਭਵਿੱਖ ਦੇ ਸੰਸਾਰ ਬਾਰੇ ਇਸੇ ਤਰ੍ਹਾਂ ਦੀ ਬਹੁਤ ਦਿਲਚਸਪ ਪੁਸਤਕ ਹੈ ਜੋ ਰਾਹੁਲ ਜੀ ਦੁਆਰਾ 1924 ਵਿੱਚ ਲਿਖੀ ਗਈ। ਇਸਦਾ ਪੰਜਾਬੀ ਅਨੁਵਾਦ ਡਾ. ਸੁਮੀਤ ਸ਼ੰਮੀ ਦੁਆਰਾ ਹੁਣ 2023 ਵਿੱਚ ਯਾਨੀ ਲਗਪਗ ਇੱਕ ਸੌ ਸਾਲ ਬਾਅਦ ਹੋਇਆ ਹੈ। ਪਰ ਸੌ ਸਾਲ ਬਾਅਦ ਵੀ ਇਸਦੀ ਮਹੱਤਤਾ ਘਟੀ ਨਹੀਂ ਹੈ ਕਿਉਂਕਿ ਇਸ ਵਿੱਚ ਜੋ ਸਮਾਜ ਚਿਤਰਿਆ ਗਿਆ ਹੈ ਉਹ ਹੋਰ ਸੌ ਸਾਲ ਬਾਅਦ 2124 ਵਾਲਾ ਹੈ। ਇਸ ਵਿਚਕਾਰਲੇ ਪੜਾਅ ਉੱਤੇ ਖੜ੍ਹ ਕੇ ਇਹ ਦੇਖਣਾ ਹੋਰ ਵੀ ਦਿਲਚਸਪ ਹੋ ਜਾਂਦਾ ਹੈ ਕਿ 100 ਸਾਲ ਵਿੱਚ ਅਸੀਂ ਇਹੋ ਜਿਹਾ ਸਮਾਜ ਬਨਾਉਣ ਵੱਲ ਕਿੰਨਾ ਕੁ ਅੱਗੇ ਵਧੇ ਹਾਂ ਅਤੇ ਕੀ ਅਗਲੇ ਸੌ ਸਾਲ ਵਿੱਚ ਅਜਿਹਾ ਸਮਾਜ ਬਣ ਸਕੇਗਾ ਜਿਹੋ ਜਿਹੇ ਸਮਾਜ ਦੀ ਕਲਪਨਾ ਲੇਖਕ ਨੇ ਕੀਤੀ ਹੈ।

ਇਸ ਪੁਸਤਕ ਦਾ ਆਰੰਭ ਲੇਖਕ ਇਸ ਕਲਪਨਾ ਨਾਲ ਕਰਦਾ ਹੈ ਕਿ ਉਹ 1924 ਵਿੱਚ ਇੱਕ ਪਹਾੜੀ ਗੁਫ਼ਾ ਵਿੱਚ ਆਇਆ ਸੀ ਜਿੱਥੇ ਕਿਸੇ ਕਾਰਣ ਉਹ ਡੂੰਘੀ ਨੀਂਦ ਵਿੱਚ ਚਲਾ ਗਿਆ। ਜਦ ਉਹ ਨੀਂਦ ਵਿਚੋਂ ਜਾਗਦਾ ਹੈ ਤਾਂ 200 ਸਾਲ ਬੀਤ ਚੁੱਕੇ ਹੁੰਦੇ ਹਨ। ਉਹ ਗੁਫ਼ਾ ਵਿਚੋਂ ਨਿਕਲ ਕੇ ਮਨੁੱਖੀ ਆਬਾਦੀ ਕੋਲ ਆਉਂਦਾ ਹੈ ਤਾਂ ਉਸ ਨੂੰ ਪਤਾ ਚਲਦਾ ਹੈ ਕਿ ਦੁਨੀਆਂ ਕਿੰਨੀ ਬਦਲ ਚੁੱਕੀ ਹੈ।

ਸਭ ਤੋਂ ਪਹਿਲਾਂ ਉਹ ਜਿਸ ਆਬਾਦੀ ਵਿੱਚ ਆਉਂਦਾ ਹੈ ਉਸਦਾ ਨਾਮ ਸੇਬਗ੍ਰਾਮ ਹੈ ਅਤੇ ਉੱਥੇ ਮੁੱਖ ਤੌਰ 'ਤੇ ਸੇਬ ਹੀ ਉਗਾਏ ਜਾਂਦੇ ਹਨ। ਇੱਥੇ ਉਸ ਦਾ ਨਿੱਘਾ ਸਵਾਗਤ ਹੁੰਦਾ ਹੈ ਅਤੇ ਹਰ ਕੋਈ ਉਸ ਨਾਲ ਸ਼ਿਸ਼ਟਤਾ ਨਾਲ ਪੇਸ਼ ਆਉਂਦਾ ਹੈ। ਇੱਥੇ ਕੰਮ ਕਰਨ ਵਾਲੇ ਬਹੁਤ ਖੁਸ਼ਹਾਲ ਜੀਵਨ ਜਿਉਂ ਰਹੇ ਹਨ। ਲੋਕ ਸਿਰਫ਼ ਚਾਰ ਘੰਟੇ ਕੰਮ ਕਰਦੇ ਹਨ, ਉਹ ਵੀ ਹਫ਼ਤੇ ਵਿੱਚ ਪੰਜ ਦਿਨ, ਬਾਕੀ ਸਮਾਂ ਉਹ ਆਪਣੀਆਂ ਰੁਚੀਆਂ ਅਨੁਸਾਰ ਬਤੀਤ ਕਰਦੇ ਹਨ। ਉਨ੍ਹਾਂ ਦਾ ਖਾਣਾ ਸਾਂਝੀ ਰਸੋਈ ਵਿੱਚ ਬਣਦਾ ਹੈ ਅਤੇ ਉਹ ਸਾਰੇ ਇਕੱਠੇ ਖਾਣਾ ਖਾਂਦੇ ਹਨ। ਬਾਗ, ਜ਼ਮੀਨ, ਫੈਕਟਰੀਆਂ ਯਾਨੀ ਉਤਪਾਦਨ ਦੇ ਸਾਰੇ ਸਾਧਨ ਸਭ ਲੋਕਾਂ ਦੇ ਸਾਂਝੇ ਹਨ, ਕਿਸੇ ਉੱਤੇ ਕੋਈ ਨਿੱਜੀ ਮਾਲਕੀ ਨਹੀਂ। ਖਾਣਾ ਖਾਣ ਤੋਂ ਬਾਅਦ ਲੇਖਕ ਦੀ ਜੋ ਗੱਲਬਾਤ ਹੁੰਦੀ ਹੈ ਉਹ ਪੁਸਤਕ ਵਿੱਚ ਇਸ ਤਰ੍ਹਾਂ ਦਰਜ ਹੈ-

ਮੈਂ ਉਨ੍ਹਾਂ ਨੂੰ ਪੁੱਛਿਆ, "ਇਹ ਦੱਸੋ ਕਿ ਇਸ ਸਮੇਂ ਨੇਪਾਲ ਦਾ ਰਾਜਾ ਕੌਣ ਹੈ?"

"ਨੇਪਾਲ ਦਾ ਰਾਜਾ? 'ਰਾਜਾ' ਸ਼ਬਦ ਤਾਂ ਅੱਜ-ਕੱਲ੍ਹ ਕਿਤਾਬਾਂ ਵਿੱਚ ਹੀ ਚੰਗਾ ਲਗਦਾ ਹੈ। ਹੁਣ ਰਾਜਾ ਨਹੀਂ ਹੈ।"

"ਅੱਛਾ ਇਹ ਦੱਸੋ ਕਿ ਇਹ ਬਾਗ ਕਿਸ ਦੇ ਹਨ?"

"ਹੁਣ ਸਿਰਫ਼ ਬਾਗ ਹੀ ਨਹੀਂ ਬਲਕਿ ਇਹ ਸਾਰੀਆਂ ਚੀਜਾਂ ਕੌਮ ਦੀਆਂ ਹਨ। ਇਹ ਘਰ, ਕੁਰਸੀ, ਸੋਫਾ, ਬੱਚੇ ਇਸਤਰੀਆਂ-ਮਰਦ ਸਾਰੇ ਕੌਮ ਦੇ ਹੀ ਹਨ।"

"ਤਾਂ ਫਿਰ ਇਸ ਕੌਮ ਦਾ ਸੰਚਾਲਨ ਕਿਵੇਂ ਹੁੰਦਾ ਹੈ?"

"ਸਾਡੇ ਲੋਕਾਂ ਵੱਲੋਂ ਚੁਣੇ ਹੋਏ ਪੰਚਾਂ ਦੀਆਂ ਪੰਚਾਇਤਾਂ ਵੱਲੋਂ ਹੀ ਕੌਮ ਦਾ ਸੰਚਾਲਨ ਕੀਤਾ ਜਾਂਦਾ ਹੈ। ਪਿੰਡ ਤੋਂ ਲੈ ਕੇ, ਜ਼ਿਲ੍ਹਾ, ਰਾਜ, ਦੇਸ਼ ਹੀ ਨਹੀਂ ਬਲਕਿ ਪੂਰੀ ਦੁਨੀਆਂ ਦਾ ਸੰਚਾਲਨ ਇਸੇ ਤਰ੍ਹਾਂ ਹੁੰਦਾ ਹੈ।"

"ਕੀ ਸਾਰੀ ਦੁਨੀਆਂ ਦਾ ਰਾਸ਼ਟਰ ਇੱਕ ਹੀ ਹੈ?"

"ਹਾਂ, 100 ਸਾਲ ਤੋਂ।"

ਸਪਸ਼ਟ ਹੈ ਕਿ ਲੇਖਕ ਨੇ ਭਵਿੱਖੀ ਸਮਾਜ ਦੀ ਜੋ ਰੂਪ-ਰੇਖਾ ਪੇਸ਼ ਕੀਤੀ ਹੈ ਉਹ ਇੱਕ ਆਦਰਸ਼ਕ ਕਮਿਊਨਿਸਟ ਸਮਾਜ ਦੀ ਹੈ।

ਭਵਿੱਖ ਦੇ ਸੰਦਾਂ ਸਾਧਨਾਂ ਬਾਰੇ ਅੰਦਾਜਾ ਲਗਾਉਣਾ ਬਹੁਤ ਔਖਾ ਹੁੰਦਾ ਹੈ, ਇਸ ਵਿੱਚ ਕਈ ਵਾਰ ਵੱਡੇ ਵੱਡੇ ਵਿਗਿਆਨੀ ਵੀ ਮਾਤ ਖਾ ਜਾਂਦੇ ਹਨ। ਪਰ ਲੇਖਕ ਦੀ ਸੂਝ ਦਾ ਕਮਾਲ ਹੈ ਕਿ ਜੋ ਵੀਡੀਓ ਕਾਲ ਅਸੀਂ ਹੁਣ ਕਰਦੇ ਹਾਂ ਇਸ ਬਾਰੇ ਉਹ 1924 ਵਿੱਚ ਹੀ ਕਲਪਨਾ ਕਰ ਲੈਂਦਾ ਹੈ। ਲੇਖਕ ਲਿਖਦਾ ਹੈ – *ਉਹ ਕੰਮ 'ਤੇ ਚਲੇ ਗਏ ਅਤੇ ਫੋਨ ਮੈਨੂੰ ਦੇ ਗਏ। ਮੈਂ ਦੇਖਿਆ ਕਿ ਇੱਕ ਸ਼ੀਸ਼ੇ 'ਤੇ ਇੱਕ ਮਨੁੱਖ ਦੀ ਤਸਵੀਰ ਦਿਖਾਈ ਦੇ ਰਹੀ ਹੈ। ਮੈਂ ਹੈਰਾਨੀ ਨਾਲ ਦੇਖਦਾ ਰਿਹਾ, ਕਿਤੇ ਇਹ ਮੇਰੀ ਤਸਵੀਰ ਤਾਂ ਨਹੀਂ? ਕਿਉਂਕਿ ਇੱਥੇ ਕੋਈ ਵੀ ਹੋਰ ਨਹੀਂ ਹੈ। ਮੈਂ ਬਹੁਤ ਜਿਆਦਾ ਹੈਰਾਨ ਸੀ। ਇਸ ਦੇ ਨਾਲ ਹੀ ਉਸ ਤਸਵੀਰ ਦਾ ਬੁੱਲ੍ਹ ਹਿੱਲਿਆ ਅਤੇ ਟੈਲੀਫ਼ੋਨ ਤੋਂ ਆਵਾਜ਼ ਆਈ, "ਤੁਹਾਡਾ ਸਵਾਗਤ ਹੈ, ਮੈਂ ਦੇਵਮਿੱਤਰ ਹਾਂ।"*

ਉੱਥੇ ਪਈ ਇੱਕ ਇਤਿਹਾਸ ਦੀ ਪੁਸਤਕ ਪੜ੍ਹ ਕੇ ਉਸ ਨੂੰ ਪਤਾ ਚਲਦਾ ਹੈ ਕਿ 1990 ਤੱਕ ਸਾਰਾ ਏਸ਼ੀਆ ਇੱਕ ਰਾਸ਼ਟਰ ਬਣ ਚੁੱਕਾ ਸੀ, 2000 ਤੱਕ ਏਸ਼ੀਆ-ਅਫਰੀਕਾ ਅਤੇ ਆਸਟ੍ਰੇਲੀਆ ਦਾ ਇੱਕ ਸਾਂਝਾ ਰਾਸ਼ਟਰ ਬਣ ਚੁੱਕਾ ਸੀ ਅਤੇ 2024 ਤੱਕ ਸਾਰੀ ਦੁਨੀਆਂ ਇੱਕ ਰਾਸ਼ਟਰ ਬਣ ਚੁੱਕੀ ਸੀ। 2024 ਤੋਂ ਬਾਅਦ ਨਾ ਕਿਤੇ ਸੈਨਾ ਰਹੀ ਅਤੇ ਨਾ ਸੈਨਾਪਤੀ। ਅੱਜ ਚਾਹੇ ਇਹ ਲਗਦਾ ਹੈ ਕਿ 2024 ਵਿੱਚ ਤਾਂ ਦੁਨੀਆਂ ਇਸ ਸੁਪਨੇ ਦੇ ਨੇੜੇ ਤੇੜੇ ਵੀ ਨਹੀਂ ਪਹੁੰਚ ਰਹੀ ਪਰ ਮਨੁੱਖ ਦਾ ਹਮੇਸ਼ਾ ਤੋਂ ਇਹ ਸੁਪਨਾ ਰਿਹਾ ਹੈ ਕਿ ਦੁਨੀਆ ਵਿਚੋਂ ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਮਿਟ ਜਾਣ, ਫੌਜਾਂ ਅਤੇ ਲੜਾਈਆਂ ਖਤਮ ਹੋ ਜਾਣ। ਇਹ ਵੱਖਰੀ ਗੱਲ ਹੈ ਕਿ ਇਹ ਸੁਪਨਾ ਕਦੋਂ ਪੂਰਾ ਹੋਵੇਗਾ ਅਤੇ ਕਿਸ ਰਸਤੇ 'ਤੇ ਚੱਲ ਕੇ ਪੂਰਾ ਹੋਵੇਗਾ।

22ਵੀਂ ਸਦੀ ਦੇ ਇਨਸਾਨਾਂ ਨੂੰ ਧਰਮ ਦੇ ਨਾਮ 'ਤੇ ਹੁੰਦੀਆਂ ਰਹੀਆਂ ਲੜਾਈਆਂ ਬਹੁਤ ਅਜੀਬ ਲਗਦੀਆਂ ਹਨ। ਇੱਕ ਜਗ੍ਹਾ ਲੇਖਕ ਦਾ ਸਵਾਗਤ ਕਰਦੇ ਹੋਏ ਸਭਾ ਦਾ ਪ੍ਰਧਾਨ ਕਹਿੰਦਾ ਹੈ ਕਿ 'ਜਦ ਅਸੀਂ ਪੜ੍ਹਦੇ ਹਾਂ ਕਿ ਇਤਿਹਾਸ ਵਿੱਚ ਧਰਮ ਦੇ ਨਾਮ 'ਤੇ ਦੂਜੇ ਧਰਮ ਦੇ ਲੋਕਾਂ ਨੂੰ ਮਾਰਿਆ ਕੁੱਟਿਆ ਜਾਂਦਾ ਸੀ ਤਾਂ ਸਾਨੂੰ ਹਾਸਾ ਆਉਂਦਾ ਹੈ।'

2124 ਵਿੱਚ ਸਾਰੇ ਸੰਸਾਰ ਦੀ ਇੱਕ ਸਾਂਝੀ ਅੰਤਰ-ਰਾਸ਼ਟਰੀ ਭਾਸ਼ਾ ਬਣ ਚੁੱਕੀ ਹੈ ਅਤੇ ਇਸੇ ਤਰ੍ਹਾਂ ਸਾਰੇ ਹਿੰਦੁਸਤਾਨ ਭੂ-ਖੰਡ ਦੀ ਇੱਕ ਭਾਸ਼ਾ ਬਣ ਚੁੱਕੀ ਹੈ। ਇੱਥੇ ਭਾਸ਼ਾ ਦੇ ਸਵਾਲ ਬਾਰੇ ਵੀ ਲੇਖਕ ਅਤੇ 22ਵੀਂ ਸਦੀ ਦੀ ਇੱਕ ਪ੍ਰੋਫੈਸਰ ਵਿਚਕਾਰ ਦਿਲਚਸਪ ਗੱਲਬਾਤ ਹੁੰਦੀ ਹੈ ਜੋ ਲੇਖਕ ਦੀ ਭਾਸ਼ਾਵਾਂ ਬਾਰੇ ਸੂਝ ਨੂੰ ਪ੍ਰਗਟਾਉਂਦੀ ਹੈ।

ਲੇਖਕ ਨੇ 22ਵੀਂ ਸਦੀ ਦੇ ਜੀਵਨ ਅਤੇ ਪ੍ਰਬੰਧ ਤੋਂ ਇਲਾਵਾ ਉਸ ਸਮੇਂ ਦੀ ਸਿੱਖਿਆ ਬਾਰੇ ਵੀ ਵਿਸਥਾਰ ਵਿੱਚ ਚਰਚਾ ਕੀਤੀ ਹੈ। ਬਿਨਾਂ ਸ਼ੱਕ ਇਹ ਸਾਰਾ ਕੁੱਝ ਬਹੁਤ ਆਦਰਸ਼ਕ ਹੈ ਲੋਕ ਸਿਹਤਮੰਦ ਹਨ, 100 ਸਾਲ ਤੋਂ ਉੱਪਰ ਦਾ ਜੀਵਨ ਜਿਉਂਦੇ ਹਨ, ਲੋਕਾਂ ਵਿੱਚੋਂ ਧਰਮ, ਜਾਤ, ਭਾਸ਼ਾ ਆਦਿ ਦੇ ਵਖਰੇਵੇਂ ਮਿਟ ਚੁੱਕੇ ਹਨ, ਬੱਚਿਆਂ ਨੂੰ ਸਿੱਖਿਆ ਉਨ੍ਹਾਂ ਦੀ ਰੁਚੀ ਅਨੁਸਾਰ ਦਿੱਤੀ ਜਾਂਦੀ ਹੈ, ਸਿੱਖਿਆ ਹਾਸਲ ਕਰਨ ਉਪਰੰਤ ਆਪਣੀ ਯੋਗਤਾ ਅਨੁਸਾਰ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਜਾ ਕੇ ਰਹਿ ਸਕਦੇ ਹਨ। ਅੱਜ ਚਾਹੇ ਇਹ ਜਾਪਦਾ ਹੋਵੇ ਕਿ ਅਸੀਂ ਅਜਿਹੇ ਸਮਾਜ ਤੋਂ ਬਹੁਤ ਦੂਰ ਹਾਂ ਪਰ ਮਨੁੱਖ ਨੇ ਜਿਸ ਗੱਲ ਦਾ ਸੁਪਨਾ ਲਿਆ ਹੋਵੇ ਉਹ ਦੇਰ ਸਵੇਰ ਪੂਰਾ ਕਰਕੇ ਹੀ ਛੱਡਦਾ ਹੈ। ਇਹ ਪੁਸਤਕ ਇਸ ਸੁਪਨੇ ਨੂੰ ਕਾਇਮ ਰੱਖਣ ਦਾ ਸਾਧਨ ਹੈ।

ਸਾਡੇ ਲਈ ਤਾਂ ਅਜਿਹੀ ਪੁਸਤਕ ਪੜ੍ਹਨਾ ਹੋਰ ਵੀ ਵੱਧ ਮਹੱਤਵਪੂਰਨ ਹੈ ਕਿਉਂਕਿ ਸਾਡੇ ਵਿਚੋਂ ਬਹੁਤ ਲੋਕ ਤਾਂ ਅਠਾਰ੍ਹਵੀਂ ਸਦੀ ਵਿੱਚ ਜਾਣ ਦੇ ਹੀ ਸੁਪਨੇ ਲੈਂਦੇ ਰਹਿੰਦੇ ਹਨ, ਉਨ੍ਹਾਂ ਨੂੰ ਬਾਈਵੀਂ ਸਦੀ ਦੀਆਂ ਸੰਭਾਵਨਾਵਾਂ ਬਾਰੇ ਸੋਚਣ ਲਾਉਣਾ ਬਹੁਤ ਜਰੂਰੀ ਹੈ। ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਵਿੱਚ ਭਵਿੱਖ ਮੁਖੀ ਸੋਚ ਪੈਦਾ ਕਰਕੇ, ਉਨ੍ਹਾਂ ਨੂੰ ਅਜਿਹਾ ਵਧੀਆ ਸਮਾਜ ਬਨਾਉਣ ਦੇ ਰਾਹ ਵੱਲ ਤੁਰਨ ਲਈ ਪ੍ਰੇਰਨ ਵਿੱਚ ਸਹਾਈ ਹੋਵੇਗਾ।

98767 10809

ਮੁੰਡਨ

ਹਰੀਸ਼ੰਕਰ ਪਰਸਾਈ

ਇੱਕ ਦਿਨ ਕਿਸੇ ਦੇਸ਼ ਦੀ ਸੰਸਦ ਵਿੱਚ ਵੱਡਾ ਹੰਗਾਮਾ ਹੋਇਆ। ਹੰਗਾਮੇ ਦਾ ਕਾਰਨ ਕੋਈ ਸਿਆਸੀ ਸਮੱਸਿਆ ਨਹੀਂ ਸੀ, ਸਗੋ ਇੱਕ ਮੰਤਰੀ ਦੀ ਅਚਾਨਕ ਹੋਈ ਹੱਤਕ ਸੀ। ਕੱਲ੍ਹ ਤੱਕ ਉਸ ਦੇ ਸਿਰ 'ਤੇ ਲੰਬੇ, ਘੁੰਗਰਾਲੇ ਵਾਲ ਸਨ, ਪਰ ਰਾਤ ਨੂੰ ਉਹ ਅਚਾਨਕ ਗੰਜਾ ਹੋ ਗਿਆ।

ਉਨ੍ਹਾਂ ਦੇ ਨਾਲ ਕੀ ਹੋ ਗਿਆ ਹੈ, ਇਸ ਬਾਰੇ ਮੈਂਬਰਾਂ ਵਿੱਚ ਘੁਸਰ-ਮੁਸਰ ਸੀ। ਕਿਆਸ ਅਰਾਈਆਂ ਸ਼ੁਰੂ ਹੋ ਗਈਆਂ। ਕਿਸੇ ਨੇ ਕਿਹਾ, "ਸ਼ਾਇਦ ਉਸ ਦੇ ਸਿਰ ਵਿੱਚ ਜੂੰਆਂ ਪੈ ਗਈਆਂ ਹਨ।" ਦੂਸਰੇ ਨੇ ਕਿਹਾ, "ਸ਼ਾਇਦ ਦਿਮਾਗ 'ਚ ਵਿਚਾਰ ਭਰਨ ਲਈ ਵਾਲਾਂ ਦਾ ਪਰਦਾ ਲਾਹ ਸੁੱਟਿਆ ਹੋਵੇ।" ਤੀਸਰੇ ਨੇ ਕਿਹਾ,"ਸ਼ਾਇਦ ਇਸਦੇ ਪਰਿਵਾਰ ਵਿੱਚ ਕਿਸੇ ਦੀ ਮੌਤ ਹੋ ਗਈ।" ਪਰ ਉਹ ਪਹਿਲਾਂ ਵਾਂਗ ਖੁਸ਼ ਨਜਰ ਆ ਰਿਹਾ ਸੀ।

ਅੰਤ ਇੱਕ ਮੈਂਬਰ ਨੇ ਪੁੱਛਿਆ, "ਸਪੀਕਰ ਸਾਹਬ! ਕੀ ਮੈਂ ਜਾਣ ਸਕਦਾ ਹਾਂ ਕਿ ਮਾਣਯੋਗ ਮੰਤਰੀ ਸਾਹਿਬ ਦੇ ਪਰਿਵਾਰ ਵਿੱਚ ਕੀ ਕਿਸੇ ਦੀ ਮੌਤ ਹੋ ਗਈ ਹੈ?"

ਮੰਤਰੀ ਨੇ ਜਵਾਬ ਦਿੱਤਾ,"ਨਹੀਂ।"

ਮੈਂਬਰਾਂ ਨੇ ਅੰਦਾਜਾ ਲਗਾਇਆ ਕਿ ਮੰਤਰੀ ਦਾ ਉਨ੍ਹਾਂ ਲੋਕਾ ਨੇ ਹੀ ਤਾਂ ਮੁੰਡਨ ਨਹੀਂ ਕਰ ਦਿੱਤਾ ਜਿਨ੍ਹਾਂ ਵਿਰੁੱਧ ਉਹ ਬਿੱਲ ਪੇਸ਼ ਕਰਨ ਦਾ ਇਰਾਦਾ ਰੱਖਦੇ ਸੀ।

ਇਕ ਮੈਂਬਰ ਨੇ ਪੁੱਛਿਆ,"ਪ੍ਰਧਾਨ ਜੀ! ਕੀ ਮਾਣਯੋਗ ਮੰਤਰੀ ਜੀ ਨੂੰ ਪਤਾ ਹੈ ਕਿ ਉਹਨਾਂ ਦਾ ਮੁੰਡਨ ਹੋ ਗਿਆ ਹੈ? ਜੇ ਹਾਂ, ਤਾਂ ਕੀ ਉਹ ਦੱਸਣਗੇ ਕਿ ਉਹਨਾਂ ਦਾ ਮੁੰਡਨ ਕਿਸ ਨੇ ਕਰ ਦਿੱਤਾ ?"

ਮੰਤਰੀ ਨੇ ਗੰਭੀਰਤਾ ਨਾਲ ਜਵਾਬ ਦਿੱਤਾ,"ਮੈਂ ਇਹ ਨਹੀਂ ਕਹਿ ਸਕਦਾ ਕਿ ਮੇਰਾ ਮੁੰਡਨ ਹੋ ਗਿਆ ਹੈ ਜਾਂ ਨਹੀਂ!"

ਕਈ ਮੈਂਬਰ ਚੀਕੇ,"ਹੋ ਗਿਆ ਹੈ। ਹਰ ਕੋਈ ਇਸਨੂੰ ਦੇਖ ਰਿਹਾ ਹੈ।"

ਮੰਤਰੀ ਨੇ ਕਿਹਾ," ਜੇ ਹਰ ਕੋਈ ਦੇਖ ਲਵੇ ਤਾਂ ਕੁੱਝ ਨਹੀਂ ਹੁੰਦਾ। ਸਰਕਾਰ ਨੂੰ ਦਿਖਣਾ ਚਾਹੀਦਾ ਹੈ। ਸਰਕਾਰ ਜਾਂਚ ਕਰੇਗੀ ਕਿ ਮੇਰਾ ਮੁੰਡਨ ਕੀਤਾ ਗਿਆ ਹੈ ਜਾਂ ਨਹੀਂ।"

ਇੱਕ ਮੈਂਬਰ ਨੇ ਕਿਹਾ," ਇਸ ਦੀ ਹੁਣੇ ਜਾਂਚ ਕੀਤੀ ਜਾ ਸਕਦੀ ਹੈ। ਮੰਤਰੀ ਸਾਹਿਬ, ਸਿਰ 'ਤੇ ਹੱਥ ਫੇਰ ਕੇ ਦੇਖੋ।"

ਮੰਤਰੀ ਨੇ ਜਵਾਬ ਦਿੱਤਾ," ਮੈਂ ਸਿਰ 'ਤੇ ਆਪਣਾ ਹੱਥ ਫੇਰ ਕੇ ਬਿਲਕੁਲ ਨਹੀਂ ਦੇਖਾਂਗਾ। ਸਰਕਾਰ ਇਸ ਮਾਮਲੇ ਵਿੱਚ ਜਲਦਬਾਜੀ ਨਹੀਂ ਕਰਦੀ। ਪਰ ਮੈਂ ਵਾਅਦਾ ਕਰਦਾ ਹਾਂ ਕਿ ਮੇਰੀ ਸਰਕਾਰ ਇਸ ਦੀ ਵਿਸਥਾਰ 'ਚ ਜਾਂਚ ਕਰੇਗੀ ਅਤੇ ਸਦਨ ਦੇ ਸਾਹਮਣੇ ਸਾਰੇ ਤੱਥ ਪੇਸ਼ ਕਰੇਗੀ।"

ਮੈਂਬਰਾਂ ਨੇ ਰੌਲਾ ਪਾਇਆ," ਇਸਦੀ ਜਾਂਚ ਕਰਨ ਦੀ ਕੀ ਲੋੜ ਹੈ? ਸਿਰ ਤੁਹਾਡਾ ਹੈ ਤੇ ਹੱਥ ਵੀ ਤੁਹਾਡੇ ਹਨ। ਮੰਤਰੀ ਨੂੰ ਆਪਣੇ ਹੀ ਹੱਥ ਨੂੰ ਸਿਰ 'ਤੇ ਫੇਰਨ 'ਚ ਕੀ ਇਤਰਾਜ਼ ਹੈ?"

ਮੰਤਰੀ ਨੇ ਕਿਹਾ," ਮੈਂ ਮੈਂਬਰਾਂ ਨਾਲ ਸਾਹਿਮਤ ਹਾਂ ਕਿ ਸਿਰ ਵੀ ਮੇਰਾ ਹੈ ਤੇ ਹੱਥ ਵੀ ਮੇਰੇ ਹਨ। ਪਰ ਸਾਡੇ ਹੱਥ ਰਵਾਇਤਾਂ ਅਤੇ ਨੀਤੀਆਂ ਨਾਲ ਬੰਨ੍ਹੇ ਹੋਏ ਹਨ। ਮੈਂ ਆਪਣੇ ਸਿਰ 'ਤੇ ਹੱਥ ਫੇਰਨ ਲਈ ਅਜ਼ਾਦ ਨਹੀਂ ਹਾਂ। ਸਰਕਾਰ ਦੀ ਇੱਕ ਨਿਯਮਤ ਕਾਰਜ ਪ੍ਰਣਾਲੀ ਹੁੰਦੀ ਹੈ। ਮੈਂ ਵਿਰੋਧੀ ਮੈਂਬਰਾਂ ਦੇ ਦਬਾਅ ਹੇਠ ਉਸ ਪ੍ਰਣਾਲੀ ਨੂੰ ਨਹੀਂ ਤੋੜ ਸਕਦਾ। ਮੈ ਇਸ ਸਬੰਧੀ ਸਦਨ ਵਿੱਚ ਇੱਕ ਭਾਸ਼ਣ ਦੇਵਾਂਗਾ।"

ਸ਼ਾਮ ਨੂੰ ਮੰਤਰੀ ਨੇ ਸਦਨ ਵਿੱਚ ਭਾਸ਼ਣ ਦਿੱਤਾ,"ਸ਼੍ਰੀਮਾਨ ਸਪੀਕਰ ! ਸਦਨ ਵਿੱਚ ਸਵਾਲ ਚੁੱਕਿਆ ਗਿਆ ਕਿ ਕੀ ਮੇਰਾ ਮੁੰਡਨ ਕੀਤਾ ਗਿਆ ਹੈ ਜਾਂ ਨਹੀਂ? ਜੇ ਕੀਤਾ ਗਿਆ ਹੈ, ਤਾ ਇਹ ਕਿਸਨੇ ਕੀਤਾ? ਇਹ ਸਵਾਲ ਬਹੁਤ ਗੁੰਝਲਦਾਰ ਹੈ । ਅਤੇ ਸਰਕਾਰ ਇਸ 'ਤੇ ਜਲਦਬਾਜੀ 'ਚ ਕੋਈ ਫੈਸਲਾ ਨਹੀਂ ਲੈ ਸਕਦੀ। ਮੈਂ ਨਹੀਂ ਕਹਿ ਸਕਦਾ ਕਿ ਮੇਰਾ ਮੁੰਡਨ ਹੋਇਆ ਹੈ ਜਾਂ ਨਹੀਂ। ਜਾਂਚ ਪੂਰੀ ਹੋਣ ਤੱਕ ਸਰਕਾਰ ਇਸ ਸਬੰਧੀ ਕੁੱਝ ਨਹੀਂ ਕਹਿ ਸਕਦੀ। ਸਾਡੀ ਸਰਕਾਰ ਤਿੰਨ ਵਿਅਕਤੀਆਂ ਦੀ ਜਾਂਚ ਕਮੇਟੀ ਨਿਯੁਕਤ ਕਰਦੀ ਹੈ, ਜੋ ਇਸ ਮਾਮਲੇ ਦੀ ਜਾਂਚ ਕਰੇਗੀ। ਮੈਂ ਸਦਨ ਵਿੱਚ ਜਾਂਚ ਕਮੇਟੀ ਦੀ ਰਿਪੋਰਟ ਪੇਸ਼ ਕਰਾਂਗਾ। "

ਮੈਂਬਰਾਂ ਨੇ ਕਿਹਾ,"ਇਹ ਕੁਤੁਬ ਮੀਨਾਰ ਦਾ ਮਾਮਲਾ ਨਹੀਂ ਹੈ, ਜੋ ਸਦੀਆਂ ਤੱਕ ਜਾਂਚ ਲਈ ਖੜ੍ਹੀ ਰਹੇਗੀ। ਇਹ ਤੁਹਾਡੇ ਵਾਲਾਂ ਦੀ ਗੱਲ ਹੈ, ਜੋ ਵਧਦੇ ਹਨ ਅਤੇ ਕੱਟੇ ਜਾਂਦੇ ਹਨ। ਇਸ ਦਾ ਫੈਸਲਾ ਤੁਰੰਤ ਹੋਣਾ ਚਾਹੀਦਾ ਹੈ।"

ਮੰਤਰੀ ਨੇ ਜਵਾਬ ਦਿੱਤਾ," ਮੈਂਬਰਾਂ ਨੂੰ ਕੁਤੁਬ ਮੀਨਾਰ ਨਾਲ ਤੁਲਨਾ ਕਰਕੇ ਮੇਰੇ ਵਾਲਾਂ ਦੀ ਹੱਤਕ ਕਰਨ ਦਾ ਕੋਈ ਹੱਕ ਨਹੀਂ ਹੈਂ। ਜਿੱਥੋਂ ਤੱਕ ਬੁਨਿਆਦੀ ਸਮੱਸਿਆ ਦਾ ਸਵਾਲ ਹੈ, ਸਰਕਾਰ ਜਾਂਚ ਤੋਂ ਪਹਿਲਾਂ ਕੁੱਝ

ਬਾਕੀ ਪੰਨਾ 30 'ਤੇ

ਗ਼ਦਰੀ ਜਰਨੈਲ਼ : ਕਰਤਾਰ ਸਿੰਘ ਸਰਾਭਾ

ਗ਼ਦਰ ਪਾਰਟੀ ਦਾ ਛੋਟੀ ਉਮਰ ਦਾ ਜਰਨੈਲ ਸੀ : ਕਰਤਾਰ ਸਿੰਘ ਸਰਾਭਾ। ਬੁਲੰਦ ਜ਼ਜ਼ਬਿਆਂ ਦਾ ਮਾਲਕ ਤੇ ਆਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਵਾਲਾ। ਭਰ ਜਵਾਨੀ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਇਹ ਦੇਸ਼ ਭਗਤ ਗੱਭਰੂ ਦੇਸ਼, ਦੁਨੀਆਂ ਲਈ ਮਿਸਾਲ ਬਣਿਆ।


ਜਨਮ ਦਿਨ:
24 ਮਈ, 1896

16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਅੰਗਰੇਜ ਹਕੂਮਤ ਨੇ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਅਜਿਹਾ ਜ਼ਿਕਰ ਮਿਲਦਾ ਹੈ, ਜਦ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, "ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ।" ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ ?" ਸਰਾਭਾ ਦਾ ਜੁਆਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।" **- ਡਾ. ਚਮਨ ਲਾਲ**

ਮਹਾਂ ਨਾਇਕ ਦਾ ਨਿਰਣਾ

ਹੋਰ ਸਭਨਾਂ ਵਾਂਗ ਮੈਂ ਵੀ ਸਫ਼ਲਤਾ ਚਾਹੁੰਦਾ ਸੀ। ਮੈਂ ਪ੍ਰਸਿੱਧ ਖੋਜਕਾਰ ਬਣਨ ਦੇ ਅਤੇ ਮਨੁੱਖ ਜਾਤੀ ਲਈ ਕੋਈ ਫ਼ਾਇਦੇਮੰਦ ਚੀਜ਼ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਸਾਂ ਪਰ ਇਹ ਸਭ ਕੁੱਝ ਨਿੱਜੀ ਸਫ਼ਲਤਾ ਦਾ ਸੁਪਨਾ ਸੀ। ਸਾਡੇ ਸਭਨਾਂ ਵਾਂਗ ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀ ਪੈਦਾਵਾਰ ਸਾਂ।

....ਮੈਂ ਵੇਖਿਆ ਕਿ ਕਿਵੇਂ ਮਾਂ-ਬਾਪ ਪੈਸੇ ਦੀ ਥੁੜ੍ਹ ਕਾਰਣ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਭੁੱਖ ਅਤੇ ਦੁੱਖ ਕਾਰਣ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉੱਤੇ ਬੱਚੇ ਦੀ ਮੌਤ ਦਾ ਕੋਈ ਖ਼ਾਸ ਅਸਰ ਨਹੀਂ ਹੁੰਦਾ ਸੀ। ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿੱਧ ਖੋਜਕਾਰ ਬਣਨ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ। **- ਅਰਨੈਸਟੋ ਚੀ ਗੁਵੇਰਾ**


ਜਨਮ ਦਿਨ:
14 ਜੂਨ, 1928

ਮੇਰਾ ਆਦਰਸ਼

ਮਹਾਰਾਸ਼ਟਰ ਦੀ ਧਰਤੀ ਤੋਂ ਅੰਧਵਿਸ਼ਵਾਸ਼, ਅਗਿਆਨਤਾ, ਨਾ ਬਰਾਬਰੀ ਤੇ ਅੰਧ ਸ਼ਰਧਾ ਨਾਲ ਜੁੜੀਆਂ ਰਵਾਇਤਾਂ ਦੇ ਖਾਤਮੇ ਲਈ ਡਾ. ਨਰੇਂਦਰ ਦਾਭੋਲਕਰ ਨੇ ਸ਼ਹਾਦਤ ਦਿੱਤੀ ਹੈ। ਉਹਨਾਂ ਦੇ ਜਾਣ ਮਗਰੋਂ ਹੋਏ ਵੱਡੇ ਨੁਕਸਾਨ ਦੇ ਚਲਦਿਆਂ ਅੰਧ ਸ਼ਰਧਾ ਨਿਰਮੂਲਣ ਸੰਮਤੀ ਦੇ ਪੈਰ ਡਗਮਗਾਏ ਨਹੀਂ ਸਗੋਂ ਸਾਬਤ ਕਦਮੀਂ ਹੋਏ। ਸਾਡੇ ਕੰਮ ਦਾ ਘੇਰਾ ਹੋਰ ਵਿਸ਼ਾਲ ਹੋਇਆ। ਦੂਰ ਦਰਾਜ ਦੇ ਪਿੰਡਾਂ, ਸ਼ਹਿਰਾਂ ਤੱਕ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੀ ਆਵਾਜ਼ ਪਹੁੰਚੀ। ਮੇਰਾ ਇਸ ਸੰਸਥਾ ਨਾਲ ਜੁੜ ਕੇ ਸਮਾਜ ਲਈ ਕੰਮ ਕਰਨ ਦਾ ਉਹੋ ਉਦੇਸ਼ ਹੈ, ਜਿਹੜਾ ਡਾ. ਦਾਭੋਲਕਰ ਜੀ ਨੇ ਉਮਰ ਭਰ ਕੀਤਾ ਹੈ। ਨਿੱਜੀ ਖੁਸ਼ੀਆਂ ਨਾਲੋਂ ਸਮਾਜ ਦੀ ਬੇਹਤਰੀ ਲਈ ਉੱਚੇ ਸੁੱਚੇ ਮਿਸ਼ਨ, ਉਦੇਸ਼ ਲਈ ਕੀਤਾ ਕਾਰਜ ਕਿਤੇ ਵੱਡਾ ਹੈ। ਖ਼ੈਰ, ਹੁਣ ਮੈਂ ਜ਼ਿੰਦਗੀ ਨੂੰ ਭਰਮ ਮੁਕਤ ਤੇ ਚੰਗੀਆਂ ਕਦਰਾਂ ਕੀਮਤਾਂ ਵਾਲੇ ਸਮਾਜ ਨੂੰ ਸਮਰਪਿਤ ਕਰ ਦਿੱਤਾ ਹੈ। ਇਹੋ ਮੇਰਾ ਜੀਵਨ ਆਦਰਸ਼ ਹੈ। **- ਨੰਦਨੀ ਯਾਧਵ**



ਕ੍ਰਾਂਤੀਕਾਰੀ ਨਾਇਕ: ਭਗਵਤੀ ਚਰਨ ਵੋਹਰਾ

ਆਗਰਾ ਵਿਖੇ ਰੇਲਵੇ ਅਧਿਕਾਰੀ ਪਿਤਾ ਪੰਡਤ ਸ਼ਿਵ ਚਰਨ ਵੋਹਰਾ ਦੇ ਘਰ 1903 ਵਿੱਚ ਭਗਵਤੀ ਚਰਨ ਦਾ ਜਨਮ ਹੋਇਆ। ਲਾਹੌਰ ਦੇ ਨੈਸ਼ਨਲ ਕਾਲਜ ਪੜ੍ਹਦਿਆਂ ਉਨ੍ਹਾਂ ਦਾ ਮੇਲ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਹੋਇਆ। ਉਹ ਇਮਾਰਤ ਦੇ ਦਰਵਾਜੇ ਉੱਪਰ ਜੜੇ ਕੀਮਤੀ ਤੇ ਖੂਬਸੂਰਤ ਪੱਥਰ ਦੀ ਥਾਂ ਨੀਂਹ ਦਾ ਪੱਥਰ ਬਣਨਾ ਜ਼ਿਆਦਾ ਪਸੰਦ ਕਰਦੇ ਸਨ। ਖ਼ੁਦ ਪਿੱਛੇ ਰਹਿ ਕੇ ਦੂਜਿਆਂ ਨੂੰ ਅੱਗੇ ਵਧਣ ਦਾ ਮੌਕਾ ਪ੍ਰਦਾਨ ਕਰਨਾ ਚੰਗੀ ਤਰ੍ਹਾਂ ਜਾਣਦੇ ਸਨ। ਸੰਗਠਨ ਦੀਆਂ ਗੰਭੀਰ ਸਮੱਸਿਆਵਾਂ ਉੱਪਰ ਪਕੜ, ਯੋਗਤਾ ਤੇ ਲਿਖ਼ਤ ਉੱਪਰ ਉਨ੍ਹਾਂ ਨੂੰ ਪੂਰਾ ਅਧਿਕਾਰ ਸੀ। ਆਪਣੀ ਉਮਰ ਦੇ ਤਜਰਬਿਆਂ ਦੇ ਪੈਮਾਨੇ ਤੋਂ ਉਹ ਹਰੇਕ ਵਿਸ਼ੇ ਉੱਪਰ ਕਿਤੇ ਜ਼ਿਆਦਾ ਗਿਆਨ ਰਖਦੇ ਸਨ। ਇਹ ਗੁਣ ਭਗਤ ਸਿੰਘ ਤੇ ਭਗਵਤੀ ਚਰਨ ਦੋਹਾਂ ਵਿੱਚ ਸਨ।



ਵਿਸ਼ਵ ਪ੍ਰਸਿੱਧ ਮੇਰਠ ਕਮਿਊਨਿਸਟ ਸਾਜਿਸ਼ ਕੇਸ ਦੇ ਮਾਮਲੇ ਵਿੱਚ ਵੀ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਗਈ। ਭਗਵਤੀ ਚਰਨ ਉਸ ਵਕਤ ਘਰ ਨਾ ਹੋਣ ਕਾਰਣ ਫੜ੍ਹੇ ਨਹੀਂ ਜਾ ਸਕੇ। ਫਿਰ ਅਸੈਂਬਲੀ ਬੰਬ ਕੇਸ ਤੋਂ ਬਾਅਦ ਲਾਹੌਰ ਦੀ ਬੰਬ ਫੈਕਟਰੀ ਫੜ੍ਹੀ ਗਈ। ਪਤਾ ਲੱਗਿਆ ਕਿ ਫੈਕਟਰੀ ਵਾਲਾ ਮਕਾਨ ਭਗਵਤੀ ਚਰਨ ਦੇ ਨਾਂ 'ਤੇ ਲਿਆ ਹੋਇਆ ਸੀ। ਉਨ੍ਹਾਂ ਦੇ ਨਾਂ ਵੀ ਵਾਰੰਟ ਜਾਰੀ ਹੋ ਗਏ।

ਮਈ 1930 ਨੂੰ ਭਗਤ ਸਿੰਘ ਤੇ ਦੱਤ ਨੂੰ ਜੇਲ੍ਹ ਵਿੱਚੋਂ ਛੁਡਵਾਉਣ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਗਿਆ। ਤੈਅ ਹੋਇਆ ਕਿ ਐਤਵਾਰ ਦੇ ਦਿਨ ਜਦੋਂ ਭਗਤ ਸਿੰਘ ਤੇ ਦੱਤ ਲਾਹੌਰ ਬੋਸਟਰਲ ਜੇਲ੍ਹ ਵਿੱਚ ਆਪਣੇ ਹੋਰਨਾਂ ਸਾਥੀਆਂ ਨੂੰ ਮਿਲ ਕੇ ਬਾਹਰ ਆਉਣ ਤਾਂ ਪੁਲਿਸ ਦੀ ਗੱਡੀ ਵਿੱਚ ਬੈਠਦੇ ਸਮੇਂ ਹਮਲਾ ਬੋਲ ਕੇ ਉਨ੍ਹਾਂ ਨੂੰ ਛੁਡਾ ਲਿਆ ਜਾਵੇ। ਇਸ ਕੰਮ ਖ਼ਾਤਰ ਜਾਣ ਵਾਲਿਆਂ ਵਿੱਚ ਆਜ਼ਾਦ ਤੇ ਹੋਰਨਾਂ ਸਾਥੀਆਂ ਨਾਲ ਭਗਵਤੀ ਨੇ ਵੀ ਜ਼ੋਰ ਪਾ ਕੇ ਆਪਣਾ ਨਾਂ ਰਖਵਾ ਲਿਆ। ਉਨ੍ਹਾਂ ਯਸ਼ਪਾਲ ਨੂੰ ਬੰਬ ਤਿਆਰ ਕਰਨ ਲਈ ਆਖਿਆ।

28 ਮਈ 1930 ਨੂੰ ਵੈਸ਼ਮਪਾਇਨ, ਭਗਵਤੀ ਚਰਨ ਤੇ ਸੁਖਦੇਵ ਰਾਜ ਸਵੇਰੇ ਦਸ ਗਿਆਰਾਂ ਵਜੇ ਰਾਵੀ ਦੇ ਕਿਨਾਰੇ ਸੰਘਣੇ ਜੰਗਲ ਵਿੱਚ ਬੰਬ ਧਮਾਕਾ ਕਰਨ ਲਈ ਗਏ। ਇੱਕ ਸੁਰੱਖਿਅਤ ਥਾਂ ਵੇਖ ਕੇ ਰੁਕ ਗਏ। ਸਾਹਮਣੇ ਇੱਕ ਵੱਡਾ ਖੱਡਾ ਸੀ। ਉਸੇ ਵਿੱਚ ਬੰਬ ਦਾ ਤਜਰਬਾ ਕਰਨਾ ਸੀ। ਭਗਵਤੀ ਨੇ ਬੰਬ ਦੀ ਪਿੰਨ ਕੱਢੀ, ਸੁੱਟਣ ਲਈ ਹੱਥ ਵੀ ਨਹੀਂ ਉਠਾ ਸਕੇ। ਬੰਬ ਦਾ ਤਬਾਹਕੁੰਨ ਧਮਾਕਾ ਹੱਥ ਵਿੱਚ ਹੀ ਹੋ ਗਿਆ। ਧੂੰਏਂ ਦਾ ਗ਼ੁਬਾਰ ਛਾ ਗਿਆ। ਭਗਵਤੀ ਭਾਈ ਸਖ਼ਤ ਜ਼ਖਮੀ ਹੋ ਗਏ। ਉਨ੍ਹਾਂ ਦਾ ਇੱਕ ਹੱਥ ਗੁੱਟ ਨਾਲੋਂ ਉੱਡ ਗਿਆ। ਐਨਾ ਸਰੀਰਕ ਦੁੱਖ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਚਿਹਰੇ 'ਤੇ ਮੁਸਕਰਾਹਟ ਜਿਉਂ ਦੀ ਤਿਉਂ ਸੀ। ਮੌਤ ਦੀ ਖਿੱਲੀ ਉਡਾਉਣ ਦਾ ਇਹ ਪ੍ਰਚੰਡ ਸਾਹਸ ਸੀ। ਮੌਤ ਨਾਲ ਸੰਘਰਸ਼ ਜਾਰੀ ਸੀ ਪਰ ਜਿੱਤ ਮੌਤ ਦੀ ਹੋਈ। ਦੇਸ਼ ਦੀ ਆਜ਼ਾਦੀ ਖਾਤਰ ਉਨ੍ਹਾਂ ਆਪਣੇ ਆਪ ਨੂੰ ਸ਼ਹੀਦ ਕਰ ਦਿੱਤਾ।

(ਸ਼ਹਾਦਤ 28 ਮਈ, 1930)

ਸ਼ਿਵ ਵਰਮਾ

(ਸ਼ਹੀਦ ਭਗਤ ਸਿੰਘ ਹੁਰਾਂ ਦਾ ਸੰਗੀ ਸਾਥੀ)

ਨਸ਼ਤਰਾਂ

ਚੁੱਪ ਚੁਪੀਤੇ ਚੇਤਰ ਚੜ੍ਹਿਆ,
ਆਇਆ ਬੱਜਟ ਕਰਜਾ ਮੜ੍ਹਿਆ।
ਭਗਤ ਸਿੰਘ ਦੀ ਪੱਗ ਬੰਨ੍ਹ ਕੇ
ਗੋਰਿਆਂ ਅੱਗੇ ਠੂਠਾ ਫੜ੍ਹਿਆ।
ਸਾਡੇ ਗੀਝੇ ਗਿਰਝਾਂ ਟੋਹ ਲਏ,
ਅੰਬੀਆਂ ਉੱਤੋਂ ਬੂਰ ਜਿਉਂ ਝੜਿਆ।
ਜਲ, ਜੰਗਲ, ਜਮੀਨ ਵੇਚਦਾ,
ਚੌਕੀਦਾਰ ਨੇ ਕੀ ਲੱਛਣ ਫੜਿਆ
ਧਰਮ ਦਾ ਠੇਕੇਦਾਰ ਬਣ ਗਿਆ,
ਸੁੱਖਾ ਘੋਟਦਾ ਜੋ-ਜੀ ਅੜਿਆ।
ਹੁਕਮ ਬਿਨ੍ਹਾਂ ਪੱਤਾ ਨਹੀਂ ਹਿਲਦਾ,
ਜੰਜ ਕੂੜ ਦੀ ਕਾਬਲੋਂ ਖੜਿਆ!



ਜਗਸੀਰ ਜੀਦਾ
(94173-33203)

ਆਪ ਬੀਤੀ

ਕਰਾਮਾਤੀ ਕਮਰੇ



ਰੁਪਿੰਦਰ ਪਾਲ ਸਿੰਘ

1991-92 ਤੱਕ ਸਾਡੀ ਰਿਹਾਇਸ਼ ਖੇਤ ਵਿੱਚ ਸੀ। ਸਾਡਾ ਇਕ ਪੋਲਟਰੀ ਫਾਰਮ ਸੀ। ਇਹਨਾਂ ਸਾਲਾਂ ਵਿੱਚ ਪਿੰਡ ਵਿੱਚ ਵੱਖ-ਵੱਖ ਕਾਰ ਦੇ ਸਮਾਨ ਬਣਾਉਣ ਦੀਆਂ ਫੈਕਟਰੀਆਂ ਲੱਗਣ ਲੱਗੀਆਂ। ਫੈਕਟਰੀਆਂ ਵਿੱਚ ਕੰਮ ਕਰਨ ਲਈ ਮਜ਼ਦੂਰ ਆਉਣ ਲੱਗ ਪਏ। ਪਿੰਡ ਵਿੱਚ ਕਮਰੇ ਕਿਰਾਏ 'ਤੇ ਲੈਣ ਵਾਲਿਆਂ ਦੀ ਮੰਗ ਵਧਣ ਲੱਗ ਗਈ। ਅਸੀਂ ਪਿੰਡ ਵਿੱਚ ਰਿਹਾਇਸ਼ ਕਰ ਲਈ ਸੀ। ਅਸੀਂ ਖੇਤ ਵਾਲਾ ਘਰ ਕਿਰਾਏ 'ਤੇ ਦੇ ਦਿੱਤਾ। ਪੋਲਟਰੀ ਫਾਰਮ ਵਿਚ ਕੰਧਾਂ ਕਰਕੇ ਕਮਰਿਆਂ ਦਾ ਰੂਪ ਦੇ ਦਿੱਤਾ। ਉਹ ਕਮਰੇ ਵੀ ਕਿਰਾਏ 'ਤੇ ਦੇ ਦਿੱਤੇ।

2001-2002 ਵਿੱਚ ਕਮਰਿਆਂ ਵਿੱਚ ਇੱਕ ਨਵਾਂ ਹੀ ਰੁਝਾਨ ਦੇਖਣ ਲਈ ਮਿਲਿਆ ਜਿਸ ਨੂੰ ਪਹਿਲਾਂ ਤਾਂ ਅਸੀਂ ਗੌਲਿਆਂ ਹੀ ਨਾ, ਪਰ ਫਿਰ ਸੋਚਿਆ ਕਿ ਆਖਰ ਇਹ ਚੱਕਰ ਕੀ ਹੈ। ਸਾਡੇ ਕਮਰਿਆਂ ਵਿੱਚ ਹਫ਼ਤੇ ਵਿੱਚ ਘੱਟੋ-ਘੱਟ ਇੱਕ ਜਣੇਪਾ ਹੋਣ ਲੱਗ ਪਿਆ। ਮਜ਼ਦੂਰ ਡਿਊਟੀ 'ਤੇ ਹੁੰਦੇ ਹਨ। ਔਰਤਾਂ ਨੂੰ ਹਸਪਤਾਲ ਲਿਜਾਣਾ ਵੀ ਸਾਨੂੰ ਹੀ ਪੈਂਦਾ ਸੀ। ਸਾਡਾ ਸਕੂਟਰ ਹਰ ਹਫ਼ਤੇ ਹਸਪਤਾਲ ਨੂੰ ਕੂਚ ਕਰੀ ਰੱਖਦਾ। ਪਹਿਲਾਂ ਪਹਿਲਾਂ ਤਾਂ ਮਦਦ ਕਰਦੇ ਰਹੇ ਪਰ ਫਿਰ ਸੋਚਣ ਲੱਗੇ ਕਿ ਇਹ ਕੀ ਨਵਾਂ ਕੰਮ ਗਲ ਪੈ ਗਿਆ ਹੈ। ਅਸੀਂ ਖੋਜ ਕਰਨ ਲੱਗੇ ਕਿ ਅਜਿਹਾ ਖੂਹ 'ਤੇ ਕੀ ਹੈ, ਸਾਰੀਆਂ ਜਣੇਪੇ ਵਾਲੀਆਂ ਔਰਤਾਂ ਸਾਡੇ ਖੂਹ 'ਤੇ ਕਮਰਾ ਲੈਣ ਲਈ ਤੁਰੀਆਂ ਆਉਂਦੀਆਂ ਹਨ।

ਕਾਰਨ ਪਤਾ ਲੱਗਣ 'ਤੇ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਗੱਲ ਇਹ ਸੀ।

ਸਾਡੇ ਖੇਤ ਵਿੱਚ ਇੱਕ ਪਰਿਵਾਰ ਨੇ ਕਮਰਾ ਕਿਰਾਏ 'ਤੇ ਲਿਆ। ਉਹਨਾਂ ਦੇ ਵਿਆਹ ਨੂੰ 15 ਸਾਲ ਹੋ ਗਏ ਸਨ। ਉਹਨਾਂ ਦੇ ਕੋਈ ਬੱਚਾ ਨਹੀਂ ਸੀ। ਸਾਡੇ ਕਮਰਿਆਂ ਵਿੱਚ ਆ ਕੇ ਉਹ ਪੁੱਤਰ ਦੇ ਮਾਪੇ ਬਣ ਗਏ। ਲਾਈਲੱਗ ਜਨਤਾ। ਮਜਦੂਰਾਂ ਵਿੱਚ ਗੱਲ ਫੈਲ ਗਈ ਕਿ "ਮਾਸਟਰਾਂ" ਦੇ ਕਮਰੇ 'ਕਰਾਮਾਤੀ' ਹਨ। ਕਮਰੇ ਔਲਾਦ ਬਖਸ਼ਦੇ ਹਨ ਅਤੇ ਜੋ ਵੀ ਜਣੇਪਾ ਉਹਨਾਂ ਵਿੱਚ ਰਹਿੰਦੇ ਹੁੰਦਾ ਹੈ, ਸ਼ਰਤੀਆ ਮੁੰਡਾ ਹੁੰਦਾ ਹੈ। ਲਓ ਜੀ, ਮਜ਼ਦੂਰਾਂ ਨੇ ਬੰਨ ਲਈਆਂ ਵਹੀਰਾਂ ਮਾਸਟਰਾਂ ਦੇ ਕਮਰਿਆਂ ਵੱਲ।

ਗੱਲ ਸੁਣ ਕਿ ਸਾਡਾ ਹਾਸਾ ਰੁਕਣ ਦਾ ਨਾਂ ਨਾ ਲਵੇ। "ਅਸੀਂ ਕਿਹਾ, ਲਓ ਜੀ ! ਮਾਸਟਰ 'ਕਰਾਮਾਤਾਂ' ਦਾ ਪਰਦਾਫਾਸ਼ ਕਰਦੇ ਬਾਹਰ ਫਿਰਦੇ ਨੇ, ਤੇ 'ਕਰਾਮਾਤਾਂ' ਮਾਸਟਰਾਂ ਦੇ ਖੂਹ 'ਤੇ ਵਾਪਰੀ ਜਾਂਦੀਆਂ ਹਨ।" ਕੁੱਛੜ ਕੁੜੀ, ਸ਼ਹਿਰ ਢੰਡੋਰਾ।

ਫਿਰ ਕੀ ਸੀ। ਮਾਰ ਲਿਆ, ਆਪਣੇ ਪੈਰੀਂ ਆਪ ਕੁਹਾੜਾ। ਉਹਨਾਂ ਨੂੰ ਸਮਝਾਇਆ ਕਿ ਸਾਡੇ ਕਮਰਿਆਂ ਵਿੱਚ ਕੋਈ ਸ਼ਕਤੀ ਨਹੀਂ ਹੈ। ਇਹ ਸਭ ਕੁਦਰਤੀ ਹੋਇਆ ਹੈ। ਉਸ ਤੋਂ ਬਾਅਦ ਕਮਰਿਆਂ 'ਚ ਕਿਰਾਏ 'ਤੇ ਆਉਣ ਵਾਲਿਆਂ ਦੀ ਰਫ਼ਤਾਰ ਤਾਂ ਘੱਟ ਹੋ ਗਈ ਪਰ ਆਪਣੀ ਵਿਗਿਆਨਕ ਸੋਚ 'ਤੇ ਪਹਿਰਾ ਦੇਣ ਕਾਰਨ ਮਨ ਨੂੰ ਸਕੂਨ ਪ੍ਰਾਪਤ ਹੋਇਆ।

98552-65666

ਪੰਨਾ 10 ਦਾ ਬਾਕੀ... ਜਿਸ ਵਿਚੋਂ ਉਸਨੇ ਬਿਹਤਰ ਸਿਹਤਮੰਦ ਜ਼ਿੰਦਗੀ ਦੀ ਚੋਣ ਦਾ ਵਾਅਦਾ ਕੀਤਾ। ਅੱਜ ਕਈ ਮਹੀਨੇ ਬੀਤ ਜਾਣ ਦੇ ਬਾਅਦ ਵੀ ਲੜਕੀ ਨੂੰ ਕਦੇ ਕੋਈ ਤਕਲੀਫ਼ ਨਹੀਂ ਹੋਈ। ਹੁਣ ਮਿਹਨਤੀ ਪਰਿਵਾਰ ਵੀ ਖੁਸ਼ੀ ਖੁਸ਼ੀ ਜ਼ਿੰਦਗੀ ਬਤੀਤ ਕਰ ਰਿਹਾ ਹੈ ਅਤੇ ਤਰਕਸ਼ੀਲ ਸੁਸਾਇਟੀ ਦਾ ਧੰਨਵਾਦੀ ਹੈ।

ਧੂਰੀ ਇਕਾਈ, **ਟੀਮ: ਸੁਖਦੇਵ ਧੂਰੀ 95920 85886**
ਰਾਜਿੰਦਰ ਰਾਜੂ 99881 39876

ਪੰਨਾ 27 ਦਾ ਬਾਕੀ... ਨਹੀਂ ਕਹਿ ਸਕਦੀ।"

ਜਾਂਚ ਕਮੇਟੀ ਸਾਲਾਂ ਬੱਧੀ ਜਾਂਚ ਕਰਦੀ ਰਹੀ। ਇੱਧਰ ਮੰਤਰੀ ਦੇ ਸਿਰ ਦੇ ਵਾਲ ਵਧਦੇ ਰਹੇ। ਇੱਕ ਦਿਨ ਮੰਤਰੀ ਨੇ ਜਾਂਚ ਕਮੇਟੀ ਦੀ ਰਿਪੋਰਟ ਸਦਨ ਅੱਗੇ ਪੇਸ਼ ਕੀਤੀ।


ਜਾਂਚ ਕਮੇਟੀ ਦਾ ਫੈਸਲਾ ਸੀ ਕਿ ਮੰਤਰੀ ਦਾ ਮੁੰਡਨ ਨਹੀਂ ਹੋਇਆ ਸੀ। ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਇਸ ਦਾ ਉਤਸ਼ਾਹ ਨਾਲ ਸਵਾਗਤ ਕੀਤਾ।

ਸਦਨ ਦੇ ਇੱਕ ਹੋਰ ਹਿੱਸੇ ਵਿੱਚੋਂ "ਸ਼ਰਮ-ਸ਼ਰਮ" ਦੇ ਨਾਹਰੇ ਆ ਰਹੇ ਸਨ। ਇਤਰਾਜ ਉੱਠੇ, 'ਇਹ ਬਿਲਕੁਲ ਝੂਠ ਹੈ। ਮੰਤਰੀ ਦਾ ਮੁੰਡਨ ਹੋਇਆ ਸੀ।"

ਮੰਤਰੀ ਮੁਸਕਰਾ ਕੇ ਉੱਠਿਆ ਅਤੇ ਕਿਹਾ, "ਇਹ ਤੁਹਾਡਾ ਵਿਚਾਰ ਹੋ ਸਕਦਾ ਹੈ ਪਰ ਸਬੂਤ ਤਾਂ ਚਾਹੀਦੇ ਹਨ। ਅੱਜ ਵੀ ਜੇ ਤੁਸੀਂ ਸਬੂਤ ਦੇਵੋਂ ਤਾਂ ਮੈਂ ਤੁਹਾਡੀ ਗੱਲ ਮੰਨ ਲਵਾਂਗਾ।"

ਇਹ ਕਹਿੰਦਿਆਂ ਉਸਨੇ ਆਪਣੇ ਘੁੰਗਰਾਲੇ ਵਾਲਾਂ 'ਤੇ ਹੱਥ ਫੇਰਿਆ ਅਤੇ ਸਦਨ ਹੋਰ ਮੁੱਦਿਆਂ ਨੂੰ ਸੁਲਝਾਉਣ 'ਚ ਰੁੱਝ ਗਿਆ ।

ਬੋਲ ਸਦੀਵੀਂ



ਕਵੀ ਹੋਣਾ ...



ਹਰਪ੍ਰੀਤ ਕੌਰ ਸੰਧੂ

ਕਵੀ ਹੋਣਾ
ਮੰਚ ’ਤੇ ਕਵਿਤਾ ਪਾਠ
ਕਰਨਾ ਹੀ ਨਹੀਂ ਹੁੰਦਾ।
ਕਵੀ ਹੋਣਾ
ਸਨਮਾਨਿਤ ਹੋਣਾ
ਵੀ ਨਹੀਂ ਹੁੰਦਾ।
ਕਵੀ ਹੋਣਾ
ਹਰ ਕਵੀ ਸਮਾਰੋਹ ਦਾ
ਸ਼ਿੰਗਾਰ ਹੋਣਾ ਵੀ
ਨਹੀਂ ਹੁੰਦਾ।
ਕਵੀ ਹੋਣਾ
ਸਮਾਜ ਦੇ ਦੁੱਖਾਂ
ਅਨਿਆਂ ਤੇ ਦਰਦਾਂ ਨੂੰ
ਆਵਾਜ਼ ਦੇਣਾ ਹੁੰਦਾ।
ਕਵੀ ਹੋਣਾ
ਲਫ਼ਜ਼ਾਂ ਨੂੰ ਮਾਧਿਅਮ ਬਣਾ
ਵਿਦਰੋਹ ਕਰਨਾ
ਵੀ ਹੁੰਦਾ।
ਕਵੀ ਹੋਣਾ
ਨਾਬਰੀ ਸੁਰ ਵਿੱਚ
ਸਥਾਪਤੀ ਦੇ ਖਿਲਾਫ਼
ਬੋਲਣਾ ਵੀ ਹੁੰਦਾ।
ਕਵੀ ਹੋਣਾ
ਸਿਰੋਪੇ, ਫੁੱਲਾਂ ਦੇ ਹਾਰ
ਇਨਾਮ ਤੇ ਸਨਮਾਨ
ਹਾਸਿਲ ਕਰਨਾ ਨਾ ਹੋ ਕੇ
ਖ਼ਲਕਤ ਦੇ ਦਰਦ ਨੂੰ
ਬਿਆਨ ਕਰਨਾ
ਤੇ
ਸੱਚ ਨੂੰ ਸੱਚ ਕਹਿਣਾ
ਹੀ ਹੁੰਦਾ!!

ਹਿੰਦੀ ਕਵਿਤਾ

ਘੁਟਣ



ਬੱਚਾ ਲਾਲ ਉਨਮੇਸ਼

ਸਾਨੂੰ ਤਾਂ ਚਾਹੀਦੀ ਏ ਜ਼ਮੀਨ,
ਸਾਰਾ ਅਸਮਾਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦੀ ਏ ਰੋਟੀ,
ਰੂਹਾਨੀ ਗਿਆਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦਾ ਏ ਰੁਜ਼ਗਾਰ,
ਵਰਤ ਤੇ ਧਿਆਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦੇ ਨੇ ਵਿਚਾਰ,
ਏਹ ਮੂਰਤੀ ਬੇਜਾਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦੀ ਏ ਕਲਮ,
ਇਹ ਤੀਰ ਕਮਾਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦਾ ਇੱਜ਼ਤ ਮਾਣ,
ਇਹ ਕਰੂਰ ਭਗਵਾਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦੇ ਆ ਇਨਸਾਨ,
ਇਹ ਜਾਤੀ ਗੁਮਾਨ ਤੁਸੀਂ ਰੱਖ ਲਓ।
ਸਾਨੂੰ ਤਾਂ ਚਾਹੀਦੀ ਆ ਆਜ਼ਾਦੀ,
ਆਪਣੀ ਸੰਸਕ੍ਰਿਤੀ ਮਹਾਨ ਤੁਸੀਂ ਰੱਖ ਲਓ।

ਪੰਜਾਬੀ ਰੂਪ: ਪ੍ਰੋ. ਲਖਵੀਰ ਸਿੰਘ

ਕਰਜ਼

– ਲਖਵੀਰ ਸਿੰਘ

ਕਰਜ਼ ਤਾਂ ਦੋਵਾਂ ਨੇ ਲਿਆ ਸੀ
ਇਕ ਨੇ ਸ਼ਿੱਦਤ ਨਾਲ
ਖੇਤ ਤੇ ਪਰਿਵਾਰ ਨੂੰ
ਪਾਲਣ ਲਈ।

ਜੋ ਆਪਣੇ ਮੁੜ੍ਹਕੇ ਦੀ
ਮਿਹਨਤ ’ਚੋਂ
ਚਾਹ ਕੇ ਵੀ
ਵਾਪਸ ਨਾ ਕਰ ਸਕਿਆ।

ਦੂਜੇ ਨੇ ਕਰਜ਼ ਲਿਆ
ਹਵਾ ’ਚ
ਸ਼ਰਾਬ ਤੇ ਸ਼ਬਾਬ ਸੰਗ
ਮਦਮਸਤ ਹੋਣ ਲਈ।

ਅੱਜ
ਦੋਵੇਂ ਲਾਪਤਾ ਨੇ
ਪਹਿਲਾ ਦੁਨੀਆਂ ’ਚੋਂ
ਤੇ ਦੂਜਾ ਦੇਸ਼ ’ਚੋਂ ....।

95011 20526

ਮਿੱਥ ਬਨਾਮ ਵਿਗਿਆਨਕ ਤੱਥ

ਸੱਪਾਂ ਦਾ ਜੋੜਾ

- ਹਰਚੰਦ ਭਿੰਡਰ



ਸਮਾਜ ਵਿੱਚ ਵਿਚਰਦਿਆਂ ਜੀਵਨ ਨਾਲ, ਆਲੇ ਦੁਆਲੇ ਦੇ ਪਸ਼ੂਆਂ, ਪੰਛੀਆਂ ਆਦਿ ਸਬੰਧੀ ਬਹੁਤ ਸਾਰੀਆਂ ਮਿੱਥ ਕਹਾਣੀਆਂ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆਉਂਦੀਆਂ ਹਨ। ਇਸ ਤਰ੍ਹਾਂ ਦੀਆਂ ਕਥਾਵਾਂ ਪ੍ਰਚਲਤ ਮੀਡੀਆ ਦੁਆਰਾ ਵੀ ਫੈਲਾਈਆਂ ਜਾਂਦੀਆਂ ਹਨ। ਇਹਨਾਂ ਦੁਆਰਾ ਪ੍ਰਚਲਤ ਧਾਰਨਾਵਾਂ ਦਾ ਸਾਡੇ ਦਿਮਾਗ 'ਤੇ ਅਚੇਤ ਹੀ ਅਸਰ ਪੈਂਦਾ ਹੈ। ਜਦ ਕੋਈ ਆਲੇ-ਦੁਆਲੇ ਘਟਨਾ ਵਾਪਰਦੀ ਹੈ ਜਾਂ ਕੁੱਝ ਆਮ ਨਾਲੋਂ ਵੱਖਰਾ ਦਿਖਦਾ ਹੈ ਤਾਂ ਸਾਡੇ ਬਣਾਏ ਹੋਏ ਸੰਕਲਪ ਦੇ ਆਧਾਰ 'ਤੇ ਕਈ ਵਾਰ ਬਿਨ੍ਹਾਂ ਸੋਚੇ ਸਮਝੇ ਹੀ ਪੂਰਵ ਨਿਰਧਾਰਤ ਸਿੱਟੇ ਕੱਢ ਲੈਂਦੇ ਹਾਂ ਜੋ ਕਿ ਅਕਸਰ ਠੀਕ ਨਹੀਂ ਹੁੰਦੇ ਅਤੇ ਸਾਡੀ ਸਥਿਤੀ ਹਾਸੋਹੀਣੀ ਬਣ ਜਾਂਦੀ ਹੈ।

ਅਜਿਹੀ ਹੀ ਘਟਨਾ ਪਿਛਲੇ ਸਾਲ ਅਕਤੂਬਰ ਮਹੀਨੇ ਦੀ ਹੈ। ਮੈਂ ਇਸ ਸਮੇਂ ਆਪਣੇ ਪਿੰਡ ਦੇ ਨਜ਼ਦੀਕ ਕਸਬਾ ਧਰਮਕੋਟ ਵਿੱਚ ਨਵੀਂ-ਨਵੀਂ ਰਿਹਾਇਸ਼ ਕੀਤੀ ਸੀ। ਇੱਕ ਦਿਨ ਸਵੇਰੇ ਹੀ ਮੈਂ ਆਪਣੇ ਘਰ ਦੇ ਦਰਵਾਜੇ ਦੇ ਬਾਹਰ ਖੜ੍ਹਾ ਸੀ ਤਾਂ ਦੇਖਦਾ ਹਾਂ ਕਿ ਸਾਡਾ ਗੁਆਂਢੀ ਮਾਸਟਰ ਸੰਜੀਵ ਨੀਵੀਂ ਪਾਈ ਗਲੀ ਵਿੱਚ ਧਰਤੀ 'ਤੇ ਕੁੱਝ ਦੇਖਦਾ ਜਾ ਰਿਹਾ ਸੀ। ਮੈਂ ਵੀ ਜਿਗਿਆਸਾ ਵੱਸ ਉਸ ਵੱਲ ਹੋ ਤੁਰਿਆ। ਇੰਨੇ ਚਿਰ ਨੂੰ ਉਹ ਨਵਾਂ ਘਰ ਬਣਾ ਰਹੇ ਦੂਸਰੇ ਮਾਸਟਰ ਕਮਲ ਕੌਲ (ਇਸ ਕਲੋਨੀ ਵਿੱਚ ਜਿਆਦਤਰ ਮਾਸਟਰ ਹੀ ਹਨ।) ਪੁੱਜ ਕੇ ਉਸ ਨੂੰ ਧਰਤੀ 'ਤੇ ਪਈਆਂ ਲੀਹਾਂ ਜਿਹੀਆਂ ਦਿਖਾ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਹੁਣੇ ਹੀ ਸਾਡੇ ਘਰ ਵੱਲੋਂ ਸੱਪਾਂ ਦਾ ਜੋੜਾ ਨਿਕਲਿਆ ਹੈ ਤੇ ਇੱਧਰ ਨੂੰ ਆਇਆ ਹੈ। ਉਸ ਨੂੰ ਦੱਸ ਰਿਹਾ ਸੀ ਕਿ ਜੋੜੇ ਦੇ ਰੂਪ (ਸੱਪ ਅਤੇ ਸੱਪਣੀ) 'ਚ ਇਹ ਸੱਪ ਬਹੁਤ ਖਤਰਨਾਕ ਹੁੰਦੇ ਆ, ਜੇ ਇੱਕ ਨੂੰ ਮਾਰ ਦੇਈਏ ਤਾਂ ਦੂਜਾ ਬਦਲੇ ਦੀ ਭਾਵਨਾ ਰੱਖਦਾ ਹੋਇਆ ਤੁਹਾਡੇ 'ਤੇ ਕਦੇ ਵੀ ਹਮਲਾ ਕਰਕੇ ਆਪਣਾ ਬਦਲਾ ਲੈ ਸਕਦਾ ਹੈ ਆਦਿ। ਮੈਂ ਲੀਹਾਂ ਨੂੰ ਦੇਖਿਆ ਤੇ ਬਿਨ੍ਹਾਂ ਉਹਨਾਂ ਨਾਲ ਬਹਿਸ ਵਿੱਚ ਪਏ ਵਾਪਿਸ ਆ ਗਿਆ ਕਿਉਂਕਿ ਮੈਂ ਸਚਾਈ ਸਾਹਮਣੇ ਲਿਆਉਣ ਤੋਂ ਪਹਿਲਾਂ ਬਹਿਸ ਕਰਨੀ ਠੀਕ ਨਹੀਂ ਸਮਝਦਾ ਸੀ ਪਰ ਮੇਰੇ ਮਨ ਵਿੱਚ ਇਹਨਾਂ ਦੀ ਸਚਾਈ ਜਾਨਣ ਦੀ ਉਤਸਕਤਾ ਸੀ।

ਦੂਜੇ ਦਿਨ ਜਦ ਸਵੇਰ ਸਮੇਂ ਮੈਂ ਇੱਕ ਸਾਥੀ ਮਾਸਟਰ ਜਸਵਿੰਦਰ ਨਾਲ ਸੈਰ ਨੂੰ ਨਿਕਲਿਆ ਤਾਂ ਉਹ ਵੀ ਉਹੀ ਗੁਆਂਢੀ ਮਾਸਟਰ ਵਾਲੀ ਗੱਲ ਸੁਣਾ ਰਿਹਾ ਸੀ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਜਦ ਅਸੀਂ ਮੁੜ ਕੇ ਘਰਾਂ ਵੱਲ ਆਏ ਤਾਂ ਦੇਖਿਆ ਕਿ ਇੱਕ ਟੁੱਟੇ ਚੂਲੇ ਵਾਲਾ ਕੁੱਤਾ ਰਸਤੇ ਦੇ ਇੱਕ ਪਾਸੇ ਤੋਂ ਦੂਜੇ ਪਾਸੇ ਝਾੜੀਆਂ ਵੱਲ ਜਾ ਰਿਹਾ ਸੀ। ਨੇੜੇ ਆ ਕੇ ਮੈਂ ਦੇਖਿਆ ਤਾਂ ਉਸ ਦੇ ਟੁੱਟੇ ਲੱਕ ਕਾਰਣ ਪਿਛਲੀਆਂ ਲੱਤਾਂ ਦੇ ਗੋਡਿਆਂ ਨਾਲ ਦੋ ਲੀਹਾਂ ਬਣ ਰਹੀਆਂ ਸਨ। ਮੈਂ ਆਪਣੇ ਸਾਥੀ ਮਾਸਟਰ ਨੂੰ ਕਿਹਾ ਕਿ ਆ ਹੈ ਦੋ ਲੀਹਾਂ ਵਾਲਾ ਸੱਪ! ਮਾਸਟਰ ਅਸਲੀਅਤ ਦੇਖ ਕੇ ਬੜਾ ਹੈਰਾਨ ਹੋਇਆ ਕਿ ਇਹ ਤਾਂ ਵਾਕਿਆ ਹੀ ਇਸ ਕੁੱਤੇ ਦੀਆਂ ਬਣਾਈਆਂ ਹੋਈਆਂ ਲੀਹਾਂ ਹੀ ਸਨ ਕਿਉਂਕਿ ਦੋਹੇਂ ਲੀਹਾਂ ਸਮਾਂਤਰ ਹੀ ਵਿੰਗੀਆਂ ਟੇਢੀਆਂ ਜਾ ਰਹੀਆਂ ਸਨ ਅਤੇ ਕਦੀ ਵੀ ਜਿਆਦਾ ਨੇੜੇ ਜਾਂ ਦੂਰ ਜਾਂ ਇੱਕ ਦੂਜੀ ਨੂੰ ਕੱਟ ਨਹੀਂ ਸੀ ਰਹੀਆਂ। ਜੇ ਕਰ ਦੋ ਸੱਪ ਇਕੱਠੇ ਜਾਂਦੇ ਹੁੰਦੇ ਤਾਂ ਉਹਨਾਂ ਦੀਆਂ ਲੀਹਾਂ ਸਮਾਨ ਅੰਤਰ ਨਹੀਂ ਸੀ ਹੋਣੀਆ। ਇਸ ਦੇ ਬਾਅਦ ਉਹਨਾਂ ਨੂੰ ਇਹ ਵੀ ਦੱਸਿਆ ਕਿ ਅੱਜ ਕੱਲ੍ਹ ਠੰਢ ਦਾ ਮੌਸਮ ਹੋਣ ਕਰਕੇ ਸਵੇਰੇ ਸੱਪ ਹੋ ਹੀ ਨਹੀਂ ਸਕਦਾ। ਦੂਸਰਾ ਸੱਪਾਂ ਦੀਆਂ ਲੀਹਾਂ ਕਦੀ ਵੀ ਇਸ ਤਰ੍ਹਾਂ ਸਮਾਂਤਰ ਨਹੀਂ ਹੋਣਗੀਆਂ। ਉਹਨਾਂ ਦੇ ਮਨ ਵਿੱਚ ਫਿੱਟ ਹੋਈਆਂ ਧਾਰਨਾਵਾਂ ਬਾਰੇ ਵੀ ਸਮਝਾਇਆ। ਇੱਥੇ ਇਹ ਦੱਸਣਾ ਵੀ ਠੀਕ ਹੋਵੇਗਾ ਕਿ ਸੱਪਾਂ ਦਾ ਪਰਜਣਨ ਸਮਾਂ ਅਪਰੈਲ ਤੋਂ ਜੂਨ ਅਖੀਰ ਤੱਕ ਦਾ ਹੁੰਦਾ ਹੈ। ਇਹ ਵਧ ਕੇ ਜੁਲਾਈ ਵੀ ਹੋ ਸਕਦਾ ਹੈ। ਪਰ ਇਹ ਸਭ ਬਰਸਾਤਾਂ ਤੋਂ ਪਹਿਲੇ ਪਹਿਲੇ ਹੁੰਦਾ ਹੈ। ਇਸ ਸਮੇਂ ਇਹ ਵੀ ਆਮ ਜਾਨਵਰਾਂ ਦੀ ਤਰ੍ਹਾਂ ਹੀ ਮਿਲਦੇ ਹਨ। ਇਸ ਸਮੇਂ ਸੱਪ ਸੱਪਣੀ ਦੀ ਭਾਲ ਵਿੱਚ ਜਾਂਦਾ ਹੈ ਅਤੇ ਆਪਸ ਵਿੱਚ ਇਹਨਾਂ ਦਾ ਮਿਲਾਪ ਹੋ ਜਾਂਦਾ ਹੈ ਤੇ ਫਿਰ ਉਹ ਨਵੇਂ ਸਾਥੀ ਦੀ ਭਾਲ ਵਿੱਚ ਰਹਿੰਦਾ ਹੈ। ਇਹਨਾਂ ਵਿੱਚ ਸੱਪ ਤੇ ਸੱਪਣੀ ਦਾ ਪਤੀ ਪਤਨੀ ਵਾਲਾ ਪੱਕਾ ਰਿਸ਼ਤਾ ਨਹੀਂ ਹੁੰਦਾ ਜਿਸ ਕਾਰਣ ਨਾ ਹੀ ਇਹਨਾਂ ਵਿੱਚ ਸਾਥੀ ਦੇ ਮਾਰੇ ਜਾਣ ਦੀ ਕੋਈ ਬਦਲੇ ਦੀ ਭਾਵਨਾ ਹੁੰਦੀ ਹੈ।

ਇਸ ਦੇ ਨਾਲ ਹੀ ਸੱਪਾਂ ਦੇ ਦੁੱਧ ਪੀਣ ਦੀ ਮਿੱਥ ਬਾਰੇ। ਪਹਿਲਾਂ ਤਾਂ ਸੱਪ ਦੇ ਮੂੰਹ ਦੇ ਅੰਦਰਲੀ ਬਣਤਰ ਖਾਸ ਕਰਕੇ ਗੱਲਾਂ ਦੇ ਅੰਦਰਲੇ ਪਾਸੇ ਦੀ ਬਣਤਰ ਲਚਕੀਲੀ ਨਾ ਹੋਣ ਕਾਰਨ ਇਹ ਤਰਲ ਪਦਾਰਥਾਂ ਨੂੰ ਨਹੀਂ ਖਿੱਚ ਸਕਦਾ। ਸਿਰਫ਼ ਹੇਠਲੇ ਜਬਾੜੇ ਦੀ ਅੰਦਰਲੀ ਬਣਤਰ ਸਪੰਜੀ ਜਿਹੀ ਹੋਣ ਕਾਰਣ ਪਾਣੀ ਹੀ ਲੰਘਾ ਸਕਦਾ ਹੈ। ਦੁੱਧ ਵਰਗੇ ਭਾਰੀ ਤਰਲ ਪਦਾਰਥ ਨਹੀਂ। ਦੂਜਾ ਇਸ ਦੇ ਪੇਟ ਵਿੱਚ ਦੁੱਧ ਨੂੰ ਹਜ਼ਮ ਕਰਨ ਵਾਲੇ ਰਸਾਇਣ ਨਹੀਂ ਪੈਦਾ ਹੁੰਦੇ ਜਿਸ ਕਾਰਣ ਇਹ ਦੁੱਧ ਵਿਚਲੇ ਪਰੋਟੀਨ ਨੂੰ ਹਜ਼ਮ ਨਹੀਂ ਕਰ ਸਕਦੇ। ਜੇਕਰ ਧੱਕੇ ਨਾਲ ਸੱਪ ਨੂੰ ਦੁੱਧ ਪਿਆਇਆ ਜਾਂਦਾ ਹੈ ਤਾਂ ਇਹ ਸਾਹ ਲੈਣ ਵਾਲੀ ਨਾਲੀ ਵਿੱਚ ਚਲਿਆ ਜਾਂਦਾ ਹੈ ਜਿਸ ਕਾਰਣ ਇਸ ਨੂੰ ਨਿਮੋਣੀਆ ਹੋਣ ਕਾਰਨ ਮੌਤ ਹੋ ਸਕਦੀ ਹੈ। ਇਹ ਇਕ ਮਾਸਾਹਾਰੀ ਜੀਵ ਹੈ ਅਤੇ ਕਿਸੇ ਜੀਵ ਜੰਤੂ ਨੂੰ ਖਾ ਕੇ ਆਪਣੀ ਖੁਰਾਕ ਅਤੇ ਪਾਣੀ ਦੀ ਜ਼ਰੂਰਤ ਪੂਰੀ ਕਰਦਾ ਹੈ। ਜੇ ਕਰ ਕਾਫੀ ਸਮੇਂ ਤੱਕ ਸ਼ਿਕਾਰ ਨਹੀਂ ਮਿਲਦਾ ਤਾਂ ਹੇਠਲੇ ਜਬਾੜੇ ਦੀ ਬਣਤਰ ਕਾਰਣ ਪਾਣੀ ਪੀ ਕੇ ਕਮੀ ਪੂਰੀ ਕਰ ਲੈਂਦਾ ਹੈ।

94179 23785



ਬਾਲ ਪੰਨਾ




- ਬੂਟਾ ਸਿੰਘ ਵਾਕਫ਼

ਪਲਾਸਟਿਕ ਪ੍ਰਦੂਸ਼ਣ

ਪਲਾਸਟਿਕ ਅੱਜ ਸਾਡੀ ਜ਼ਿੰਦਗੀ ਦਾ ਅਟੁੱਟ ਅੰਗ ਬਣ ਚੁੱਕਾ ਹੈ। ਹਰ ਖੇਤਰ ਵਿਚ ਪਲਾਸਟਿਕ ਦੀ ਵਰਤੋਂ ਹੋ ਰਹੀ ਹੈ। ਪਲਾਸਟਿਕ ਘੱਟ ਘਣਤਾ, ਢੋਣ ਵਿਚ ਆਸਾਨੀ, ਮਜਬੂਤੀ, ਵਧੀਆ ਡਿਜ਼ਾਇਨ, ਘੱਟ ਭਾਰ, ਘੱਟ ਲਾਗਤ, ਲੰਮੇ ਸਮੇਂ ਤੱਕ ਵਰਤੋਂ ਵਿਚ ਆਉਣ ਯੋਗ ਅਤੇ ਗਰਮੀ ਤੇ ਬਿਜਲੀ ਦਾ ਵਧੀਆ ਕੁਚਾਲਕ ਆਦਿ ਵਿਸ਼ੇਸ਼ਤਾਵਾਂ ਕਰਕੇ ਅੱਜ ਮਨੁੱਖੀ ਜ਼ਿੰਦਗੀ ਵਿਚ ਅਹਿਮ ਰੋਲ ਅਦਾ ਕਰ ਰਿਹਾ ਹੈ।

ਪਲਾਸਟਿਕ ਦੀ ਖੋਜ ਦੀ ਕਹਾਣੀ : ਪਲਾਸਟਿਕ ਦੀ ਖੋਜ 1846 ਵਿਚ ਅਚਾਨਕ ਹੀ ਹੋਈ। ਇਸ ਦਾ ਸਿਹਰਾ ਪ੍ਰਸਿੱਧ ਰਸਾਇਣ ਵਿਗਿਆਨੀ ਕ੍ਰਿਸ਼ਚੀਅਨ ਸ਼ੋਨਬੇਨ ਸਿਰ ਜਾਂਦਾ ਹੈ। ਇਹ ਵਿਗਿਆਨੀ ਜਦੋਂ ਕੋਈ ਪ੍ਰਯੋਗ ਕਰ ਰਿਹਾ ਸੀ ਤਾਂ ਉਸ ਤੋਂ ਅਚਾਨਕ ਨਾਈਟ੍ਰਿਕ ਐਸਿਡ ਅਤੇ ਸਲਫਿਊਰਿਕ ਐਸਿਡ ਦਾ ਘੋਲ ਡੁੱਲ ਗਿਆ। ਇਸ ਡੁੱਲੇ ਹੋਏ ਘੋਲ ਨੂੰ ਸਾਫ਼ ਕਰਨ ਲਈ ਉਸ ਨੇ ਇੱਕ ਕੱਪੜਾ ਲਿਆ ਤੇ ਸਾਰੇ ਘੋਲ ਨੂੰ ਸਾਫ਼ ਕਰਨ ਤੋਂ ਬਾਅਦ ਇਸ ਕੱਪੜੇ ਨੂੰ ਸਟੋਵ 'ਤੇ ਰੱਖ ਦਿੱਤਾ। ਕੁਝ ਸਮੇਂ ਬਾਅਦ ਕੱਪੜਾ ਖ਼ਤਮ ਹੋ ਗਿਆ ਤੇ ਜੋ ਬਾਕੀ ਸਖ਼ਤ ਤੇ ਠੋਸ ਪਦਾਰਥ ਬਚ ਗਿਆ ਇਸ ਨੂੰ ਬਾਅਦ ਵਿਚ ਪਲਾਸਟਿਕ ਦਾ ਨਾਂ ਦਿੱਤਾ ਗਿਆ।



ਪਲਾਸਟਿਕ ਦੀ ਬਣਤਰ : ਰਸਾਇਣ ਵਿਗਿਆਨ ਅਨੁਸਾਰ ਪਲਾਸਟਿਕ ਇੱਕ ਦੂਸਰੇ ਨਾਲ ਜੁੜੇ ਅਣੂਆਂ ਦੀ ਇੱਕ ਮਜ਼ਬੂਤ ਲੜੀ ਹੈ। ਇਨ੍ਹਾਂ ਲੜੀਆਂ ਨੂੰ ਪੌਲੀਮਾਰ ਕਿਹਾ ਜਾਂਦਾ ਹੈ। ਇਸੇ ਕਾਰਣ ਤਕਰੀਬਨ ਬਹੁਤੇ ਪਲਾਸਟਿਕਾਂ ਦੇ ਨਾਂ 'ਪੌਲੀ' ਸ਼ਬਦ ਨਾਲ ਸ਼ੁਰੂ ਹੁੰਦੇ ਹਨ ਜਿਵੇਂ ਪੌਲੀਥੀਨ, ਪੌਲੀਸਟਰ, ਪੌਲੀਸਟਾਈਰੀਨ, ਪੌਲੀਪ੍ਰੋਪਾਈਲੀਨ ਆਦਿ। ਪੌਲੀਮਾਰ ਆਮ ਤੌਰ 'ਤੇ ਕਾਰਬਨ ਅਤੇ ਹਾਈਡ੍ਰੋਜਨ ਅਤੇ ਕਈ ਵਾਰ ਆਕਸੀਜਨ, ਨਾਈਟ੍ਰੋਜਨ, ਗੰਧਕ, ਕਲੋਰੀਨ, ਫਾਸਫੋਰਸ, ਸਿਲੀਕਾਨ ਆਦਿ ਦੇ ਬਣੇ ਹੁੰਦੇ ਹਨ। ਪਲਾਸਟਿਕ ਦੇ ਛੋਟੇ ਤੇ ਬਰੀਕ ਟੁਕੜਿਆਂ, ਜਿਨਾਂ ਦਾ ਆਕਾਰ 0.1 ਮਾਈਕ੍ਰੋਮੀਟਰ ਤੋਂ ਵੀ ਘੱਟ ਹੁੰਦਾ ਹੈ, ਨੂੰ ਮਾਈਕ੍ਰੋਪਲਾਸਟਿਕ ਕਿਹਾ ਜਾਂਦਾ ਹੈ।



ਪਲਾਸਟਿਕ ਦੇ ਮਾਰੂ ਪ੍ਰਭਾਵ : ਪਲਾਸਟਿਕ ਦੀ ਵਰਤੋਂ ਦੇ ਨੁਕਸਾਨ ਸਮੁੱਚੇ ਜੀਵ ਜਗਤ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਇਸ ਦੀ ਦੁਰਵਰਤੋਂ ਤੋਂ ਉਪਜੇ ਕੁਪ੍ਰਭਾਵਾਂ ਤੋਂ ਜੀਵ ਜਗਤ ਨੂੰ ਬਚਾਉਣਾ ਸਮੇਂ ਦੀ ਵੱਡੀ ਚਿੰਤਾ ਬਣ ਕੇ ਉਭਰ ਰਹੀ ਹੈ। ਜ਼ਿਆਦਾਤਰ ਪਲਾਸਟਿਕ ਨਸ਼ਟ ਹੋਣ ਯੋਗ ਨਹੀਂ ਹੁੰਦਾ। ਇਸ ਦੀਆਂ ਕਈ ਕਿਸਮਾਂ ਤਾਂ ਬਿਲਕੁਲ ਹੀ ਨਸ਼ਟ ਹੋਣ ਯੋਗ ਨਹੀਂ ਹੁੰਦੀਆਂ। ਇੱਕ ਵਾਰ ਵਰਤੋਂ ਤੋਂ ਬਾਅਦ ਸੁੱਟੇ ਜਾਣ ਪਲਾਸਟਿਕ ਵੇਸਟੇਜ ਜਿਵੇਂ ਪਾਣੀ ਤੇ ਕੋਲਡ ਡਰਿੰਕਸ ਦੀਆਂ ਖਾਲੀ ਬੋਤਲਾਂ, ਸਰਿੰਜਾਂ, ਪੈਕਿੰਗ ਪੇਪਰ, ਲਿਫ਼ਾਫੇ, ਰੈਪਰਜ਼, ਪਲਾਸਟਿਕ ਦਾ ਹੋਰ ਕੂੜਾ ਕਰਕਟ ਆਦਿ ਦੇ ਵਿਆਪਕ ਢੇਰ ਆਬਾਦੀ ਵਾਲੇ ਖੇਤਰਾਂ ਵਿਚ ਆਮ ਹੀ ਵਿਖਾਈ ਦਿੰਦੇ ਹਨ। ਅੱਜ ਸਾਨੂੰ ਕੂੜੇ ਦੇ ਢੇਰਾਂ ਦੇ ਨਿਪਟਾਰੇ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿੱਥੇ ਇਹ ਕੂੜਾ ਖੇਤਾਂ ਵਿਚ ਪਹੁੰਚ ਕੇ ਖੇਤੀ ਫਸਲਾਂ ਲਈ ਨੁਕਸਾਨ ਦਾਇਕ ਸਿੱਧ ਹੁੰਦਾ ਹੈ ਉੱਥੇ ਸੀਵਰੇਜ ਸਿਸਟਮ ਤੇ ਨਾਲੀਆਂ ਆਦਿ ਵਿਚ ਫਸ ਕੇ ਪਾਣੀ ਦੇ ਨਿਕਾਸ ਵਿਚ ਵੀ ਰੁਕਾਵਟ ਖੜ੍ਹੀ ਕਰਦਾ ਹੈ। ਕੁਦਰਤੀ ਤੌਰ 'ਤੇ ਨਸ਼ਟ ਹੋਣ ਵਾਲੇ ਪਲਾਸਟਿਕ ਨੂੰ ਇਸ ਕਿਰਿਆ ਲਈ ਵੀ 400 ਤੋਂ 1000 ਸਾਲ ਤੱਕ ਦਾ ਸਮਾਂ ਵੀ ਲੱਗ ਸਕਦਾ ਹੈ। ਭਾਵ ਇਸ ਦੀ ਗਲਣ ਦੀ ਕਿਰਿਆ ਬੇਹੱਦ ਧੀਮੀ ਹੈ।



ਮਨੁੱਖ 'ਤੇ ਪਲਾਸਟਿਕ ਦੇ ਪ੍ਰਭਾਵ: ਪਲਾਸਟਿਕ ਦੀ ਜ਼ਿਆਦਾਤਰ ਵਰਤੋਂ ਪੈਕੇਜਿੰਗ ਦੇ ਖੇਤਰ ਵਿਚ ਕੀਤੀ ਜਾਂਦੀ ਹੈ। ਪੈਕਿੰਗ ਖੋਲ੍ਹਣ ਉਪਰੰਤ ਪਲਾਸਟਿਕ ਦੇ ਖਾਲੀ ਡੱਬਿਆਂ ਆਦਿ ਨੂੰ ਨਿਪਟਾਉਣ ਦੀ ਸਮੱਸਿਆ ਵਿਆਪਕ ਪੱਧਰ ਤੱਕ ਫੈਲ ਚੁੱਕੀ ਹੈ। ਪਲਾਸਟਿਕ ਦੇ ਕੰਨਟੇਨਰਾਂ/ਡੱਬਿਆਂ ਅਤੇ ਪਲਾਸਟਿਕ ਦੇ ਲਿਫਾਫ਼ਿਆਂ ਵਿਚ ਲੰਮੇ ਸਮੇਂ ਤੱਕ ਪਿਆ ਭੋਜਨ ਖਾਣ ਨਾਲ ਮਨੁੱਖ ਕੈਂਸਰ ਵਰਗੀਆਂ ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਤਰ੍ਹਾਂ ਦੀ ਪੈਕਿੰਗ ਵਾਲੇ ਭੋਜਨ ਦੇ ਗੁਣ ਵੀ ਨਸ਼ਟ ਹੁੰਦੇ ਹਨ। ਮਾਈਕ੍ਰੋਪਲਾਸਟਿਕ ਦੇ ਮਹੀਨ ਕਣ ਭੋਜਨ ਅਤੇ ਪਾਣੀ ਵਿਚ ਰਲ ਜਾਣ ਉਪਰੰਤ ਮਨੁੱਖੀ ਸਰੀਰ ਵਿਚ ਚਲੇ ਜਾਂਦੇ ਹਨ ਜਿਹੜੇ ਬਿਮਾਰੀਆਂ ਦਾ ਕਾਰਣ ਬਣਦੇ ਹਨ। ਪਲਾਸਟਿਕ ਦੇ ਨਿਰਮਾਣ ਸਮੇਂ ਅਤੇ ਇਸ ਦੀ ਰੀਸਾਈਕਲਿੰਗ ਸਮੇਂ ਅਨੇਕਾਂ ਜ਼ਹਿਰੀਲੀਆਂ ਗੈਸਾਂ ਤੇ ਹੋਰ ਰਹਿੰਦ




ਧੂੰਹਦ ਪੈਦਾ ਹੁੰਦੀ ਹੈ ਜਿਹੜੀ ਸਾਡੇ ਵਾਤਾਰਵਣ, ਹਵਾ, ਮਿੱਟੀ ਤੇ ਪਾਣੀ ਲਈ ਪ੍ਰਦੂਸ਼ਣ ਦਾ ਕਾਰਣ ਬਣਦੀ ਹੈ। ਇਸ ਦੀ ਰੀਸਾਈਕਲਿੰਗ ਲਾਗਤ ਵੀ ਮਹਿੰਗੀ ਹੈ। ਪਲਾਸਟਿਕ ਆਸਾਨੀ ਨਾਲ ਅੱਗ ਪਕੜ ਸਕਦਾ ਹੈ ਜਿਸ ਨਾਲ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਜੀਵ-ਜੰਤੂਆਂ ’ਤੇ ਪਲਾਸਟਿਕ ਦੇ ਪ੍ਰਭਾਵ: ਜੀਵ-ਜੰਤੂਆਂ ’ਤੇ ਪਲਾਸਟਿਕ ਦੇ ਮਾਰੂ ਪ੍ਰਭਾਵ ਪੈਂਦੇ ਹਨ। ਕੂੜੇ ਦੇ ਢੇਰਾਂ ਤੋਂ ਅਨੇਕਾਂ ਵਾਰ ਜੀਵ-ਜੰਤੂ ਪਲਾਸਟਿਕ ਦੇ ਛੋਟੇ ਟੁਕੜਿਆਂ ਨੂੰ ਨਿਗਲ ਜਾਂਦੇ ਹਨ। ਇਹ ਟੁਕੜੇ ਜੀਵਾਂ ਦੇ ਪੇਟ ਅੰਦਰ ਜਾ ਕੇ ਵੀ ਗਲਦੇ ਨਹੀਂ। ਅਜਿਹੇ ਪਦਾਰਥਾਂ ਦੇ ਨਿਗਲਣ ਨਾਲ ਜੀਵਾਂ ਨੂੰ ਰੱਜੇ ਹੋਣ ਦਾ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਅਸਲ ਖੁਰਾਕ ਦੀ ਭੁੱਖ ਲੱਗਣੋਂ ਹਟ ਜਾਂਦੀ ਹੈ। ਅਸਲ ਖੁਰਾਕ ਦੀ ਉਚਿੱਤ ਮਾਤਰਾ ਜਾਨਵਰਾਂ ਦੇ ਸਰੀਰ ਅੰਦਰ ਨਾ ਜਾਣ ਕਰਕੇ ਉਹ ਕਮਜੋਰ ਹੋਣਾ ਸ਼ੁਰੂ ਹੋ ਜਾਂਦੇ ਹਨ।



ਪਲਾਸਟਿਕ ਨਿਗਲਣ ਕਰਕੇ ਕਈ ਵਾਰ ਜੀਵਾਂ ਦੇ ਪੇਟ, ਮਿਹਦੇ ਤੇ ਅੰਤੜੀਆਂ ਵਿਚ ਅਲਸਰ ਆਦਿ ਹੋ ਜਾਂਦੇ ਹਨ। ਅੰਤੜੀਆਂ ਵਿਚ ਰੁਕਾਵਟਾਂ ਪੈਦਾ ਹੋਣ ਲੱਗ ਜਾਂਦੀਆਂ ਹਨ। ਇਸ ਤਰ੍ਹਾਂ ਪਾਚਨ ਪ੍ਰਣਾਲੀ ਵਿਚ ਵੱਡੇ ਵਿਗਾੜ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਆਖਿਰਕਾਰ ਜੀਵਾਂ ਦੀ ਮੌਤ ਹੋ ਜਾਂਦੀ ਹੈ। ਪਲਾਸਟਿਕ ਦੀ ਵੇਸਟੇਜ਼ ਜਲ ਮਾਰਗਾਂ, ਸਾਗਰਾਂ, ਝੀਲਾਂ ਆਦਿ ਵਿਚ ਪਾਣੀ ਲਈ ਵੱਡੀ ਰੁਕਾਵਟ ਬਣਨ ਦਾ ਕਾਰਣ ਬਣਦੀ ਹੈ। ਮੱਛੀਆਂ ਸਮੇਤ ਬਹੁਤ ਸਾਰੇ ਸਮੁੰਦਰੀ ਜੀਵ ਸਮੁੰਦਰ ਵਿਚ ਸੁੱਟੇ ਜਾ ਰਹੇ ਪਲਾਸਟਿਕ ਦੇ ਕੂੜੇ ਵਿਚ ਫਸ ਕੇ ਮਰ ਜਾਂਦੇ ਹਨ। ਇੱਕ ਅਧਿਐਨ ਮੁਤਾਬਕ 80 ਤੋਂ 90% ਸਮੁੰਦਰੀ ਪੰਛੀਆਂ/ਮੱਛੀਆਂ ਦੇ ਪੇਟ ਅੰਦਰ ਪਲਾਸਟਿਕ ਦੇ ਛੋਟੇ ਟੁਕੜੇ ਪਾਏ ਗਏ ਹਨ।


ਚੌਗਿਰਦੇ ’ਤੇ ਪਲਾਸਟਿਕ ਦੇ ਪ੍ਰਭਾਵ : ਪਲਾਸਟਿਕ ਦੇ ਲਿਫ਼ਾਫੇ ਤੇ ਇਸ ਤਰ੍ਹਾਂ ਦਾ ਹੋਰ ਕੂੜਾ ਕਰਕਟ ਮਿੱਟੀ ਵਿਚ ਲੰਮੇ ਸਮੇਂ ਤੱਕ ਪਿਆ ਰਹਿੰਦਾ ਹੈ। ਜਲਦੀ ਨਾ ਗਲਣ ਕਰਕੇ



ਪਲਾਸਟਿਕ ਮਿੱਟੀ ਦੇ ਅੰਦਰ ਪਾਣੀ ਦੇ ਰਿਸਾਵ ਨੂੰ ਘਟਾਉਣ ਦਾ ਕੰਮ ਕਰਦਾ ਹੈ। ਇਸ ਤਰ੍ਹਾਂ ਮਿੱਟੀ ਦੀ ਉਪਜਾਊ ਪਰਤ ਨਸ਼ਟ ਹੋ ਸਕਦੀ ਹੈ। ਕਲੋਰੀਨੇਟਿਡ ਪਲਾਸਟਿਕ ਤੋਂ ਪੈਦਾ ਹੋਣ ਵਾਲੇ ਜਹਿਰੀਲੇ ਰਸਾਇਣ ਹੌਲੀ ਹੌਲੀ ਮਿੱਟੀ ਵਿਚ ਰਸਦੇ ਰਹਿੰਦੇ ਹਨ। ਇਹੀ ਰਸਾਇਣ ਧਰਤੀ ਹੇਠਲੇ ਪਾਣੀ ਤੱਕ ਪਹੁੰਚਦੇ ਹਨ। ਅਜਿਹਾ ਦੂਸ਼ਿਤ ਪਾਣੀ ਵਰਤਣ ਨਾਲ ਮਨੁੱਖੀ ਜਾਤੀਆਂ ਲਈ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਜੇਕਰ ਪਲਾਸਟਿਕ ਨੂੰ ਸਾੜਿਆ ਜਾਂਦਾ ਹੈ ਤਾਂ ਨਿਕਲਣ ਵਾਲੇ ਜ਼ਹਿਰਲੇ ਰਸਾਇਣ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ। ਇਸ ਤਰ੍ਹਾਂ ਪੂਰਾ ਚੌਗਿਰਦਾ ਪਲਾਸਟਿਕ ਦੀ ਦੂਸ਼ਿਤਤਾ ਦੀ ਮਾਰ ਹੇਠ ਆ ਜਾਂਦਾ ਹੈ।

ਪਲਾਸਟਿਕ ਪ੍ਰਦੂਸ਼ਣ ਤੋਂ ਬਚਾਅ ਦੇ ਢੰਗ


ਪਲਾਸਟਿਕ ਪਦਾਰਥਾਂ ਦੀ ਰੀਸਾਈਕਲਿੰਗ ਬੇਹੱਦ ਜ਼ਰੂਰੀ ਹੈ। ਜੇ ਇਨ੍ਹਾਂ ਨੂੰ ਸਹੀ ਸਮੇਂ ਤੇ ਰੀਸਾਈਕਲ ਨਹੀਂ ਕੀਤਾ ਜਾਂਦਾ ਤਾਂ ਇਹ ਹੋਰਨਾਂ ਰਸਾਇਣਾਂ ਨਾਲ ਮਿਲ ਕੇ ਪ੍ਰਦੂਸ਼ਣ ਦਾ ਸਰੋਤ ਬਣ ਜਾਂਦੇ ਹਨ। ਲੋਕਾਂ ਵਿਚ ਪਲਾਸਟਿਕ ਦੀ ਵਰਤੋਂ ਅਤੇ ਇਸ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਣਕਾਰੀ ਦੀ ਬੇਹੱਦ ਘਾਟ ਹੈ। ਇਸ ਲਈ ਪਲਾਸਟਿਕ ਦੀ ਬੇਲੋੜੀ ਵਰਤੋਂ ਕੀਤੀ ਜਾ ਰਹੀ ਹੈ। ਇਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਨੂੰ ਲੋਕ ਵਰਤੋਂ ਉਪਰੰਤ ਖੁੱਲੇ ਥਾਵਾਂ ਤੇ ਜਨਤਕ ਥਾਵਾਂ ’ਤੇ ਹੀ ਸੁੱਟ ਦਿੰਦੇ ਹਨ। ਇਨ੍ਹਾਂ ਦੀ ਵੇਸਟੇਜ ਨੂੰ ਇੱਕਤਰ ਕਰਨ ਲਈ ਵੱਖਰੇ ਕੰਨਟੇਨਰ ਤਿਆਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਰੀਸਾਈਕਲਿੰਗ ਦਾ ਕੰਮ ਆਸਾਨੀ ਨਾਲ ਕੀਤਾ ਜਾ ਸਕੇ। ਭਾਵੇਂ ਸਾਡੇ ਦੇਸ਼ ਵਿਚ ਪਲਾਸਟਿਕ ਦੀ ਵਰਤੋਂ ਸਬੰਧੀ ਕਾਨੂੰਨ ਬਣਾਏ ਗਏ ਹਨ। ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਲਿਫ਼ਾਫ਼ਿਆਂ ਦੀ ਥਾਂ ਕੱਪੜੇ ਜਾਂ ਕਾਗਜ਼ ਦੇ ਥੈਲੇ ਵਰਤੇ ਜਾਣ। ਇੱਕ ਅਧਿਐਨ ਮੁਤਾਬਕ ਸੰਸਾਰ ਵਿਚ ਹਰ ਸਾਲ ਕਰੀਬ 20 ਬਿਲੀਅਨ ਪਾਣੀ ਵਾਲੀਆਂ ਪਲਾਸਟਿਕ ਦੀਆਂ ਬੋਤਲਾਂ ਇੱਕ ਵਾਰ ਵਰਤੋਂ ਕਰਨ ਉਪਰੰਤ ਰੱਦੀ ਵਿਚ ਸੁੱਟੀਆਂ ਜਾ ਰਹੀਆਂ ਹਨ। ਇਨ੍ਹਾਂ ਦੀ ਥਾਂ



’ਤੇ ਦੁਬਾਰਾ ਵਰਤੀਆਂ ਜਾਣ ਵਾਲੀਆਂ ਥਰਮਸ ਬੋਤਲਾਂ ਆਦਿ ਦੀ ਵਰਤੋਂ ਕੀਤੀ ਜਾਣੀ ਜਰੂਰੀ ਹੈ। ਬਹੁਤ ਸਾਰੇ ਸੁੰਦਰਤਾ ਉਤਪਾਦ ਜਿਵੇਂ ਫੇਸ ਸਕਰੱਬ, ਟੂਥ ਪੇਸਟ, ਬਾਡੀ ਵਾਸ਼ ਆਦਿ ਵੀ ਪਲਾਸਟਿਕ ਪ੍ਰਦੂਸ਼ਣ ਦਾ ਹਿੱਸਾ ਬਣਦੇ ਹਨ। ਇਨ੍ਹਾਂ ਦੀ ਵਰਤੋਂ ਸੰਜਮ ਨਾਲ ਹੀ ਕਰਨੀ ਚਾਹੀਦੀ ਹੈ। ਛੋਟੇ ਬੱਚਿਆਂ ਨੂੰ ਪਲਾਸਟਿਕ ਦੀ ਥਾਂ ਮਿੱਟੀ ਜਾਂ ਲੱਕੜੀ ਦੇ ਖਿਡਾਉਣੇ ਦਿੱਤੇ ਜਾਣ। ਪਾਲੀਥੀਨ ਲਿਫ਼ਾਫ਼ਿਆਂ ਦੀ ਵਰਤੋਂ ਦੇ ਮਾਰੂ ਨਤੀਜਿਆਂ ਨੂੰ ਮੁੱਖ ਰੱਖਦਿਆਂ ਅੱਜ ਦੁਨੀਆਂ ਦੇ ਬਹੁਤੇ ਦੇਸ਼ਾਂ ਨੇ ਇਨ੍ਹਾਂ ਦੀ ਵਰਤੋਂ ’ਤੇ ਪਾਬੰਦੀ ਲਗਾ ਦਿੱਤੀ ਹੈ। ਭਾਰਤ ਵਿਚ ਵੀ ਪਲਾਸਟਿਕ ਵੇਸਟੇਜ ਮੈਨੇਜਮੈਂਟ ਰੂਲ 2016 ਅਤੇ ਪਲਾਸਟਿਕ ਵੇਸਟੇਜ ਮੈਨੇਜਮੈਂਟ ਅਮੈਂਡਮੈਂਟ ਰੂਲ 2021 ਅਧੀਨ ਪਹਿਲੀ ਜੁਲਾਈ 2022 ਤੋਂ ਸਿਰਫ਼ ਇੱਕ ਵਾਰ ਵਰਤੋਂ ਵਿਚ ਆਉਣ ਵਾਲੇ 120 ਮਾਈਕ੍ਰੋਨ ਤੋਂ ਘੱਟ ਮੋਟਾਈ ਵਾਲੇ ਪਾਲੀਥੀਨ ਲਿਫ਼ਾਫ਼ਿਆਂ ’ਤੇ ਪੂਰਨ ਪਾਬੰਦੀ ਲਗਾਈ ਗਈ ਹੈ।

98762-24461

ਫ਼ਿਰਕਾਪ੍ਰਸਤੀ ਵਿਰੁੱਧ ਉੱਠ ਰਹੀ ਨੌਜਵਾਨ ਪੀੜ੍ਹੀ



ਸੁਮੀਤ ਸਿੰਘ

ਮੈਂ ਜਿਆਦਾਤਰ ਰੇਲ ਗੱਡੀ ਦਾ ਸਫ਼ਰ ਕਰਨ ਨੂੰ ਤਰਜੀਹ ਦਿੰਦਾ ਹਾਂ ਅਤੇ ਸਫ਼ਰ ਦੌਰਾਨ ਅਕਸਰ ਆਪਣੇ ਨਾਲ ਵਿਗਿਆਨਕ ਸਾਹਿਤ ਅਤੇ ਪੰਜਾਬੀ ਦੀ ਕੋਈ ਮਿਆਰੀ ਅਖ਼ਬਾਰ ਜਾਂ ਮੈਗਜ਼ੀਨ ਜ਼ਰੂਰ ਰੱਖਦਾ ਹਾਂ। ਕੁੱਝ ਹਫ਼ਤੇ ਪਹਿਲਾਂ ਅੰਮ੍ਰਿਤਸਰ ਤੋਂ ਮੁਹਾਲੀ ਜਾਣ ਲਈ ਰੇਲ ਰਾਹੀਂ ਸਫ਼ਰ ਕਰਦਿਆਂ ਪ੍ਰਸਿੱਧ ਵਿਦਵਾਨ ਅਤੇ ਨਾਟਕਕਾਰ ਸ਼ਮਸੁਲ ਇਸਲਾਮ ਦੀ ਕਿਤਾਬ "ਆਰ.ਐੱਸ.ਐੱਸ.ਦਾ ਮੂਲ ਪਛਾਣੋ" ਪੜ੍ਹ ਰਿਹਾ ਸੀ। ਗੱਡੀ ਚੱਲੀ ਨੂੰ ਅਜੇ ਕੁਝ ਸਮਾਂ ਹੀ ਹੋਇਆ ਸੀ ਕਿ ਸਾਹਮਣੇ ਸੀਟ ਉੱਤੇ ਬੈਠੇ ਕਿਸੇ ਕਾਲਜ ਦੇ ਕੁਝ ਵਿਦਿਆਰਥੀਆਂ ਜਿਨ੍ਹਾਂ ਵਿਚੋਂ ਜਿਆਦਾਤਰ ਹਿੰਦੂ ਭਾਈਚਾਰੇ ਨਾਲ ਸੰਬੰਧਿਤ ਸਨ, ਵਿਚੋਂ ਇਕ ਨੇ ਮੈਨੂੰ ਪੁੱਛ ਲਿਆ,

"ਅੰਕਲ, ਦੇਸ਼ ਵਿਚ ਪਿਛਲੇ ਕੁਝ ਸਮੇਂ ਤੋਂ ਧਰਮ ਦੀ ਆੜ ਹੇਠ ਵਧ ਰਹੀ ਫ਼ਿਰਕੂ ਨਫ਼ਰਤ ਤੇ ਫ਼ਿਰਕੂ ਹਮਲਿਆਂ ਨੂੰ ਤੁਸੀਂ ਕਿਸ ਤਰ੍ਹਾਂ ਨਾਲ ਵੇਖਦੇ ਹੋ ? ਕੀ ਹਿੰਦੂ ਰਾਸ਼ਟਰ ਬਣਨ ਨਾਲ ਹਿੰਦੂ ਭਾਈਚਾਰੇ ਦੇ ਸਾਰੇ ਮਸਲੇ ਹੱਲ ਹੋ ਜਾਣਗੇ ?" ਸ਼ਾਇਦ ਉਸਨੇ ਮੇਰੀ ਕਿਤਾਬ ਦਾ ਸਿਰਲੇਖ ਪੜ੍ਹ ਕੇ ਹੀ ਸਵਾਲ ਕੀਤੇ ਸਨ। ਮੈਨੂੰ ਉਸਦੇ ਅਜਿਹੇ ਗੰਭੀਰ ਸਵਾਲ ਸੁਣ ਕੇ ਬੜੀ ਹੈਰਾਨੀ ਹੋਈ ਪਰ ਇਸ ਗੱਲ ਦੀ ਸੰਤੁਸ਼ਟੀ ਵੀ ਹੋਈ ਕਿ ਨੌਜਵਾਨ ਪੀੜ੍ਹੀ ਮੁਲਕ ਦੇ ਮੌਜੂਦਾ ਮਾੜੇ ਆਰਥਿਕ ਅਤੇ ਫ਼ਿਰਕੂ ਹਾਲਾਤਾਂ ਪ੍ਰਤੀ ਫ਼ਿਕਰਮੰਦ ਵਿਖਾਈ ਦੇ ਰਹੀ ਹੈ।

ਮੈਂ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ, "ਬੇਟਾ, ਇਹ ਸਾਡੇ ਸਾਰਿਆਂ ਲਈ ਵਾਕਈ ਬੜੀ ਵੱਡੀ ਚਿੰਤਾ ਦਾ ਵਿਸ਼ਾ ਹੈ। ਸਾਡਾ ਮੁਲਕ ਸ਼ੁਰੂ ਤੋਂ ਹੀ ਵੱਖ ਵੱਖ ਧਰਮਾਂ, ਫ਼ਿਰਕਿਆਂ, ਜਾਤਾਂ, ਭਾਸ਼ਾਵਾਂ, ਸਭਿਆਚਾਰਾਂ ਦਾ ਦੇਸ਼ ਰਿਹਾ ਹੈ ਅਤੇ ਇਸ ਵਿਭਿੰਨਤਾ ਦੇ ਬਾਵਜੂਦ ਅਸੀਂ ਹਮੇਸ਼ਾ ਇਕਜੁੱਟ ਰਹੇ ਹਾਂ। ਅਸੀਂ ਸਭ ਨੇ ਇਕੱਠੇ ਹੋ ਕੇ ਬਰਤਾਨਵੀਂ ਹਕੂਮਤ ਦੇ ਖਿਲਾਫ਼ ਆਜ਼ਾਦੀ ਦੀ ਲੜਾਈ ਲੜੀ ਹੈ, ਅਤੇ ਹਜ਼ਾਰਾਂ ਸ਼ਹੀਦੀਆਂ, ਉਮਰ ਕੈਦ ਅਤੇ ਕਾਲੇ ਪਾਣੀ ਜੇਲ੍ਹਾਂ ਦੇ ਤਸੀਹੇ ਝੱਲ ਕੇ ਮੁਲਕ ਨੂੰ ਆਜ਼ਾਦ ਕਰਵਾਇਆ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਧਰਮਾਂ ਦੀ ਫ਼ਿਰਕੂ ਰਾਜਨੀਤੀ ਕਰਨ ਵਾਲੇ ਕੁਝ ਸਿਆਸੀ ਅਤੇ ਫ਼ਿਰਕੂ ਸੰਗਠਨਾਂ ਵੱਲੋਂ ਸੱਤਾ ਉੱਤੇ ਕਾਬਜ ਹੋਣ ਅਤੇ ਇਸਨੂੰ ਲੰਬੇ ਸਮੇਂ ਤਕ ਬਰਕਰਾਰ ਰੱਖਣ ਦੇ ਮਕਸਦ ਨਾਲ ਘੱਟ ਗਿਣਤੀਆਂ ਅਤੇ ਖਾਸ ਕਰਕੇ ਮੁਸਲਮਾਨਾਂ, ਇਸਾਈਆਂ, ਦਲਿਤਾਂ, ਖੱਬੇ ਪੱਖੀਆਂ ਅਤੇ ਆਦਿਵਾਸੀਆਂ ਉੱਤੇ ਇਸ ਲਈ ਲਗਾਤਾਰ ਜਾਨਲੇਵਾ ਫ਼ਿਰਕੂ ਹਮਲੇ ਕੀਤੇ ਜਾ ਰਹੇ ਹਨ ਤਾਂ ਕਿ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਦੇਸ਼ ਵਿਚ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕਰਕੇ ਇਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾ ਕੇ ਰੱਖਿਆ ਜਾਵੇ। ਮੁਸਲਮਾਨਾਂ ਦੇ ਘਰਾਂ ਅਤੇ ਦੁਕਾਨਾਂ ਉੱਤੇ ਗ਼ੈਰ ਕਾਨੂੰਨੀ ਢੰਗ ਨਾਲ ਬੁਲਡੋਜ਼ਰ ਚਲਾਉਣ ਅਤੇ ਇਨ੍ਹਾਂ ਦੇ ਧਾਰਮਿਕ ਅਕੀਦਿਆਂ ਉੱਤੇ ਪਾਬੰਦੀਆਂ ਲਾਉਣ ਦੀ ਕਾਰਵਾਈ ਇਸੇ ਯੋਜਨਾਬੱਧ ਸਾਜਿਸ਼ ਦਾ ਹਿੱਸਾ ਹੈ। ਇਤਿਹਾਸ ਨੂੰ ਮਿਟਾਉਣ ਲਈ ਮੁਸਲਿਮ ਨਾਵਾਂ ਵਾਲੇ ਸ਼ਹਿਰਾਂ, ਕਸਬਿਆਂ,ਰੇਲਵੇ ਸਟੇਸ਼ਨਾਂ ਦੇ ਨਾਮ ਬਦਲੇ ਜਾ ਰਹੇ ਹਨ। ਇਹ ਸਭ ਸੰਵਿਧਾਨ ਦੀ ਭਾਵਨਾ ਦੇ ਉਲਟ ਹੋ ਰਿਹਾ ਹੈ।"

ਮੈਂ ਪਾਣੀ ਦੀ ਬੋਤਲ 'ਚੋਂ ਘੁੱਟ ਭਰਨ ਤੋਂ ਬਾਅਦ ਆਪਣੀ ਗੱਲ ਨੂੰ ਅੱਗੇ ਤੋਰਦਿਆਂ ਕਿਹਾ, "ਬੜੀ ਸ਼ਰਮ ਦੀ ਗੱਲ ਹੈ ਕਿ ਬਾਬਰੀ ਮਸਜਿਦ ਨੂੰ ਢਾਹੁਣ ਤੋਂ ਬਾਅਦ ਇਨ੍ਹਾਂ ਫ਼ਿਰਕੂ ਸੰਗਠਨਾਂ ਦੇ ਹੌਂਸਲੇ ਇਸ ਹੱਦ ਤੱਕ ਵੱਧ ਗਏ ਹਨ ਕਿ ਇਹ ਹਕੂਮਤਾਂ ਦੀ ਸਰਪ੍ਰਸਤੀ ਅਤੇ ਭਾਰਤੀ ਪੁਰਾਤਵਵ ਵਿਭਾਗ ਦੀ ਮਿਲੀਭੁਗਤ ਨਾਲ ਬਨਾਰਸ ਦੀ ਗਿਆਨਵਾਪੀ ਅਤੇ ਮਥੁਰਾ ਦੀ ਸ਼ਾਹੀ ਈਦਗਾਹ ਮਸਜਿਦ ਤੋਂ ਇਲਾਵਾ ਕੁਤਬ ਮੀਨਾਰ ਅਤੇ ਤਾਜ ਮਹੱਲ ਵਿਖੇ ਧੱਕੇ ਨਾਲ ਮੰਦਿਰ ਦੀ ਉਸਾਰੀ ਕਰਨ ਦੇ ਮਨਸੂਬੇ ਬਣਾ ਰਹੇ ਹਨ ਜੋ ਕਿ ਭਾਰਤੀ ਸੰਸਦ ਵੱਲੋਂ ਪਾਸ ਕੀਤੇ ਪਲੇਸਮੈਂਟ ਆਫ ਵਰਸ਼ਿਪ ਐਕਟ 1991 ਦੀ ਸਰਾਸਰ ਉਲੰਘਣਾ ਹੈ। ਇਸ ਐਕਟ ਅਨੁਸਾਰ ਕਿਸੇ ਵੀ ਧਾਰਮਿਕ ਸਥਾਨ ਦਾ 15 ਅਗਸਤ 1947 ਨੂੰ ਜੋ ਸਟੇਟਸ ਸੀ, ਉਸਨੂੰ ਕਿਸੇ ਵੀ ਸੂਰਤ 'ਚ ਤਬਦੀਲ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਅਜਿਹਾ ਕੋਈ ਦਾਅਵਾ ਪੇਸ਼ ਕੀਤਾ ਜਾ ਸਕਦਾ ਹੈ। ਵੈਸੇ ਵੀ ਇਨ੍ਹਾਂ ਆਗੂਆਂ ਨੇ ਰਾਮ ਮੰਦਿਰ ਦੇ ਹੱਕ ਵਿਚ ਆਏ ਫੈਸਲੇ ਤੋਂ ਬਾਅਦ ਇਹ ਕਿਹਾ ਸੀ ਕਿ ਉਹ ਭਵਿੱਖ ਵਿਚ ਹੋਰ ਕਿਸੇ ਵੀ ਮਸਜਿਦ ਉੱਤੇ ਆਪਣਾ ਦਾਅਵਾ ਨਹੀਂ ਜਿਤਾਉਣਗੇ। ਜੇਕਰ ਮੌਜੂਦਾ ਹਕੂਮਤਾਂ ਅਤੇ ਖਾਸ ਕਰਕੇ ਉਚ ਨਿਆਂਪਾਲਿਕਾ ਵੱਲੋਂ ਅਜਿਹੇ ਫ਼ਿਰਕੂ ਰੁਝਾਨਾਂ ਨੂੰ ਤੁਰੰਤ ਨਾ ਰੋਕਿਆ ਗਿਆ ਤਾਂ ਇਹ ਸਾਡੇ ਮੁਲਕ ਦੀ ਅਮਨ-ਸ਼ਾਂਤੀ, ਏਕਤਾ ਅਤੇ ਅਖੰਡਤਾ ਲਈ ਬੇਹੱਦ ਘਾਤਕ ਹੋ ਸਕਦਾ ਹੈ।"

ਉਹ ਮੇਰੀਆਂ ਗੱਲਾਂ ਨਾਲ ਇਤਫ਼ਾਕ ਰੱਖਦੇ ਹੋਏ

ਬੜੇ ਸ਼ਾਂਤ ਚਿੱਤ ਹੋ ਕੇ ਸੁਣ ਰਹੇ ਸਨ ਪ੍ਰੰਤੂ ਉਨ੍ਹਾਂ ਦੇ ਚਿਹਰਿਆਂ 'ਤੇ ਆਪਣੇ ਅਤੇ ਦੇਸ਼ ਦੇ ਭਵਿੱਖ ਪ੍ਰਤੀ ਚਿੰਤਾ ਸਾਫ ਝਲਕ ਰਹੀ ਸੀ। ਕੈਬਿਨ ਵਿਚ ਬੈਠੇ ਦੂਜੇ ਯਾਤਰੀ ਵੀ ਇਸ ਵਿਚਾਰ ਚਰਚਾ ਨੂੰ ਬੜੀ ਦਿਲਚਸਪੀ ਨਾਲ ਸੁਣ ਰਹੇ ਸਨ।

ਮੈਂ ਵਿਦਿਆਰਥੀਆਂ ਦੇ ਦੂਜੇ ਸਵਾਲ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਮੁਲਕ ਦੇ ਸਮੁੱਚੇ ਹਿੰਦੂ ਭਾਈਚਾਰੇ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਇਹ ਤੱਥ ਸਮਝਣ ਦੀ ਲੋੜ ਹੈ ਕਿ ਜਿਸ ਹਿੰਦੂਤਵ ਦੀ ਆੜ ਹੇਠ ਕੁਝ ਫ਼ਿਰਕੂ ਸੰਗਠਨ ਸਮੁੱਚੇ ਹਿੰਦੂ ਭਾਈਚਾਰੇ ਨੂੰ ਗੁੰਮਰਾਹ ਕਰ ਰਹੇ ਹਨ, ਉਸਦਾ ਹਿੰਦੂ ਧਰਮ, ਹਿੰਦੂ ਭਾਈਚਾਰੇ ਅਤੇ ਭਾਰਤੀ ਸਭਿਆਚਾਰ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਹੈ ਬਲਕਿ ਇਸਦੇ ਉਲਟ ਹਿੰਦੂਤਵਵਾਦ ਮੁਲਕ ਦੀਆਂ ਕਾਰਪੋਰੇਟ ਅਤੇ ਫ਼ਿਰਕੂ ਤਾਕਤਾਂ ਦੀ ਅਜਿਹੀ ਰਾਜਨੀਤਕ ਵਿਚਾਰਧਾਰਾ ਹੈ ਜਿਸਦੇ ਅਮਲ ਰਾਹੀਂ ਮੁਲਕ ਵਿਚ ਫ਼ਿਰਕੂ ਨਫ਼ਰਤ ਫੈਲਾ ਕੇ ਨਾ ਸਿਰਫ ਭਾਈਚਾਰਕ ਏਕਤਾ, ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਦੇਸ਼ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਬਲਕਿ ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਹਟਾ ਕੇ ਮੁਲਕ ਦੀ ਆਰਥਿਕਤਾ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਵੀ ਬਰਬਾਦ ਕੀਤਾ ਜਾ ਰਿਹਾ ਹੈ।"

ਮੇਰੇ ਗੱਲ ਕਰਦਿਆਂ ਮੇਰੀ ਪਤਨੀ ਦੇ ਚਿਹਰੇ ਦੇ ਹਾਵ ਭਾਵ ਤੋਂ ਇੰਝ ਲਗ ਰਿਹਾ ਸੀ ਜਿਵੇਂ ਉਹ ਕਿਸੇ ਅਣਕਿਆਸੇ ਡਰ ਹੇਠ ਮੈਨੂੰ ਇਹ ਸਭ ਕਹਿਣ ਤੋਂ ਵਰਜਣਾ ਚਾਹੁੰਦੀ ਹੋਵੇ ਪਰ ਮੈਂ ਵਿਦਿਆਰਥੀਆਂ ਦੇ ਮਨਾਂ ਵਿਚਲੇ ਖਦਸ਼ਿਆਂ ਨੂੰ ਦੂਰ ਕਰਨ ਦੇ ਮਕਸਦ ਨਾਲ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਕਿਹਾ, "ਸਾਨੂੰ ਇਹ ਸਵਾਲ ਮੌਜੂਦਾ ਹੁਕਮਰਾਨਾਂ ਅਤੇ ਖ਼ੁਦ ਆਪਣੇ ਆਪ ਤੋਂ ਵੀ ਪੁੱਛਣਾ ਹੋਵੇਗਾ ਕਿ ਮੁਸਲਮਾਨਾਂ ਨੇ ਧਰਮ ਦੇ ਨਾਮ ਹੇਠ ਪਾਕਿਸਤਾਨ ਬਣਾ ਕੇ ਹੁਣ ਤੱਕ ਕੀ ਖੱਟਿਆ ਹੈ ? ਉਦੋਂ ਦੇ ਮੁਸਲਿਮ ਲੀਗ ਦੇ ਨੇਤਾਵਾਂ ਨੇ ਵੀ ਵੱਖਰਾ ਮੁਲਕ ਲੈ ਕੇ ਸਾਰੇ ਮੁਸਲਮਾਨਾਂ ਨੂੰ ਆਜ਼ਾਦੀ, ਬਰਾਬਰੀ, ਸਮਾਜਿਕ ਨਿਆਂ, ਵਿਕਾਸ ਅਤੇ ਬਿਹਤਰ ਸੁਰੱਖਿਅਤ ਜੀਵਨ ਦੇਣ ਦੇ ਸਬਜ਼ਬਾਗ ਵਿਖਾਏ ਸਨ ਪਰ ਧਾਰਮਿਕ ਕੱਟੜਵਾਦ ਦੇ ਉਭਾਰ ਕਰਕੇ ਅੱਜ ਤੱਕ ਉਹ ਮੁਲਕ ਆਪਣੇ ਪੈਰਾਂ ਉੱਤੇ ਖੜਾ ਨਹੀਂ ਹੋ ਸਕਿਆ। ਹਿੰਦੋਸਤਾਨ ਦੀ 1947 ਦੀ ਖ਼ੂਨੀ ਵੰਡ ਦੇ ਬਾਵਜੂਦ 75 ਸਾਲਾਂ ਬਾਅਦ ਵੀ ਉੱਥੇ ਅਸਲ ਜਮਹੂਰੀਅਤ ਅਤੇ ਆਜ਼ਾਦੀ ਕਾਇਮ ਨਹੀਂ ਹੋ ਸਕੀ। ਉੱਥੇ ਅਸਿੱਧੇ ਤੌਰ 'ਤੇ ਸੱਤਾ ਉੱਤੇ ਅਜੇ ਵੀ ਫੌਜ ਅਤੇ ਕੱਟੜ ਮੁਲਾਣਿਆਂ ਦਾ ਕਬਜ਼ਾ ਹੈ ਅਤੇ ਸ਼ੀਆਂ-ਸੁੰਨੀ ਦੇ ਫ਼ਿਰਕੂ ਦੰਗੇ ਫਸਾਦਾਂ ਅਤੇ ਬੰਬ ਧਮਾਕਿਆਂ ਦੀਆਂ ਖ਼ੂਨੀ ਘਟਨਾਵਾਂ ਆਮ ਹੀ ਵਾਪਰਦੀਆਂ ਹਨ। ਕੀ ਅਸੀਂ ਹਿੰਦ-ਪਾਕਿ ਦੀ ਖ਼ੂਨੀ ਵੰਡ ਅਤੇ ਉੱਥੋਂ ਦੇ ਮਾੜੇ ਹਾਲਾਤਾਂ ਤੋਂ ਹਾਲੇ ਵੀ ਕੋਈ ਸਬਕ ਨਹੀਂ ਸਿੱਖਿਆ ?"

ਮੇਰੇ ਅਜਿਹੇ ਸਵਾਲਾਂ ਵਿਚ ਵਿਦਿਆਰਥੀਆਂ ਦੇ ਕਈ ਸਵਾਲਾਂ ਦੇ ਜਵਾਬ ਛੁਪੇ ਹੋਏ ਸਨ ਪਰ ਮੈਂ ਉਨ੍ਹਾਂ ਦੇ ਅਹਿਮ ਸਵਾਲ ਦਾ ਜਵਾਬ ਦਿੰਦਿਆਂ ਆਪਣੀ ਗੱਲ ਨੂੰ ਸਮੇਟਦਿਆਂ ਕਿਹਾ, " ਬੇਟਾ, ਤੁਹਾਨੂੰ ਇਹ ਤੱਥ ਸਮਝਣ ਦੀ ਵੀ ਲੋੜ ਹੈ ਕਿ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਸਾਮਰਾਜੀ ਨੀਤੀਆਂ ਦੇ ਨਤੀਜੇ ਵਜੋਂ ਕਾਰਪੋਰੇਟ ਘਰਾਣਿਆਂ ਵੱਲੋਂ ਕੀਤੀ ਜਾਂਦੀ ਅੰਨ੍ਹੀ ਲੁੱਟ ਦੇ ਕਾਰਨ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਮਹਿੰਗੀ ਸਿੱਖਿਆ ਤੇ ਸਿਹਤ ਸਹੂਲਤਾਂ, ਅਨਪੜ੍ਹਤਾ, ਭੁੱਖਮਰੀ, ਭ੍ਰਿਸ਼ਟਾਚਾਰ, ਆਰਥਿਕ ਅਤੇ ਸਮਾਜਕ ਨਾਬਰਾਬਰੀ, ਨੌਜਵਾਨਾਂ ਦਾ ਵਿਦੇਸ਼ਾਂ ਨੂੰ ਪਰਵਾਸ ਆਦਿ ਗੰਭੀਰ ਸਮੱਸਿਆਵਾਂ ਦੀ ਘਾਤਕ ਮਾਰ ਤਾਂ ਆਬਾਦੀ ਦੇ ਅਨੁਪਾਤ ਅਨੁਸਾਰ ਸਗੋਂ ਵੱਡੀ ਗਿਣਤੀ ਹਿੰਦੂ ਭਾਈਚਾਰੇ ਨੂੰ ਵੱਧ ਪੈ ਰਹੀ ਹੈ ਪਰ ਕਾਰਪੋਰੇਟ ਮੀਡੀਏ ਵਲੋਂ ਇਨ੍ਹਾਂ ਸਮੱਸਿਆਵਾਂ ਤੋਂ ਉਨ੍ਹਾਂ ਦਾ ਧਿਆਨ ਭਟਕਾਉਣ ਲਈ ਹਿੰਦੂ-ਮੁਸਲਿਮ, ਮੰਦਿਰ-ਮਸਜਿਦ, ਗਊ ਮਾਸ, ਲਵ ਜਹਾਦ, ਹਿਜਾਬ, ਲਾਊਡ ਸਪੀਕਰ,ਬੁਲਡੋਜ਼ਰ ਅਤੇ ਭਾਰਤ-ਪਾਕਿਸਤਾਨ ਦੇ ਫ਼ਿਰਕੂ ਮੁੱਦਿਆਂ ਰਾਹੀਂ ਬਹੁ ਗਿਣਤੀ ਹਿੰਦੂਆਂ ਅਤੇ ਖਾਸ ਕਰਕੇ ਨੌਜਵਾਨਾਂ ਦਾ ਧਰੁਵੀਕਰਨ ਕਰਕੇ ਉਨ੍ਹਾਂ ਨੂੰ ਮੁਸਲਮਾਨਾਂ ਖਿਲਾਫ਼ ਭੜਕਾਇਆ ਜਾ ਰਿਹਾ ਹੈ। ਇਸ ਲਈ ਹਿੰਦੂ ਰਾਸ਼ਟਰ ਅਤੇ ਸਾਮਰਾਜਵਾਦੀ ਨੀਤੀਆਂ ਦਾ ਏਜੰਡਾ ਘੱਟ ਗਿਣਤੀਆਂ ਦੀ ਬਜਾਇ ਸਮੁੱਚੇ ਹਿੰਦੂ ਭਾਈਚਾਰੇ ਨੂੰ ਸਗੋਂ ਵੱਧ ਆਰਥਿਕ ਨੁਕਸਾਨ ਪਹੁੰਚਾ ਰਿਹਾ ਹੈ ਜਿਸਦੇ ਖਿਲਾਫ਼ ਉਨ੍ਹਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਅਤੇ ਭਾਈਚਾਰਕ ਸਾਂਝ ਬਣਾ ਕੇ ਰੱਖਣ ਦੀ ਲੋੜ ਹੈ।"

ਮੇਰੇ ਗੱਲ ਖਤਮ ਕਰਨ ਤੋਂ ਬਾਅਦ ਇਕ ਵਿਦਿਆਰਥੀ ਨੇ ਸਮੂਹ ਵਿਦਿਆਰਥੀਆਂ ਦੀ ਤਰਫੋਂ ਮੇਰੇ ਵਿਚਾਰਾਂ ਦੀ ਤਾਈਦ ਕਰਦਿਆਂ ਕਿਹਾ, "ਅੰਕਲ, ਇਸ ਸਾਲ ਸਾਡੀ ਡਿਗਰੀ ਮੁਕੰਮਲ ਹੋ ਜਾਣੀ ਹੈ ਪਰ ਸਾਨੂੰ ਕੋਈ ਢੁਕਵੀਂ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਮਿਲਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਕਿਉਂਕਿ ਹਕੂਮਤਾਂ ਨੇ ਜਨਤਕ ਅਦਾਰਿਆਂ ਦਾ ਵੱਡੇ ਪੱਧਰ 'ਤੇ ਨਿੱਜੀਕਰਨ ਕਰਕੇ ਬੇਰੁਜ਼ਗਾਰੀ ਨੂੰ ਚਰਮ ਸੀਮਾ 'ਤੇ ਪਹੁੰਚਾ ਦਿਤਾ ਹੈ। ਸਾਨੂੰ ਹਿੰਦੂ ਰਾਸ਼ਟਰ, ਧਾਰਮਿਕ ਸਥਾਨਾਂ ਅਤੇ ਫ਼ਿਰਕੂ ਨਫ਼ਰਤ ਦੀ ਰਾਜਨੀਤੀ ਦੀ ਨਹੀਂ ਬਲਕਿ ਆਪਣੇ ਹੀ ਦੇਸ਼ ਵਿਚ ਸਸਤੀ ਸਿੱਖਿਆ ਤੇ ਸਿਹਤ ਸਹੂਲਤਾਂ, ਸਥਾਈ ਰੁਜ਼ਗਾਰ ਦੇ ਵੱਧ ਮੌਕਿਆਂ ਅਤੇ ਲੋਕਪੱਖੀ ਰਾਜ ਪ੍ਰਬੰਧ ਦੀ ਜਿਆਦਾ ਲੋੜ ਹੈ

ਜਿਸ ਨਾਲ ਅਸੀਂ ਆਪਣੇ ਅਤੇ ਪਰਿਵਾਰਾਂ ਦੇ ਭਵਿੱਖ ਨੂੰ ਉੱਜਵਲ ਅਤੇ ਸੁਰੱਖਿਅਤ ਬਣਾ ਸਕੀਏ। ਅਸੀਂ ਇਹ ਗੱਲ ਬਾਖੂਬੀ ਸਮਝਦੇ ਹਾਂ ਕਿ ਜੇਕਰ ਮੁਗ਼ਲ ਰਾਜਿਆਂ ਅਤੇ ਅੰਗਰੇਜ਼ ਹਕੂਮਤ ਵੱਲੋਂ ਸੈਂਕੜੇ ਸਾਲ ਹਕੂਮਤ ਕਰਨ ਦੇ ਬਾਵਜੂਦ ਉਹ ਹਿੰਦੋਸਤਾਨ ਨੂੰ ਇਸਲਾਮੀ ਜਾਂ ਇਸਾਈ ਸਟੇਟ ਵਿਚ ਨਹੀਂ ਬਦਲ ਸਕੇ ਤਾਂ ਹੁਣ ਆਜ਼ਾਦ ਮੁਲਕ ਵਿਚ ਬਹੁਗਿਣਤੀ ਹਿੰਦੂਆਂ ਜਾਂ ਹਿੰਦੂ ਧਰਮ ਨੂੰ ਕਿਸੇ ਵੀ ਫਿਰਕੇ ਤੋਂ ਕੋਈ ਖ਼ਤਰਾ ਨਹੀਂ ਹੋ ਸਕਦਾ। ਹਕੀਕਤ ਸਗੋਂ ਇਹ ਹੈ ਕਿ ਸਾਨੂੰ ਹਿੰਦੂ ਰਾਸ਼ਟਰ ਦੇ ਹਮਾਇਤੀ ਸੰਗਠਨਾਂ ਦੀਆਂ ਸਾਮਰਾਜਵਾਦੀ ਅਤੇ ਫ਼ਿਰਕੂ ਨੀਤੀਆਂ ਤੋਂ ਜਿਆਦਾ ਖ਼ਤਰਾ ਹੈ ਜਿਨ੍ਹਾਂ ਦਾ ਡਟਵਾਂ ਵਿਰੋਧ ਕਰਨ ਲਈ ਸਾਨੂੰ ਸਾਰਿਆਂ ਫ਼ਿਰਕਿਆਂ-ਵਰਗਾਂ ਅਤੇ ਜਮਹੂਰੀ ਤਾਕਤਾਂ ਨੂੰ ਜਮਾਤੀ ਪੈਂਤੜੇ ਤੋਂ ਇਕਜੁੱਟ ਹੋ ਕੇ ਇਤਿਹਾਸਕ ਕਿਸਾਨੀ ਅੰਦੋਲਨ ਵਾਂਗ ਫੈਸਲਾਕੁੰਨ ਸੰਘਰਸ਼ ਕਰਨਾ ਹੋਵੇਗਾ।'' ਮੈਨੂੰ ਬਹੁ ਗਿਣਤੀ ਫਿਰਕੇ ਦੇ ਵਿਦਿਆਰਥੀਆਂ ਵਿਚਲੀ ਅਜਿਹੀ ਰਾਜਸੀ ਚੇਤਨਾ ਅਤੇ ਜਮਹੂਰੀ ਸੰਘਰਸ਼ ਦੀ ਬੇਬਾਕ ਭਾਵਨਾ ਵੇਖ ਕੇ ਬੇਹੱਦ ਸੰਤੁਸ਼ਟੀ ਹੋਈ ਅਤੇ ਉਨ੍ਹਾਂ ਨੂੰ ਧਰਮ ਨਿਰਪੱਖਤਾ, ਜਮਹੂਰੀ ਹੱਕਾਂ ਅਤੇ ਭਾਈਚਾਰਕ ਸਾਂਝ ਦੀ ਰਾਖੀ ਲਈ ਅੱਗੇ ਆ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੱਦਾ ਦਿੰਦਿਆਂ ਆਪਣੀ ਪਤਨੀ ਨਾਲ ਮੁਹਾਲੀ ਸਟੇਸ਼ਨ 'ਤੇ ਉਤਰ ਗਿਆ। **76960 30173**

ਮੁਕਤੀ ਦਾ ਰਾਹ


-ਡਾ. ਬੀ. ਆਰ. ਅੰਬੇਦਕਰ

ਤੁਹਾਡੀ ਮੁਕਤੀ ਦਾ ਰਾਹ ਧਰਮ ਸ਼ਾਸਤਰ ਜਾਂ ਮੰਦਿਰ ਨਹੀਂ ਹਨ, ਸਗੋਂ ਇਹ ਤੁਹਾਡੀ ਉੱਚ ਸਿੱਖਿਆ, ਰੁਜ਼ਗਾਰ, ਉੱਚ ਆਚਰਣ ਅਤੇ ਨੈਤਿਕਤਾ ਵਿਚ ਹੈ। ਤੀਰਥ-ਯਾਤਰਾ, ਵਰਤ, ਪੂਜਾ-ਪਾਠ ਅਤੇ ਕਰਮ-ਕਾਂਡਾਂ ਵਿੱਚ ਕੀਮਤੀ ਸਮਾਂ ਬਰਬਾਦ ਨਾ ਕਰੋ। ਧਰਮ ਗ੍ਰੰਥਾਂ ਦਾ ਪਾਠ ਕਰਨ, ਯੱਗਾਂ ਵਿੱਚ ਆਹੂਤੀ ਦੇਣ ਅਤੇ ਮੰਦਿਰਾਂ ਵਿੱਚ ਮੱਥਾ ਟੇਕਣ ਨਾਲ ਤੁਹਾਡੀ ਗ਼ੁਲਾਮੀ ਦੂਰ ਨਹੀਂ ਹੋਵੇਗੀ। ਤੁਹਾਡੇ ਗਲ ਵਿਚਲੀ ਤੁਲਸੀ ਦੀ ਮਾਲਾ ਤੁਹਾਨੂੰ ਗ਼ਰੀਬੀ ਤੋਂ ਮੁਕਤੀ ਨਹੀਂ ਦਿਵਾਏਗੀ। ਕਾਲਪਨਿਕ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅੱਗੇ ਨੱਕ ਰਗੜਣ ਨਾਲ ਤੁਹਾਡੀ ਭੁੱਖਮਰੀ, ਗ਼ਰੀਬੀ, ਗ਼ੁਲਾਮੀ ਦੂਰ ਨਹੀਂ ਹੋਵੇਗੀ। ਆਪਣੇ ਪੁਰਖਿਆਂ ਵਾਂਗ ਤੁਸੀਂ ਵੀ ਚੀਥੜੇ ਨਾ ਪਹਿਨੋ, ਖੁੱਡਿਆਂ ਵਰਗੇ ਘਰਾਂ ਵਿੱਚ ਨਾ ਰਹੋ ਅਤੇ ਇਲਾਜ ਦੀ ਘਾਟ ਕਰਕੇ ਤੜਪ-ਤੜਪ ਜਾਨ ਨਾ ਗਵਾਓ। ਕਿਸਮਤ ਅਤੇ ਰੱਬ 'ਤੇ ਭਰੋਸਾ ਨਾ ਕਰੋ, ਤੁਸੀਂ ਆਪਣੀ ਮੁਕਤੀ ਖ਼ੁਦ ਕਰਨੀ ਹੈ। ਜੋ ਧਰਮ ਤੁਹਾਨੂੰ ਇਨਸਾਨ ਨਹੀਂ ਸਮਝਦਾ, ਉਹ ਊਚ-ਨੀਚ ਦਾ ਪ੍ਰਬੰਧ ਹੈ। ਗੁਲਾਮ ਬਣਾਈ ਰੱਖਣ ਦੀ ਸਾਜ਼ਿਸ਼ ਹੈ।

ਇਕਾਈ ਬਠਿੰਡਾ : ਇੰਗਲੈਂਡ ਦੇ ਉੱਘੇ ਤਰਕਸ਼ੀਲ ਏ.ਐੱਸ. ਖਰਲਵੀਰ ਨਾਲ ਮਿਲਣੀ -

6 ਅਪ੍ਰੈਲ ਨੂੰ ਇੰਗਲੈਂਡ ਦੇ ਉੱਘੇ ਤਰਕਸ਼ੀਲ ਆਗੂ ਅੱਛਰ ਸਿੰਘ ਖਰਲਵੀਰ ਵੱਲੋਂ ਬਠਿੰਡੇ ਦੇ ਤਰਕਸ਼ੀਲ ਸਾਥੀਆਂ ਨਾਲ ਇੱਕ ਮਿਲਣੀ ਕੀਤੀ ਗਈ। ਖਰਲਵੀਰ ਜੀ ਜਿੱਥੇ ਇੰਗਲੈਂਡ ਵਿੱਚ ਤਰਕਸ਼ੀਲ ਵਿਚਾਰਾਂ ਉੱਤੇ ਪਹਿਰਾ ਦੇ ਰਹੇ ਹਨ, ਉੱਥੇ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਵੀ ਸਮੇਂ ਸਮੇਂ 'ਤੇ ਸਹਾਇਤਾ ਕਰਦੇ ਰਹਿੰਦੇ ਹਨ। ਸੋਸਾਇਟੀ ਦੇ ਮੁਢਲੇ ਸਮੇਂ ਵਿੱਚ ਪੁਸਤਕ '...ਤੇ ਦੇਵਪੁਰਸ਼ ਹਾਰ ਗਏ' ਦਾ ਦੂਸਰਾ ਐਡੀਸ਼ਨ ਉਨ੍ਹਾਂ ਦੀ ਸਹਾਇਤਾ ਨਾਲ ਹੀ ਛਾਪਿਆ ਗਿਆ ਸੀ ਜਿਸ ਲਈ ਉਨ੍ਹਾਂ ਨੇ ਖ਼ੁਦ ਅਤੇ ਆਪਣੇ 17 ਹੋਰ ਸਾਥੀਆਂ ਤੋਂ 25-25 ਪੌਂਡ ਇਕੱਠੇ ਕਰਕੇ ਭੇਜੇ ਸਨ। ਇਸ ਤੋਂ ਬਾਅਦ ਵੀ ਉਹ ਵੱਖ ਵੱਖ ਮੌਕਿਆਂ ਉੱਤੇ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ ਅਤੇ ਆਪਣੇ ਸਾਥੀਆਂ ਨੂੰ ਵੀ ਇਸ ਲਈ ਪ੍ਰੇਰਦੇ ਰਹੇ ਹਨ। ਇਸ ਮਿਲਣੀ ਦੌਰਾਨ ਉਨ੍ਹਾਂ ਨੇ ਆਪਣੇ ਜੀਵਨ ਸੰਘਰਸ਼ ਬਾਰੇ ਦੱਸਿਆ ਜਿਸ ਵਿੱਚ ਉਨ੍ਹਾਂ ਦੇ ਬੇਟੇ ਦਾ 11 ਸਾਲ ਦੀ ਉਮਰ ਵਿੱਚ ਬ੍ਰੇਨ ਹੈਮਰੇਜ ਕਾਰਣ ਬੈੱਡ ਤੱਕ ਸੀਮਤ ਹੋ ਜਾਣਾ ਅਤੇ ਫਿਰ 13 ਸਾਲ ਡਾਕਟਰੀ ਇਲਾਜ ਅਤੇ ਬੇਹੱਦ ਸਾਂਭ ਸੰਭਾਲ ਦੇ ਬਾਵਜੂਦ 24 ਸਾਲ ਦੀ ਉਮਰ ਵਿੱਚ ਮੌਤ ਹੋ ਜਾਣ ਦਾ ਵੱਡਾ ਦੁਖਾਂਤ ਸ਼ਾਮਲ ਸੀ। ਇਸ ਦੁਖਾਂਤ ਦੇ ਬਾਵਜੂਦ ਉਹ ਤਰਕਸ਼ੀਲ ਵਿਚਾਰਾਂ 'ਤੇ ਸਾਬਤ ਕਦਮੀ ਨਾਲ ਖੜ੍ਹੇ ਰਹੇ ਅਤੇ ਇੰਗਲੈਂਡ ਵਿੱਚ ਭਾਰਤੀ ਕਾਮਿਆਂ ਦੀ ਜਥੇਬੰਦੀ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿੱਚ ਵੀ ਸਰਗਰਮ ਹਿੱਸਾ ਲੈਂਦੇ ਰਹੇ। ਖਰਲਵੀਰ ਜੀ ਸਰਗਰਮ ਕਾਰਕੁੰਨ ਹੋਣ ਦੇ ਨਾਲ ਨਾਲ ਇੱਕ ਲੋਕ-ਪੱਖੀ ਲੇਖਕ ਵੀ ਹਨ। ਉਨ੍ਹਾਂ ਨੇ ਆਪਣੀ ਪੁਸਤਕ 'ਜ਼ੰਜ਼ੀਰਾਂ ਤੋਂ ਮੁਕਤੀ' ਵਿੱਚੋਂ ਇੱਕ ਕਵਿਤਾ 'ਇਹ ਮੇਰਾ ਪਿੰਡ ਹੈ' ਹਾਜ਼ਰ ਮੈਂਬਰਾਂ ਨਾਲ ਸਾਂਝੀ ਕੀਤੀ ਜਿਸ ਵਿੱਚ ਉਨ੍ਹਾਂ ਨੇ ਪਿੰਡਾਂ ਵਿੱਚ ਚੱਲ ਰਹੇ ਵਹਿਮਾਂ-ਭਰਮਾਂ, ਪਾਖੰਡਾਂ ਤੋਂ ਲੈ ਕੇ ਫਿਰਕੂ ਸੋਚ, ਜਾਤ-ਪਾਤੀ ਵਖਰੇਵੇ, ਚੌਧਰ ਦੀ ਭੁੱਖ ਅਤੇ ਅਜਿਹੀਆਂ ਹੋਰ ਅਲਾਮਤਾਂ ਦਾ ਭਾਵਪੂਰਤ ਵਰਣਨ ਕੀਤਾ। ਉਨ੍ਹਾਂ ਵੱਲੋਂ ਲਿਖੇ ਗੀਤਾਂ ਵਿਚੋਂ ਇੱਕ ਗੀਤ 'ਪੱਤਰੀ ਨਾ ਵੇਖ ਯਾਰਾ' ਤਰਕਸ਼ੀਲ ਸੁਸਾਇਟੀ ਵੱਲੋਂ ਤਿਆਰ ਕੀਤੀ ਗਈ ਕੈਸਟ ਵਿੱਚ ਵੀ ਸ਼ਿੰਗਾਰਾ ਸਿੰਘ ਚਾਹਲ ਦੀ ਆਵਾਜ਼ ਵਿੱਚ ਗਾਇਆ ਹੋਇਆ ਹੈ। ਇਸ ਮਿਲਣੀ ਵਿੱਚ ਤਰਕਸ਼ੀਲ ਸੋਸਾਇਟੀ ਬਠਿੰਡਾ ਦੇ ਮੈਂਬਰਾਂ ਤੋਂ ਇਲਾਵਾ ਡਾ. ਅਜੀਤ ਪਾਲ ਸਿੰਘ, ਜਗਮੇਲ ਸਿੰਘ ਜਠੌਲ ਅਤੇ ਐਡਵੋਕੇਟ ਸੁਦੀਪ ਵੀ ਸ਼ਾਮਲ ਹੋਏ।

ਵਿਚਾਰਵਾਦ



ਹੇਮ ਰਾਜ ਸਟੈਨੋ

ਪਿਛਲੇ ਕਈ ਅੰਕਾਂ 'ਚ ਅਸੀਂ ਕਿਸ਼ਤਾਂ ਵਿੱਚ ਪਦਾਰਥਵਾਦ ਬਾਰੇ ਗੱਲ ਕੀਤੀ ਸੀ। ਫ਼ਲਸਫ਼ੇ ਦੇ ਖੇਤਰ 'ਚ ਪਦਾਰਥਵਾਦ ਦੇ ਬਿਲਕੁਲ ਉਲਟ ਇੱਕ ਟਕਰਾਵੀਂ ਧਾਰਾ ਹੈ ਜਿਸ ਨੂੰ ਵਿਚਾਰਵਾਦ ਕਿਹਾ ਜਾਂਦਾ ਹੈ। ਅੱਜ ਅਸੀਂ ਇਸ ਵਿਚਾਰਧਾਰਾ ਬਾਰੇ ਗੱਲ ਕਰਨ ਜਾ ਰਹੇ ਹਾਂ।

ਪਦਾਰਥਵਾਦ ਮੰਨਦਾ ਹੈ ਕਿ ਕਿ ਪਹਿਲਾਂ ਪਦਾਰਥ ਹੈ, ਵਿਚਾਰ ਦੂਸਰੇ ਨੰਬਰ 'ਤੇ ਹੈ ਭਾਵ ਪਦਾਰਥ ਪ੍ਰਥਮ ਹੈ ਅਤੇ ਵਿਚਾਰ ਜਾਂ ਚੇਤਨਾ ਗੌਣ ਹੈ।ਪਰ ਇਸ ਦੇ ਉਲਟ ਵਿਚਾਰਵਾਦ ਮੰਨਦਾ ਹੈ ਕਿ ਪਹਿਲਾਂ ਵਿਚਾਰ ਅਤੇ ਫਿਰ ਪਦਾਰਥ। ਸਰਸਰੀ ਤੌਰ 'ਤੇ ਲਿਆਂ ਤਾਂ ਇਸ ਨਾਲ ਕੋਈ ਫਰਕ ਪੈਂਦਾ ਨਜ਼ਰ ਨਹੀਂ ਆਉਂਦਾ ਪਰ ਥੋੜ੍ਹੀ ਜਿਹੀ ਹੀ ਡੂੰਘਾਈ ਨਾਲ ਦੇਖੀਏ ਤਾਂ ਇਹ ਸਾਰੀ ਸੋਚ ਨੂੰ ਸਿਰ-ਪਰਨੇ ਕਰਨ ਵਾਲੀ ਗੱਲ ਹੈ।

ਆਓ ਦੇਖੀਏ ਕਿ ਕਿਵੇਂ ?

ਮੰਨ ਲਵੋ ਕਿ ਇਸ ਪ੍ਰਕ੍ਰਿਤੀ ਅੰਦਰ ਕੁੱਝ ਵੀ ਨਾ ਹੋਵੇ ਤਾਂ ਕੀ ਮਨੁੱਖ ਦੇ ਦਿਮਾਗ ਅੰਦਰ ਕਿਸੇ ਕਿਸਮ ਦੀ ਕੋਈ ਚੇਤਨਾ ਜਾਂ ਵਿਚਾਰ ਪੈਦਾ ਹੋ ਸਕੇਗਾ ? ਸਭ ਦਾ ਜਵਾਬ ਹੋਵੇਗਾ ਕਿ ਨਹੀਂ। ਫਿਰ ਪਹਿਲਾਂ ਵਿਚਾਰ ਕਿਵੇਂ ਹੋਇਆ ? ਕਿਵੇਂ ਵੀ ਨਹੀਂ।

ਹੁਣ ਆਪਾਂ ਵਿਚਾਰਵਾਦ ਫਲਸਫੇ ਦੇ ਮਨੁੱਖੀ ਜੀਵਨ 'ਤੇ ਪੈਣ ਵਾਲੇ ਮਾਰੂ ਅਸਰਾਂ ਬਾਰੇ ਵੀ ਜਾਣ ਲਈਏ ਤਾਂ ਕਿ ਇਹ ਜਾਣ ਸਕੀਏ ਕਿ ਇਹ ਫ਼ਲਸਫ਼ਾ ਲੁਟੇਰੇ ਸਮਾਜਕ-ਪ੍ਰਬੰਧ ਨੂੰ ਕਾਇਮ ਰੱਖੀ ਰੱਖਣ ਅਤੇ ਲੁੱਟੇ ਜਾਣ ਵਾਲਿਆਂ ਦੇ ਖਿਲਾਫ਼ ਕਿਵੇਂ ਭੁਗਤਦਾ ਹੈ।

ਅੱਜ-ਕੱਲ੍ਹ ਅਸੀਂ ਸਾਰੇ ਹੀ ਅਜਿਹੀਆਂ ਘਟਨਾਵਾਂ ਜਾਂ ਦੁਖਾਂਤ ਵਾਪਰਦੇ ਦੇਖਦੇ ਸੁਣਦੇ ਹਾਂ ਕਿ ਹਰ ਕੋਈ ਕਹਿਣ ਲੱਗ ਪੈਂਦਾ ਹੈ ਕਿ ਦੁਨੀਆਂ 'ਚ ਕੀ ਹੋਈ ਜਾਂਦਾ ਹੈ। ਮਨੁੱਖ ਇਸ ਤਰ੍ਹਾਂ ਦਾ ਕਰੂਰ ਪ੍ਰਾਣੀ ਬਣ ਗਿਆ ਹੈ ਕਿ ਕੋਈ ਰਿਸ਼ਤਾ-ਨਾਤਾ ਨਹੀਂ ਦੇਖ ਰਿਹਾ।ਮਨੁੱਖਾਂ ਦੁਆਰਾ ਕੀਤੇ ਜਾਂਦੇ ਕੁਕਰਮਾਂ ਨੂੰ ਦੇਖਕੇ ਹਰ ਕੋਈ ਕਹਿ ਉੱਠਦਾ ਹੈ ਕਿ ਮਨੁੱਖ ਕਿਸ ਪੱਧਰ ਤੱਕ ਡਿੱਗ ਗਿਆ ਹੈ। ਸਾਡਾ ਕਹਿਣ ਤੋਂ ਭਾਵ ਹੈ ਕਿ ਸਮਾਜ ਅੰਦਰ ਪਲਰਦੀਆਂ-ਪਸਰਦੀਆਂ ਬੁਰਿਆਈਆਂ ਨੂੰ ਮਨੁੱਖੀ ਸੁਭਾਅ 'ਚੋਂ ਦੇਖਿਆ ਜਾਂਦਾ ਹੈ। ਇਸਦੀ ਇੱਕ ਠੋਸ ਮਿਸਾਲ ਲੈਂਦੇ ਹਾਂ। ਸਾਡੇ ਸਮਾਜ ਅੰਦਰ ਨੌਜਵਾਨੀ ਨਸ਼ਿਆਂ 'ਚ ਗਲਤਾਨ ਹੋ ਰਹੀ ਹੈ। ਇਸ 'ਤੇ ਵੀ ਹਉਕਾ ਭਰਦੇ ਹੋਏ ਆਮ ਜਨਤਾ ਕਹੇਗੀ ਕਿ ''ਦੇਖੋ ਕਿਵੇਂ ਨੌਜਵਾਨਾਂ ਦਾ ਬੇੜਾ ਗਰਕ ਹੋਈ ਜਾਂਦਾ ਹੈ, ਇਨ੍ਹਾਂ ਮੂਰਖਾਂ ਨੂੰ ਐਨੀ ਵੀ ਸਮਝ ਨਹੀਂ ਕਿ ਇਹ ਨਸ਼ੇ ਬਰਬਾਦੀ ਦੇ ਰਾਹ 'ਤੇ ਲਿਜਾਂਦੇ ਹਨ।''

ਅਸੀਂ ਕ੍ਰਿਸ਼ਨ ਬਰਗਾੜੀ ਦੀ ਬਰਸੀ ਮਨਾ ਰਹੇ ਸੀ ਤੇ ਉੱਥੇ ਕਾਫੀ ਡਾਕਟਰ ਸਾਹਿਬਾਨ ਵੀ ਸਨ। ਸਾਡੇ ਨਾਲ ਹੀ ਸਬੰਧਤ ਡਾਕਟਰ ਦੀਪਤੀ ਜੀ ਬੋਲ ਰਹੇ ਸਨ। ਉਨ੍ਹਾਂ ਨੇ ਇੱਕ ਗੱਲ ਬੜੀ ਪਤੇ ਦੀ ਕਹੀ। ਉਹਨਾਂ ਕਿਹਾ ਕਿ ਸਾਡੇ ਡਾਕਟਰ ਲੋਕ ਨਸ਼ਿਆਂ ਵਾਲੇ ਨੌਜਵਾਨਾਂ ਨੂੰ ਬਿਮਾਰ ਸਮਝਦੇ ਹਨ ਜਦੋਂ ਕਿ ਨਸ਼ੇ ਤਾਂ ਇਸ ਬਿਮਾਰ ਸਮਾਜ ਦਾ ਇੱਕ ਲੱਛਣ ਹਨ। ਉਨ੍ਹਾਂ ਕਿਹਾ ਕਿ ਬਿਮਾਰੀ ਦੇ ਲੱਛਣਾਂ ਨੂੰ ਨਹੀਂ, ਬਿਮਾਰੀ ਦੀ ਜੜ੍ਹ ਨੂੰ ਖਤਮ ਕਰਨਾ ਪਵੇਗਾ। ਭਾਵ ਕਿ ਇਸ ਮਾਰੂ ਬਿਮਾਰੀ ਤੋਂ ਛੁਟਕਾਰਾ ਦਿਵਾਉਣਾ ਚਾਹੁੰਦੇ ਹੋ ਤਾਂ ਇਸ ਸਮਾਜ ਨੂੰ ਸੁਧਾਰਨਾ ਜਾਂ ਬਦਲਣਾ ਪਵੇਗਾ।

ਮੈਨੂੰ ਉਨ੍ਹਾਂ ਦੀ ਇਹ ਗੱਲ ਸੁਣਕੇ ਬੜੀ ਤਸੱਲੀ ਹੋਈ ਕਿ ਸਾਡੇ ਡਾਕਟਰ ਸਾਹਿਬ ਮਨੁੱਖੀ ਸੁਭਾਅ ਨੂੰ ਇਕੱਲੇ-ਕਹਿਰੇ ਮਨੁੱਖ ਦੇ ਸੁਭਾਅ ਹੋਣ ਵਜੋਂ ਨਹੀਂ ਦੇਖ ਰਹੇ ਬਲਕਿ ਇਸਦਾ ਨਿਰਣਾ ਇਸ ਆਧਾਰ 'ਤੇ ਕਰ ਰਹੇ ਹਨ ਕਿ ਮਨੁੱਖ ਦਾ ਸੁਭਾਅ ਉਸ ਵੇਲੇ ਦੇ ਸਮਾਜਕ-ਆਰਥਕ ਪ੍ਰਬੰਧ (ਇਸਨੂੰ ਛੋਟੇ ਰੂਪ 'ਚ ਸਮਾਜਕ ਪ੍ਰਬੰਧ ਵੀ ਕਹਿ ਸਕਦੇ ਹਾਂ), ਵਿੱਚੋਂ ਦੇਖਿਆ ਜਾਣਾ ਚਾਹੀਦਾ ਹੈ।

ਇਸਨੂੰ ਸਮਝਣ ਲਈ ਆਪਾਂ ਇੱਕ ਹੋਰ ਮਿਸਾਲ ਲੈਂਦੇ ਹਾਂ। ਪਹਿਲਾਂ ਪਹਿਲਾਂ ਸਾਡੇ ਪੰਜਾਬ ਅੰਦਰ ਇੱਕ ਗੱਲ-ਕੱਥ ਬੜੀ ਪ੍ਰਚੱਲਿਤ ਰਹੀ ਹੈ ਕਿ ਜੇਕਰ ਢਿੱਡ ਨਾ ਲੱਗਿਆ ਹੁੰਦਾ ਤਾਂ ਕੰਮ ਨਾ ਕਰਨਾ ਪੈਂਦਾ। ਇਹ ਗੱਲ-ਕੱਥ ਬਹੁਤ ਛੋਟੀ ਜਿਹੀ ਗੱਲ ਲੱਗ ਸਕਦੀ ਹੈ, ਪਰ ਹੈ ਇਹ ਬੜੀ ਡੂੰਘੇ ਅਰਥਾਂ ਵਾਲੀ। ਅਸੀਂ ਸਭ ਜਾਣਦੇ ਹਾਂ ਕਿ ਮਨੁੱਖੀ ਕਿਰਤ ਤੋਂ ਬਿਨ੍ਹਾਂ ਸਮਾਜ ਜ਼ਿੰਦਾ ਹੀ ਨਹੀਂ ਰਹਿ ਸਕਦਾ। ਕਿਰਤ ਦੇ ਅਮਲ ਦੌਰਾਨ ਹੀ ਸਾਡੇ ਸਮਾਜ ਵਿੱਚ ਮਨੁੱਖਾਂ ਦੀਆਂ ਕਈ ਕਿਸਮ ਦੀਆਂ ਪਰਤਾਂ ਬਣਦੀਆਂ ਹਨ। ਇੱਕ ਤਾਂ ਅਜਿਹੀ ਪਰਤ ਹੈ ਕਿ ਉਸਦੀ ਧਨ-ਦੌਲਤ ਦਾ ਕੋਈ ਹਿਸਾਬ ਹੀ ਨਹੀਂ ਤੇ ਲਗਾਤਾਰ ਵਧਦੀ ਵੀ ਜਾਂਦੀ ਹੈ। ਦੂਸਰੇ ਪਾਸੇ ਅਜਿਹੇ ਲੋਕਾਂ ਦੀ ਪਰਤ ਵੀ ਹੈ ਕਿ ਉਹ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਹਨ। ਹੁਣ ਇਨ੍ਹਾਂ ਦੋਨਾਂ ਪਰਤਾਂ ਦੇ ਸੁਭਾਅ ਕੀ ਇੱਕੋ-

ਜਿਹੇ ਹੋ ਸਕਣਗੇ ? ਨਹੀਂ। ਕਿਉਂ ? ਕਿਉਂਕਿ ਉਤਲੀ ਪਰਤ ਨੂੰ ਜ਼ਿੰਦਗੀ ਗੁਜ਼ਾਰਨ ਦਾ ਕੋਈ ਫ਼ਿਕਰ ਹੀ ਨਹੀਂ। ਪਰ ਦੂਸਰੀ ਯਾਨੀ ਹੇਠਲੀ ਪਰਤ ਨੂੰ ਇਹ ਫ਼ਿਕਰ ਲਗਾਤਾਰ ਸਤਾਉਂਦਾ ਰਹਿੰਦਾ ਹੈ ਕਿ ਆਪਣੀ ਕਬੀਲਦਾਰੀ ਦਾ ਤੋਰਾ ਕਿਵੇਂ ਤੋਰੀਏ ? ਅਜਿਹੀਆਂ ਹਾਲਤਾਂ ਅੰਦਰ ਜੇਕਰ ਕੋਈ ਹੇਠਲੀ ਪਰਤ ਦੀ ਵਸੋਂ ਨੂੰ ਕਹੇ ਕਿ ਤੁਸੀਂ ਉਤਲੀ ਪਰਤ ਦੀ ਤਰ੍ਹਾਂ ਸੋਚੋ ਤੇ ਤੁਸੀਂ ਐਸ਼ੋ-ਆਰਾਮ ਵਾਲੀ ਜ਼ਿੰਦਗੀ ਬਤੀਤ ਕਰੋ ਤਾਂ ਕੀ ਇਹ ਸੰਭਵ ਹੈ ? ਆਪਾਂ ਸਭ ਨੂੰ ਪਤਾ ਹੈ ਕਿ ਅਜਿਹਾ ਸੰਭਵ ਨਹੀਂ ਹੈ। ਜਿਸ ਇਨਸਾਨ ਨੂੰ ਦੋ ਡੰਗ ਦੀ ਰੋਟੀ ਦਾ ਫ਼ਿਕਰ ਲੱਗਾ ਰਹਿੰਦਾ ਹੋਵੇ ਉਹ ਹਮੇਸ਼ਾ ਹੀ ਚਿੰਤਾ 'ਚ ਰਹੇਗਾ। ਹੋ ਸਕਦਾ ਹੈ ਕਿ ਉਹ ਚਿੰਤਾ-ਰੋਗ ਦਾ ਸ਼ਿਕਾਰ ਹੀ ਹੋ ਜਾਵੇ ਅਤੇ ਚਿੰਤਾ ਰੋਗੀਆਂ ਜਿਹਾ ਹੀ ਵਿਵਹਾਰ ਕਰਨ ਲੱਗ ਜਾਵੇ। ਜੇਕਰ ਕੋਈ ਇਹ ਕਹੇ ਕਿ ਇਸਨੂੰ ਚਿੰਤਾ-ਰੋਗੀ ਨਹੀਂ ਬਣਨਾ ਚਾਹੀਦਾ ਤਾਂ ਕੀ ਇਹ ਗੱਲ ਕਹਿਣ ਨਾਲ ਹੀ ਸੰਭਵ ਹੋ ਜਾਵੇਗੀ ? ਨਹੀਂ। ਜੇਕਰ ਅਜਿਹੀ ਪਰਤ ਨੂੰ ਚਿੰਤਾ ਰੋਗ ਤੋਂ ਮੁਕਤ ਕਰਨਾ ਹੈ ਤਾਂ ਫਿਰ ਇਹ ਲਾਜ਼ਮੀ ਹੈ ਕਿ ਉਸਦੀ ਜ਼ਿੰਦਗੀ ਦੀਆਂ ਉਹ ਪਦਾਰਥਕ ਹਾਲਤਾਂ ਨੂੰ ਤਬਦੀਲ ਕਰਨਾ ਪਵੇਗਾ, ਜੋ ਉਸਨੂੰ ਚਿੰਤਾ ਰੋਗੀ ਬਣਾਉਂਦੀਆਂ ਹਨ। ਫੋਕੀਆਂ ਨਸੀਹਤਾਂ ਨਾਲ ਤਾਂ ਇਹ ਨਹੀਂ ਹੋ ਸਕਦਾ। ਉਹ ਵਕਤੀ ਤੌਰ 'ਤੇ ਸਾਧਾਰਨ ਮਨੁੱਖਾਂ ਵਾਂਗ ਵਿਵਹਾਰ ਕਰਨ ਲੱਗ ਸਕਦਾ ਹੈ। ਪਰ ਜੇਕਰ ਉਸ ਦੀਆਂ ਜੀਵਨ ਹਾਲਤਾਂ ਠੀਕ ਹੋ ਜਾਂਦੀਆਂ ਹਨ ਤਾਂ ਉਸਦੇ ਵਿਚਾਰਾਂ ਵਿੱਚ ਵੀ ਤਬਦੀਲੀ ਆ ਜਾਵੇਗੀ।

ਹੋਰ ਲਵੋ ਕਿਸੇ ਵਿਅਕਤੀ ਨੂੰ ਕਿਹਾ ਜਾਵੇ ਕਿ ਉਹ ਵਿਚਾਰ ਕਰ ਲਵੇ ਕਿ ਉਹ ਤਾਂ ਅਮੀਰ ਵਿਅਕਤੀ ਹੈ। ਮੰਨ ਲਵੋ ਉਹ ਇਉਂ ਸੋਚ ਵੀ ਲਵੇ ਤਾਂ ਕੀ ਉਸਦੀ ਜ਼ਿੰਦਗੀ ਦੀ ਹਕੀਕਤ ਤਬਦੀਲ ਹੋ ਜਾਵੇਗੀ ? ਬਿਲਕੁਲ ਵੀ ਨਹੀਂ। ਇਹ ਉਦਾਹਰਣਾਂ ਦੇਣ ਤੋਂ ਭਾਵ ਇਹ ਹੈ ਕਿ ਮਨੁੱਖ ਦੇ ਵਿਚਾਰ ਉਸ ਸਮੇਂ ਦੇ ਸਮਾਜਕ-ਪ੍ਰਬੰਧ (ਪਦਾਰਥਕ ਹਾਲਤਾਂ) ਦੀ ਦੇਣ ਹੁੰਦੇ ਹਨ ਨਾ ਕਿ ਇਹ ਕੋਈ ਖਲਾਅ 'ਚੋਂ ਪੈਦਾ ਹੋਏ ਹੁੰਦੇ ਹਨ।

ਸੋ ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਵੀ ਯੁੱਗ ਦੇ ਚੰਗੇ ਜਾਂ ਮੰਦੇ, ਗਲਤ ਜਾਂ ਠੀਕ, ਅੱਗੇ ਵਧੂ ਜਾਂ ਪਿਛਾਂਹ ਖਿੱਚੂ, ਵਿਚਾਰ ਸਮੇਂ ਦੀਆਂ ਪਦਾਰਥਕ ਹਾਲਤਾਂ, ਜਿਸਨੂੰ ਅਸੀਂ ਸਮਾਜਕ-ਪ੍ਰਬੰਧ, ਸਮਾਜਕ-ਆਰਥਕ ਪ੍ਰਬੰਧ ਜਾਂ ਸਮਾਜ ਵੀ ਕਹਿ ਲੈਂਦੇ ਹਾਂ, ਦੀ ਪੈਦਾਇਸ਼ ਹੁੰਦੇ ਹਨ। ਇਸੇ ਲਈ ਦੁਨੀਆਂ ਦੇ ਸਭ ਤੋਂ ਮਹਾਨ ਦਾਰਸ਼ਨਿਕ ਮਾਰਕਸ ਨੇ ਕਿਹਾ ਸੀ ਕਿ ਮਨੁੱਖੀ ਸੁਭਾਅ ਨੂੰ ਦੇਖਣ ਵੇਲੇ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਮਨੁੱਖ ਕਿਹੜੇ ਸਮਾਜ ਵਿੱਚ ਰਹਿ ਰਿਹਾ ਹੈ। ਇਹ ਨਹੀਂ ਹੋ ਸਕਦਾ ਕਿ ਅਸੀਂ ਮਨੁੱਖੀ ਸੁਭਾਅ ਨੂੰ ਸਮਾਜ ਨਾਲੋਂ ਤੋੜਕੇ ਸਹੀ ਸਮਝ ਸਕੀਏ। ਮਨੁੱਖੀ ਸੁਭਾਅ 'ਚ ਭੈੜ ਆਉਣ ਦੀਆਂ ਸੰਭਾਵਨਾਵਾਂ ਸਮਾਜਕ-ਪ੍ਰਬੰਧ ਅੰਦਰ ਹੀ ਸਮੋਈਆਂ ਹੁੰਦੀਆਂ ਹਨ।

ਪਰ ਵਿਚਾਰਵਾਦ ਅਨੁਸਾਰ ਕੀ ਹੈ ? ਉਹ ਮਨੁੱਖ ਦੀਆਂ ਬੁਰਿਆਈਆਂ ਨੂੰ, ਮਨੁੱਖ ਜਿਸ ਸਮਾਜ ਵਿੱਚ ਰਹਿ ਰਿਹਾ ਹੈ, ਉਸ ਵਿੱਚੋਂ ਨਹੀਂ ਬਲਕਿ ਮਨੁੱਖ ਦੇ ਵਿਚਾਰਾਂ 'ਚੋਂ ਲੱਭਦਾ ਹੈ ਜਿਵੇਂ ਇਹ ਕਹਿ ਦੇਣਾ ਕਿ ਇਹ ਵਿਅਕਤੀ ਤਾਂ ਮੂਰਖ ਹੈ, ਇਸਨੂੰ ਕਬੀਲਦਾਰੀ ਤੋਰਨੀ ਹੀ ਨਹੀਂ ਆਉਂਦੀ ਭਾਵ ਮਨੁੱਖ ਦੇ ਵਿਚਾਰਾਂ ਦੀ ਤਬਦੀਲੀ ਨਾਲ ਹੀ ਮਨੁੱਖੀ ਸਮੱਸਿਆਵਾਂ ਦਾ ਹੱਲ ਦੇਖਦਾ ਹੈ।

ਹੁਣ ਜਿਵੇਂ ਆਪਾਂ ਇਹ ਗੱਲ ਕੀਤੀ ਹੈ ਕਿ ਹਰ ਵਿਚਾਰ ਸਮੇਂ ਦੀਆਂ ਪਦਾਰਥਕ ਹਾਲਤਾਂ 'ਚੋਂ ਜਨਮ ਲੈਂਦਾ ਹੈ ਤਾਂ ਸਾਨੂੰ ਇਹ ਦੇਖਣਾ ਪਵੇਗਾ ਕਿ ਇਹ ਵਿਚਾਰਵਾਦ ਪੈਦਾ ਹੋਣ ਦਾ ਪਦਾਰਥਕ ਆਧਾਰ ਕੀ ਸੀ ? ਵਿਚਾਰਵਾਦ ਵੀ ਸਮਾਜ ਦੇ ਇੱਕ ਖਾਸ ਪੜਾਅ 'ਤੇ ਆ ਕੇ ਹੀ ਉਭਰਿਆ। ਇਸ ਵਿਚਾਰਵਾਦ ਨੂੰ ਮਹਾਨ ਫਿਲਾਸਫਰ ਏਂਗਲਜ਼ ਨੇ ਝੂਠੀ ਚੇਤਨਤਾ ਕਿਹਾ ਹੈ। ਕਿਉਂ ? ਕਿਉਂਕਿ ਵਿਚਾਰਵਾਦ ਸਾਨੂੰ ਸਮਾਜਕ-ਪ੍ਰਬੰਧ ਬਾਰੇ ਸਹੀ ਤਰ੍ਹਾਂ ਚੇਤੰਨ ਨਹੀਂ ਕਰਦਾ। ਇਸ ਲਈ ਇਹ ਸਮਾਜ ਦੇ ਕਿਸੇ ਵੀ ਸਮੇਂ ਦੀ ਝੂਠੀ ਚੇਤਨਤਾ ਹੁੰਦੀ ਹੈ। ਜਿਵੇਂ ਆਪਾਂ ਉੱਪਰ ਵਿਚਾਰਿਆ ਵੀ ਹੈ, ਕਿ ਇਕੱਲੇ ਵਿਚਾਰਾਂ ਨਾਲ ਕੁੱਝ ਨਹੀਂ ਕੀਤਾ ਜਾ ਸਕਦਾ। ਇਸੇ ਲਈ ਏਂਗਲਜ਼ ਜਿਹੇ ਮਹਾਨ ਦਾਰਸ਼ਨਿਕ ਨੇ ਵਿਚਾਰਵਾਦ ਨੂੰ ਝੂਠੀ ਚੇਤਨਤਾ ਕਿਹਾ ਹੈ। ਉਨ੍ਹਾਂ ਨੇ ਇਹ ਵੀ ਦਰਸਾਇਆ ਕਿ ਇਹ ਝੂਠੀ ਚੇਤਨਤਾ ਭਾਵ ਵਿਚਾਰਵਾਦ ਪੈਦਾ ਹੋਣ ਦਾ ਆਧਾਰ ਵੀ ਸਮਾਜ ਦਾ ਪਦਾਰਥਕ ਆਧਾਰ ਹੀ ਸੀ। ਦੇਵੀਪ੍ਰਸਾਦ ਚਟੋਪਾਧਿਆਏ ਨੇ ਆਪਣੀ ਰਚਨਾ "ਪ੍ਰਾਚੀਨ ਭਾਰਤ ਅੰਦਰ ਪਦਾਰਥਵਾਦ" ਕਿਤਾਬ ਅੰਦਰ ਉਨ੍ਹਾਂ (ਏਂਗਲਜ਼) ਦਾ ਹਵਾਲਾ ਦਿੰਦਿਆਂ ਇਸ (ਵਿਚਾਰਵਾਦ) ਦੇ ਪੈਦਾ ਹੋਣ ਨੂੰ ਸਪੱਸ਼ਟ ਕਰਦਿਆਂ ਲਿਖਿਆ:-

"ਸਾਡਾ ਸਭ ਤੋਂ ਪਹਿਲਾ ਸਰੋਕਾਰ ਇਸ ਝੂਠੀ ਚੇਤਨਤਾ ਦੇ ਸੁਰਾਗ ਨੂੰ ਲੱਭਣ ਨਾਲ ਸਬੰਧਤ ਹੈ। ਇਸ ਸੁਰਾਗ ਨੂੰ ਸਾਨੂੰ ਉਸ ਚੀਜ਼ ਵਿੱਚੋਂ ਲੱਭਣਾ ਪਵੇਗਾ ਜੋ ਚੀਜ਼, ਮਾਰਕਸਵਾਦੀ ਸਮਝ ਅਨੁਸਾਰ, ਸਮਾਜ ਦੇ ਵਿਰੋਧੀ ਜਮਾਤਾਂ ਵਿੱਚ ਵੰਡੇ ਜਾਣ ਦੇ ਫਲਸਰੂਪ ਉਪਰੀ-ਉਸਾਰ ਦੇ ਪੱਧਰ 'ਤੇ ਉਭਰੀ ਅਤੇ ਜਿਸ ਚੀਜ਼ ਨੇ ਅੱਗੋਂ ਜਮਾਤੀ-ਸਮਾਜ ਦੇ ਪੂਰੇ ਅਰਸੇ ਦੌਰਾਨ ਮਨੁੱਖੀ ਚੇਤਨਤਾ ਉੱਪਰ ਆਪਣਾ ਗਲਬਾ ਕਾਇਮ ਰੱਖਿਆ। ਇਹ ਚੀਜ਼ ਕੀ ਸੀ, ਏਂਗਲਜ਼ ਨੇ ਇਸ ਦੀ ਵਿਆਖਿਆ ਇੰਝ ਕੀਤੀ: "ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਪਹੁੰਚਦੇ ਹੋਏ ਕਿਰਤ-ਵਿਸ਼ੇਸ਼ ਵਿੱਚ ਵੀ ਫਰਕ ਆ

ਗਿਆ; ਇਹ ਵਧੇਰੇ ਨਿਪੁੰਨ ਅਤੇ ਵਧੇਰੇ ਵੰਨ-ਸੁਵੰਨੀ ਹੁੰਦੀ ਗਈ। ਸ਼ਿਕਾਰ ਕਰਨ ਅਤੇ ਪਸ਼ੂ-ਪਾਲਣ ਦੇ ਨਾਲ ਖੇਤੀਬਾੜੀ ਦਾ ਕਿੱਤਾ ਜੁੜ ਗਿਆ, ਫਿਰ ਕੱਤਣ, ਬੁਣਨ, ਧਾਤਾਂ ਦਾ ਕੰਮ, ਬਰਤਨ ਬਣਾਉਣ ਦਾ ਕੰਮ ਅਤੇ ਜਹਾਜ਼ਰਾਨੀ ਆਦਿ ਦੇ ਕੰਮ ਜੁੜਦੇ ਚਲੇ ਗਏ। ਵਪਾਰ ਤੇ ਸਨਅਤ ਦੇ ਨਾਲ ਆਖਰੀ ਤੌਰ 'ਤੇ ਕਲਾ ਤੇ ਵਿਗਿਆਨ ਵੀ ਸਾਹਮਣੇ ਆ ਗਿਆ। ਕਬੀਲਿਆਂ ਤੋਂ ਅੱਗੇ ਕੌਮਾਂ ਤੇ ਰਾਜ ਵਿਕਸਿਤ ਹੋ ਗਏ। ਕਾਨੂੰਨ ਅਤੇ ਸਿਆਸਤ ਉਭਰ ਆਈ ਅਤੇ ਇਨ੍ਹਾਂ ਦੇ ਨਾਲ 'ਮਨੁੱਖੀ ਮਨ ਵਿੱਚ ਮਨੁੱਖੀ ਚੀਜ਼ਾਂ ਦਾ ਅਦਭੁੱਤ ਪ੍ਰਤੀਬਿੰਬ' ਅਰਥਾਤ ਧਰਮ ਉਭਰ ਆਇਆ। ਇਨ੍ਹਾਂ ਤਮਾਮ ਰਚਨਾਵਾਂ-ਜਿਹੜੀਆਂ ਪਹਿਲਾਂ ਪਹਿਲ ਤਾਂ ਮਨ ਦੀ ਉਪਜ ਜਾਪੀਆਂ ਅਤੇ ਜਿਹੜੀਆਂ ਮਨੁੱਖੀ ਸਮਾਜ ਉਪਰ ਭਾਰੂ ਜਾਪੀਆਂ-ਦੇ ਸਨਮੁੱਖ ਹੱਥ-ਕਿਰਤ ਦੇ ਵਧੇਰੇ ਨਿਮਾਣੇ ਉਤਪਾਦ ਪਿੱਠਭੂਮੀ(ਪਿਛਵਾੜੇ) ਵਿੱਚ ਚਲੇ ਗਏ। ਅਤੇ ਅਜਿਹਾ ਜ਼ਿਆਦਾਤਰ ਇਸ ਲਈ ਹੋਇਆ ਕਿ ਸਮਾਜ ਦੇ ਵਿਕਾਸ ਦੇ ਬਹੁਤ ਆਰੰਭਿਕ ਪੜਾਅ 'ਤੇ ਜਿਹੜਾ ਮਨ ਕਿਰਤ ਦੇ ਅਮਲ ਦੀ ਪਹਿਲਾਂ ਵਿਉਂਤਬੰਦੀ ਕਰਦਾ ਸੀ, ਉਹੀ ਮਨ ਹੁਣ ਇਸ ਵਿਉਂਤੇ ਹੋਏ ਕਿਰਤ ਦੇ ਅਮਲ ਨੂੰ ਆਪਣੇ ਹੱਥਾਂ ਨਾਲ ਕਰਨ ਦੀ ਬਜਾਏ ਕਿਸੇ ਦੂਸਰੇ ਦੇ ਹੱਥਾਂ ਤੋਂ ਕਰਵਾਉਣ ਦੇ ਯੋਗ ਹੋ ਗਿਆ ਸੀ। ਸੱਭਿਅਤਾ ਦੇ ਤੇਜ਼ੀ ਨਾਲ ਵਿਕਾਸ ਕਰਨ ਦਾ ਸਾਰਾ ਸਿਹਰਾ ਮਨ ਨੂੰ ਅਰਥਾਤ ਦਿਮਾਗ ਦੇ ਵਿਕਾਸ ਤੇ ਸਰਗਰਮੀ ਨੂੰ ਦਿੱਤਾ ਜਾਣ ਲੱਗਾ। ਮਨੁੱਖ ਆਪਣੇ ਅਮਲਾਂ ਦਾ ਵਰਣਨ, ਆਪਣੀਆਂ ਜ਼ਰੂਰਤਾਂ ਦੀ ਬਜਾਏ ਆਪਣੇ ਵਿਚਾਰਾਂ (ਚਿੰਤਨ) ਜ਼ਰੀਏ ਕਰਨ ਦਾ ਆਦੀ ਹੋ ਗਿਆ.........ਅਤੇ ਇਸ ਤਰ੍ਹਾਂ ਸਮਾਂ ਪਾ ਕੇ ਸੰਸਾਰ ਬਾਰੇ ਉਹ ਵਿਚਾਰਵਾਦੀ ਨਜ਼ਰੀਆ ਉਭਰ ਆਇਆ ਜਿਸ ਨਜ਼ਰੀਏ ਨੇ ਹੁਣ ਤੱਕ ਮਨੁੱਖੀ ਮਨ ਉਪਰ ਗਲਬਾ ਪਾਇਆ ਹੈ, ਖਾਸਕਰ ਪ੍ਰਾਚੀਨ ਸਮਾਜ ਦੇ ਪਤਨ ਤੋਂ ਬਾਅਦ। ਇਹ ਨਜ਼ਰੀਆ ਅਜੇ ਵੀ ਮਨੁੱਖਾਂ ਉੱਪਰ ਰਾਜ ਕਰਦਾ ਹੈ।

- ਏਂਗਲਜ਼ ਦੀ ਰਚਨਾ: ''ਡਾਇਲੈਕਟਿਕਸ ਆਫ ਨੇਚਰ 'ਚੋ''

ਇਸ ਹਵਾਲੇ ਤੋਂ ਪਤਾ ਚੱਲਦਾ ਹੈ ਕਿ ਜਦੋਂ ਹੀ ਮਨੁੱਖੀ ਸਮਾਜ ਵਿੱਚ ਕਿਰਤ-ਅਮਲ ਦੌਰਾਨ ਬੌਧਿਕ (ਜਾਂ ਇਸਨੂੰ ਮਾਨਸਿਕ ਕਿਰਤ ਕਹਿ ਲਵੋ) ਅਤੇ ਸਰੀਰਕ ਕਿਰਤ ਦਰਮਿਆਨ ਵਖਰੇਵਾਂ ਆ ਗਿਆ ਤਾਂ ਉਦੋਂ ਵਿਚਾਰਵਾਦ ਦਾ ਆਧਾਰ ਤਿਆਰ ਹੋ ਗਿਆ ਅਤੇ ਇਹ ਇੱਕ ਸਮੇਂ 'ਤੇ ਆ ਕੇ ਹੋਂਦ 'ਚ ਆ ਗਿਆ। ਭਾਵ ਕਿ ਵਿਚਾਰਵਾਦ ਦਾ ਆਧਾਰ ਵੀ ਮਨੁੱਖੀ ਸਮਾਜ ਦੇ ਪਦਾਰਥਕ ਅਮਲ-ਕਿਰਤ ਦੇ ਅਮਲ-ਨੂੰ ਸਮਝਕੇ ਹੀ ਸਮਝਿਆ ਜਾ ਸਕਦਾ ਹੈ। ਇੱਥੇ ਆ ਕੇ ਵੀ ਪਦਾਰਥਵਾਦ ਦੀ ਪੁਸ਼ਟੀ ਹੁੰਦੀ ਹੈ ਕਿ ਕੋਈ ਵੀ ਵਿਚਾਰ ਸਮੇਂ ਦੀਆਂ ਹਾਲਤਾਂ ਦੀ ਉਪਜ ਹੀ ਹੁੰਦਾ ਹੈ। ਇਸੇ ਗੱਲ ਦੀ ਪੁਸ਼ਟੀ ਲਈ ਆਪਾਂ ਏਂਗਲਜ਼ ਦਾ ਹੀ ਇੱਕ ਹੋਰ ਹਵਾਲਾ ਲੈਂਦੇ ਹਾਂ:

''ਏਂਗਲਜ਼ ਨੇ ਇਹ ਨੁਕਤਾ ਵੀ ਉਭਾਰਿਆ ਕਿ ਕਿਉਂ ਜਮਾਤੀ ਸਮਾਜ ਦੇ ਉਭਾਰ ਦੇ ਨਾਲ-ਨਾਲ ਵਿਚਾਰਵਾਦੀ ਨਜ਼ਰੀਏ ਦਾ ਉਭਾਰ ਹੋਣ ਦੇ ਵਰਤਾਰੇ ਨੂੰ ਕੋਈ ਇਤਫਾਕੀਆ ਸੰਜੋਗ ਨਹੀਂ ਸਮਝਿਆ ਜਾ ਸਕਦਾ। ਜਮਾਤੀ ਸਮਾਜ ਵਿੱਚ ਕੋਈ ਅਜਿਹੀ ਚੀਜ਼ ਨਿਹਿਤ ਸੀ ਜੋ ਵਿਚਾਰਵਾਦੀ ਨਜ਼ਰੀਏ ਦਾ ਕਾਰਨ ਬਣੀ। ਸਮਾਜ ਦੇ ਜਮਾਤਾਂ ਵਿੱਚ ਵੰਡੇ ਜਾਣ ਕਾਰਨ ਚਿੰਤਨ ਦੀ ਅਮਲ ਨਾਲੋਂ ਅਲਹਿਦਗੀ ਹੋ ਗਈ-ਅਰਥਾਤ ਮਾਨਸਿਕ ਕਿਰਤ ਦਾ ਜਿਸਮਾਨੀ ਕਿਰਤ ਨਾਲੋਂ ਤੋੜ-ਵਿਛੋੜਾ ਹੋ ਗਿਆ-ਅਤੇ ਜਿਸਮਾਨੀ ਕਿਰਤ ਨਾਲ ਇੱਕ ਬੇਕਦਰੀ (ਤਿਰਸਕਾਰ) ਦੀ ਭਾਵਨਾ ਜੁੜ ਗਈ: ਜਿਵੇਂ ਏਂਗਲਜ਼ ਨੇ ਕਿਸੇ ਹੋਰ ਥਾਂ 'ਤੇ ਕਿਹਾ ਹੈ ਕਿ, ''ਗੁਲਾਮੀ ਦੀ ਉਤਪਤੀ ਨੇ ਜੀਵਨ-ਨਿਰਬਾਹ ਲਈ ਕੰਮ ਕਰਨ ਦੇ ਵਰਤਾਰੇ ਉਪਰ ਨੀਚ (ਗੁਲਾਮਾਂ ਵਰਗਾ) ਹੋਣ ਦਾ ਅਤੇ ਲੁੱਟ-ਖੋਹ ਕਰਨ ਦੇ ਧੰਦੇ ਨਾਲੋਂ ਵੀ ਨਮੋਸ਼ੀ-ਭਰਿਆ ਹੋਣ ਦਾ ਠੱਪਾ ਲਾ ਦਿੱਤਾ। ਇਸ ਦੇ ਟਾਕਰੇ ਵਿੱਚ, ਸੱਭਿਅਤਾ ਦੇ ਤੇਜ਼ੀ ਨਾਲ ਹੋਏ ਵਿਕਾਸ ਦਾ ਸਾਰਾ ਸਿਹਰਾ ਮਨ (ਦਿਮਾਗ) ਦੇ ਸਿਰ ਬੰਨ੍ਹ ਦਿੱਤਾ ਗਿਆ ਕਿਉਂਕਿ ਇਹ ਮਨ ਹੀ ਸੀ ਜਿਸ ਨੇ ਕਿਰਤ-ਅਮਲ ਨੂੰ ਵਿਉਂਤਿਆ ਸੀ। ਅਰਥਾਤ ਮਾਨਸਿਕ ਕਿਰਤ ਸ਼ਾਸਕ ਜਮਾਤ ਦਾ ਸਰੋਕਾਰ ਬਣ ਗਈ ਅਤੇ ਇੰਞ ਸ਼ਾਸਕ ਜਮਾਤ ਦੀ ਚੇਤਨਤਾ ਵਿੱਚ ਮਨ ਜਾਂ ਚਿੰਤਨ ਜਾਂ ਵਿਚਾਰਾਂ ਦੇ ਫਤਵੇ (ਫੈਸਲੇ) ਨੇ ਜ਼ਬਰਦਸਤ ਮਹੱਤਵ ਹਾਸਲ ਕਰ ਲਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਮਾਤੀ ਸਮਾਜ ਦੇ ਸਮੁੱਚੇ ਅਰਸੇ ਦੌਰਾਨ ਚਿੰਤਨ ਦੀ ਪ੍ਰਮੁੱਖਤਾ ਸੰਸਾਰ ਨਜ਼ਰੀਏ ਦਾ ਭਾਰੂ ਲੱਛਣ ਬਣ ਗਈ ਕਿਉਂਕਿ ਕਿਸੇ ਵੀ ਦੌਰ ਦੀ ਚੇਤਨਤਾ ਦਾ ਮੁੱਖ ਲੱਛਣ, ਉਸ ਦੌਰ ਦੀ ਸ਼ਾਸਕ ਜਮਾਤ ਦੇ ਵਿਚਾਰਾਂ ਦਾ ਹੀ 'ਰਾਜ' (ਸ਼ਾਸਨ) ਹੁੰਦਾ ਹੈ ਅਰਥਾਤ ਜਿਹੜੀ ਜਮਾਤ ਸਮਾਜ ਦੀ ਪ੍ਰਬਲ ਪਦਾਰਥਕ ਤਾਕਤ ਹੁੰਦੀ ਹੈ, ਉਹੀ ਜਮਾਤ ਨਾਲੋ-ਨਾਲ ਸਮਾਜ ਦੀ ਪ੍ਰਬਲ ਬੌਧਿਕ ਤਾਕਤ ਵੀ ਹੁੰਦੀ ਹੈ।........''

*** ਏਂਗਲਜ਼ ਦੀ ਰਚਨਾ, ''ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ'', ਮਾਸਕੋ 1952, ਏਂਗਲਜ਼ ਦੀ ਰਚਨਾ ''ਜਰਮਨ ਆਡਿਆਲੋਜੀ''..........ਸਫਾ 689**

ਸੋ ਅਸੀਂ ਦੇਖ ਸਕਦੇ ਹਾਂ ਕਿ ਸਮਾਜਕ ਵਿਕਾਸ ਦੇ ਅਮਲ ਦੌਰਾਨ ਜਦੋਂ ਸਮਾਜ 'ਚ ਮਾਨਸਿਕ ਅਤੇ ਸਰੀਰਕ ਕਿਰਤ ਦਰਮਿਆਨ ਪੂਰੀ ਤਰ੍ਹਾਂ ਵਖਰੇਵਾਂ ਆ ਗਿਆ ਅਤੇ

ਮਾਨਸਿਕ ਕਿਰਤ ਸਰੀਰਕ ਕਿਰਤ 'ਤੇ ਕੰਟਰੋਲ ਕਰਨ ਲੱਗ ਪਈ ਤਾਂ ਵਿਚਾਰਵਾਦ ਦਾ ਆਧਾਰ ਤਿਆਰ ਹੋ ਗਿਆ। ਇਸਨੂੰ ਠੋਸ ਤਰ੍ਹਾਂ ਸਮਝਣ ਲਈ ਆਪਾਂ ਗੁਲਾਮ ਸਮਾਜ ਦੀ ਮਿਸਾਲ ਵੀ ਲੈ ਸਕਦੇ ਹਾਂ ਕਿ ਉਦੋਂ ਗੁਲਾਮਾਂ ਤੋਂ ਕਿਰਤ ਕਰਵਾਉਣ ਵਾਲੇ ਅਤੇ ਲੁੱਟ ਕੇ ਲੈ ਜਾਣ ਵਾਲੇ ਗੁਲਾਮ-ਮਾਲਕ ਸਨ। ਗੁਲਾਮਾਂ ਨੂੰ ਤਾਂ ਮਨੁੱਖ ਤੱਕ ਵੀ ਨਹੀਂ ਸਮਝਿਆ ਜਾਂਦਾ ਸੀ। ਉਨ੍ਹਾਂ ਨੂੰ ਤਾਂ ਬੋਲਦੇ ਔਜ਼ਾਰ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਨਾਲ ਗੁਲਾਮ-ਮਾਲਕ ਦੇ ਦਿਮਾਗ ਹੀ ਕਿਰਤ ਦੇ ਸਮੁੱਚੇ ਅਮਲ ਨੂੰ ਕੰਟਰੋਲ ਕਰਦੇ ਅਤੇ ਚਲਾਉਂਦੇ ਸਨ ਤਾਂ ਇਹ ਸੁਭਾਵਿਕ ਹੀ ਸੀ ਕਿ ਉਹ ਇਹ ਸਮਝਣ ਲੱਗ ਪੈਣ ਕਿ ਇਹ ਸਾਰੀ ਪੈਦਾਵਾਰ ਦਾ ਜੁਗਾੜ ਉਹ ਹੀ ਵਿਉਂਤ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਅੰਦਰ ਇਹ ਵਿਚਾਰ ਪਣਪਣ ਦਾ ਵੀ ਆਧਾਰ ਸੀ ਕਿ ਉਨ੍ਹਾਂ ਦੇ ਵਿਚਾਰ ਬੜੇ ਉੱਤਮ ਹਨ। ਨਾਲ ਦੀ ਨਾਲ ਹੀ ਜਦੋਂ ਕਿ ਉਨ੍ਹਾਂ ਦੇ ਵਿਚਾਰ ਤੇ ਉਹ ਆਪ ਵੀ ਬੜੇ ਉੱਤਮ ਹਨ ਪਰ ਗੁਲਾਮਾਂ ਦੇ ਵਿਚਾਰ ਅਤੇ ਖ਼ੁਦ ਗੁਲਾਮ ਘ੍ਰਿਣਾ ਦੇ ਸਮਾਨ ਹਨ। ਇਹ ਗੁਲਾਮ ਸਮਾਜ ਦੀ ਮਿਸਾਲ ਦੇਣ ਤੋਂ ਸਾਡਾ ਇੱਥੇ ਇਹ ਭਾਵ ਬਿਲਕੁਲ ਨਹੀਂ ਕਿ ਵਿਚਾਰਵਾਦ ਗੁਲਾਮ-ਸਮਾਜ ਦੇ ਦੌਰ 'ਚ ਆ ਕੇ ਪਣਪਿਆ। ਇਹ ਤਾਂ ਉਸਤੋਂ ਪਹਿਲਾਂ ਵੀ ਕਿਰਤ ਅਮਲ ਦੇ ਦੌਰਾਨ ਹੋਈ ਵੰਡ ਦੌਰਾਨ ਹੀ ਪਣਪ ਪਿਆ ਸੀ। ਇਹ ਉਦਾਹਰਣ ਤਾਂ ਸਿਰਫ਼ ਗੱਲ ਨੂੰ ਸੌਖਾ ਕਰਨ ਲਈ ਦਿੱਤੀ ਗਈ ਹੈ।

ਵਿਚਾਰਵਾਦ ਦੇ ਉਲਟ ਪਦਾਰਥਵਾਦ ਹੈ। ਪਦਾਰਥਵਾਦ ਸਾਨੂੰ ਸਿਖਾਉਂਦਾ ਹੈ ਕਿ ਸਮਾਜ ਦੀਆਂ ਪਦਾਰਥਕ ਹਾਲਤਾਂ ਬਦਲ ਦੇਣ ਨਾਲ ਮਨੁੱਖਾਂ ਦੇ ਵਿਚਾਰ ਵੀ ਬਦਲ ਜਾਂਦੇ ਹਨ। ਅਸੀਂ ਰੂਸ ਦੀ ਮਿਸਾਲ ਲੈ ਸਕਦੇ ਹਾਂ ਜਿੱਥੇ ਕਿ ਇਨਕਲਾਬ ਤੋਂ ਬਾਅਦ ਸਮਾਜਵਾਦੀ ਸਮਾਜ ਸਥਾਪਤ ਹੋਇਆ ਤਾਂ ਉੱਥੇ ਵੇਸ਼ਵਾ-ਗਮਨੀ ਵਰਗੀਆਂ ਸਵੈਮਾਣ-ਵਿਹੂਣੀਆਂ ਰੀਤਾਂ ਨੂੰ ਮੂਲੋਂ ਹੀ ਖਤਮ ਕਰ ਦਿੱਤਾ ਗਿਆ। ਹੁਣ ਦੇਖੋ ਸਮਾਜ ਉਹੀ ਅਤੇ ਉਹੀ ਰੂਸ ਦੀਆਂ ਔਰਤਾਂ ਪਰ ਸਮਾਜਵਾਦੀ ਸਮਾਜ ਸਥਾਪਤ ਹੋ ਜਾਣ 'ਤੇ ਵੇਸ਼ਵਾ-ਗਮਨੀ 'ਚ ਖਚਿਤ ਹੋਣ ਦੀ ਬਜਾਇ ਔਰਤਾਂ ਪੈਦਾਵਾਰੀ ਅਮਲ 'ਚ ਹਿੱਸਾ ਲੈਣ ਲੱਗ ਪਈਆਂ। ਮਨੁੱਖੀ ਸੁਭਾਅ ਅਤੇ ਗੁਣ ਬਦਲਣ ਦੀ ਇਸ ਤੋਂ ਵੱਡੀ ਕੋਈ ਹੋਰ ਮਿਸਾਲ ਹੋ ਸਕਦੀ ਹੈ ? ਸਾਡੀ ਜਾਚੇ ਤਾਂ ਨਹੀਂ। ਪਰ ਜੇਕਰ ਵਿਚਾਰਵਾਦ ਅਨੁਸਾਰ ਚੱਲਣਾ ਹੁੰਦਾ ਤਾਂ ਔਰਤਾਂ ਨੂੰ ਹੀ ਕੋਸਿਆ ਜਾਂਦਾ ਰਹਿੰਦਾ ਅਤੇ ਉਨ੍ਹਾਂ ਨੂੰ ਉਹੋ-ਜਿਹਾ ਹੀ ਨਮੋਸ਼ੀ ਭਰਿਆ ਅਤੇ ਘਿਣਾਉਣਾ ਜੀਵਨ ਜਿਉਂਦੇ ਰਹਿਣਾ ਪੈਂਦਾ। ਵਿਚਾਰਵਾਦ ਨੇ ਕਦੇ ਵੀ ਸਮਾਜਕ-ਪ੍ਰਬੰਧ ਨੂੰ ਦੋਸ਼ ਨਹੀਂ ਦੇਣਾ ਸੀ ਬਲਕਿ ਸਿਰਫ ਤੇ ਸਿਰਫ਼ ਔਰਤਾਂ ਦੇ ਸੁਭਾਅ 'ਚੋਂ ਹੀ ਵੇਸ਼ਵਾਗਮਨੀ ਦੀ ਬੋਅ ਸੁੰਘੀ ਜਾਣੀ ਸੀ। ਉਨ੍ਹਾਂ ਨੂੰ ਹੀ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਹੋਏ ਦੋਸ਼ੀ ਸਮਝੇ ਜਾਣਾ ਸੀ।

ਅੰਤ 'ਚ ਅਸੀਂ ਇੱਕ ਗੱਲ ਹੋਰ ਸਪੱਸ਼ਟ ਕਰਦੇ ਜਾਈਏ ਕਿ ਗੱਲ ਇਹ ਨਹੀਂ ਕਿ ਅਸੀਂ ਵਿਚਾਰਾਂ ਦੀ ਸਮਾਜ ਅੰਦਰ ਕੋਈ ਭੂਮਿਕਾ ਨਹੀਂ ਸਮਝਦੇ। ਵਿਚਾਰਾਂ ਦੀ ਪਦਾਰਥਕ ਹਾਲਤਾਂ ਨੂੰ ਠੀਕ ਜਾਂ ਗਲਤ ਰੁਖ ਦੇਣ 'ਚ ਆਪਣੀ ਭੂਮਿਕਾ ਹੁੰਦੀ ਹੈ। ਅਸੀਂ ਸਿਰਫ਼ ਜੋ ਕਹਿਣਾ ਚਾਹੁੰਦੇ ਹਾਂ ਉਹ ਇਹ ਹੈ ਕਿ ਅਜਿਹਾ ਕਦੇ ਨਹੀਂ ਹੋ ਸਕਦਾ ਕਿ ਪਦਾਰਥਕ ਹਾਲਤਾਂ ਨੂੰ ਬਦਲੇ ਵਗੈਰ ਇਕੱਲੇ ਵਿਚਾਰ ਹੀ ਨਵਾਂ ਸਮਾਜ ਸਿਰਜ ਦੇਣ। ਇਸ ਲਈ ਵਿਚਾਰਵਾਦ ਲੁਟੇਰੇ ਸਮਾਜਕ-ਪ੍ਰਬੰਧ ਨੂੰ ਬਦਲੇ ਵਗੈਰ ਹੀ ਲੁਟੇਰੇ ਸਮਾਜ 'ਚ ਮਨੁੱਖੀ ਕਦਰਾਂ-ਕੀਮਤਾਂ ਭਾਰੂ ਕਰਨ ਦੇ ਸ਼ੇਖ-ਚਿੱਲੀ ਵਾਂਗ ਸੁਪਨੇ ਲੈਂਦਾ ਹੈ, ਇਸ ਲਈ ਇਹ ਲੁੱਟੀ-ਪੁੱਟੀ ਜਨਤਾ ਦੇ ਵਿਰੋਧ 'ਚ ਅਤੇ ਲੁਟੇਰੀਆਂ ਜਮਾਤਾਂ ਦੇ ਹੱਕ 'ਚ ਭੁਗਤਦਾ ਹੋਇਆ ਫ਼ਲਸਫ਼ਾ ਹੋਣ ਕਰਕੇ ਲੋਕ-ਵਿਰੋਧੀ ਹੈ। **- 98769-53561**


ਨੋਟ: ਸਾਰੇ ਹਵਾਲੇ ਦੇਬੀਪ੍ਰਸਾਦ ਚਟੋਪਾਧਿਆਏ ਦੀ ਰਚਨਾ "ਏ ਸਟੱਡੀ ਇਨ ਏਂਸ਼ੀਐਂਟ ਮੈਟੀਰੀਅਲਿਜ਼ਮ" ਦੇ ਪੰਜਾਬੀ ਅਨੁਵਾਦ 'ਚੋਂ ਲਏ ਗਏ ਹਨ। ਪ੍ਰਕਾਸ਼ਕ: ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ, ਪਹਿਲਾ ਸੰਸਕਰਣ, 2022

ਦਿਨ ਜੋ ਇਤਿਹਾਸ ਬਣੇ

1 ਮਈ	ਅੰਤਰ ਰਾਸ਼ਟਰੀ ਮਜ਼ਦੂਰ ਦਿਵਸ (1889)
3 ਮਈ	ਪ੍ਰੈਸ ਆਜ਼ਾਦੀ ਦਿਵਸ
5 ਮਈ	ਜਨਮ ਦਿਨ ਪ੍ਰਸਿੱਧ ਦਾਰਸ਼ਨਿਕ ਕਾਰਲ ਮਾਰਕਸ (1818)
6 ਮਈ	ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)
10 ਮਈ	ਤਾਰਾ ਵਿਗਿਆਨ ਦਿਵਸ
10 ਮਈ	ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ
24 ਮਈ	ਜਨਮ ਸ਼ਹੀਦ ਕਰਤਾਰ ਸਿੰਘ ਸਰਾਭਾ (1896)
28 ਮਈ	ਸ਼ਹੀਦ ਭਗਵਤੀ ਚਰਨ ਵੋਹਰਾ ਦੀ ਬੰਬ ਪਰਖ ਸਮੇਂ ਬੰਬ ਫਟਣ ਕਾਰਣ ਸ਼ਹਾਦਤ (1930)
5 ਜੂਨ	ਵਿਸ਼ਵ ਵਾਤਾਵਰਣ ਦਿਵਸ
7 ਜੂਨ	ਭਾਰਤ ਦਾ ਦੂਸਰਾ ਉਪਗ੍ਰਹਿ 'ਭਾਸਕਰ' ਪੁਲਾੜ ਵਿੱਚ ਛੱਡਿਆ ਗਿਆ (1979)
14 ਜੂਨ	ਵਿਸ਼ਵ ਖੂਨਦਾਨ ਦਿਵਸ
14 ਜੂਨ	ਜਨਮ ਦੱਖਣੀ ਅਮਰੀਕਾ ਦੇ ਇਨਕਲਾਬੀ ਅਰਨੈਸਟੋ ਚੀ ਗੁਵੇਰਾ (1928)

ਵਿਦਿਆਰਥੀ ਖ਼ੁਦਕੁਸ਼ੀਆਂ

ਹਰਿੰਦਰ ਹੈਪੀ



ਪਿਛਲੇ ਦਿਨੀ ਕਈ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਨੇ ਸਭ ਦਾ ਧਿਆਨ ਖਿੱਚਿਆ ਹੈ। ਇਹ ਘਟਨਾਵਾਂ ਭਾਰਤ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਵੀ ਵੱਡੇ ਖੁਲਾਸੇ ਕਰਦੀਆਂ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੀ 2021 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਇਸ ਵਰ੍ਹੇ 1,64,033 ਵਿਅਕਤੀਆਂ ਨੇ ਵੱਖ-ਵੱਖ ਕਾਰਨਾਂ ਕਰਕੇ ਖ਼ੁਦਕੁਸ਼ੀ ਕੀਤੀ। ਇਹ ਸਾਲ 2020 ਦੇ ਮੁਕਾਬਲੇ 7.2% ਦਾ ਵਾਧਾ ਸੀ। ਲੋਕਾਂ ਦਾ ਵੱਡੀ ਗਿਣਤੀ ਵਿੱਚ ਆਪਣੀਆਂ ਜਾਨਾਂ ਲੈਣ ਅਤੇ ਖ਼ੁਦਕੁਸ਼ੀ ਦੇ ਕਾਰਨਾਂ ਦੇ ਮੱਦੇਨਜ਼ਰ ਖ਼ੁਦਕੁਸ਼ੀ ਵੀ ਜਨਤਕ ਸਿਹਤ ਦਾ ਗੰਭੀਰ ਸੰਕਟ ਹੈ ਜਿਸ ਦਾ ਫੌਰੀ ਹੱਲ ਕਰਨ ਦੀ ਲੋੜ ਹੈ।

ਵਿਸ਼ਵ ਸਿਹਤ ਸੰਗਠਨ (WHO) ਦੁਆਰਾ "ਸੁਸਾਈਡ ਵਰਲਡਵਾਈਡ ਇਨ 2019: ਗਲੋਬਲ ਹੈਲਥ ਐਸਟੀਮੇਸ਼ਨ ਰਿਪੋਰਟ" ਵਿੱਚ ਕਿਹਾ ਗਿਆ ਹੈ ਕਿ ਸੜਕ ਦੁਰਘਟਨਾ, ਟੀ. ਬੀ. ਅਤੇ ਅੰਤਰ-ਵਿਅਕਤੀਗਤ ਸੱਟ ਤੋਂ ਬਾਅਦ ਮੌਤ ਦੇ ਮੁੱਖ ਚਾਰ ਕਾਰਨਾਂ ਵਿੱਚੋਂ ਇੱਕ ਖ਼ੁਦਕੁਸ਼ੀ ਹੈ। ਇਸ ਰਿਪੋਰਟ ਦੇ ਮੁਤਾਬਕ ਹਰ ਸਾਲ 10 ਲੱਖ ਲੋਕ ਖ਼ੁਦਕੁਸ਼ੀ ਕਰਦੇ ਹਨ ਅਤੇ ਉਸ ਤੋਂ 20 ਗੁਣਾਂ ਵੱਧ ਲੋਕ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਦੇ ਹਨ। ਇਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖ਼ੁਦਕੁਸ਼ੀ ਮਲੇਰੀਆ, ਛਾਤੀ ਦੇ ਕੈਂਸਰ, ਯੁੱਧ ਅਤੇ ਕਤਲੇਆਮ ਨਾਲੋਂ ਜ਼ਿਆਦਾ ਲੋਕਾਂ ਨੂੰ ਮਾਰਦੀ ਹੈ।

ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀ ਵਧ ਰਹੀ ਭਿਆਨਕਤਾ ਨੇ ਦੇਸ਼ ਦੀਆਂ ਸਿਹਤ ਅਤੇ ਸਿੱਖਿਆ ਪ੍ਰਣਾਲੀਆਂ ਨੂੰ ਲੈ ਕੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਭਾਰਤ ਵਿੱਚ ਵਿਦਿਆਰਥੀ ਖ਼ੁਦਕੁਸ਼ੀ ਦਾ ਵਿਗਿਆਨ ਦਰਸਾਉਂਦਾ ਹੈ ਕਿ ਇਹ ਇਕ ਵੱਡੀ ਮਾਨਸਿਕ ਸਿਹਤ ਅਤੇ ਸਮਾਜਿਕ ਸਮੱਸਿਆ ਹੈ। ਰੁਝਾਨ ਦਰਸਾਉਂਦੇ ਹਨ ਕਿ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੇ ਦਾਅਵਿਆਂ ਦੇ ਬਾਵਜੂਦ ਵਿਦਿਆਰਥੀਆਂ ਦੀਆਂ ਮੌਤਾਂ ਵਿੱਚ ਵਾਧਾ ਹੋਇਆ ਹੈ। ਖ਼ੁਦਕੁਸ਼ੀ 'ਤੇ ਐੱਨ.ਸੀ.ਆਰ.ਬੀ. ਦੀ ਰਿਪੋਰਟ ਦਰਸਾਉਂਦੀ ਹੈ ਕਿ 2010 ਤੋਂ ਬਾਅਦ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦਾ ਅਨੁਮਾਨ 7379 ਤੋਂ 13089 ਹੋ ਗਿਆ ਜੋ ਕਿ ਕਾਫ਼ੀ ਵੱਡਾ ਵਾਧਾ ਹੈ।

ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਮਾਨਸਿਕ ਸਿਹਤ ਦੇ ਮੁੱਦੇ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮੁੱਖ ਤੌਰ 'ਤੇ ਸਮਾਜ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਪ੍ਰੇਰਿਤ ਹੁੰਦਾ ਹੈ। ਸਮਾਜ ਦੀ ਬਦਲ ਰਹੀ ਪ੍ਰਕਿਰਤੀ ਅਤੇ ਲੋਕਾਂ, ਖ਼ਾਸ ਕਰਕੇ ਮੱਧ ਵਰਗ ਦੀ ਆਪਣੀ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਮੌਜੂਦਾ ਪੂੰਜੀਵਾਦੀ ਵਿਵਸਥਾ ਵਿੱਚ ਮੁਕਾਬਲਾ ਕਰਨਾ ਲਈ ਪ੍ਰੇਰਦੀ ਹੈ ਜਿੱਥੇ ਆਰਥਿਕ ਰੁਤਬੇ ਨੂੰ ਵਧਾਉਣਾ ਹੀ ਅੰਤਿਮ ਟੀਚਾ ਮੰਨਿਆ ਜਾਂਦਾ ਹੈ।

ਜਾਤ, ਭਾਰਤ ਵਿੱਚ ਜਨਤਕ ਸਿਹਤ ਦਾ ਇੱਕ ਮਜ਼ਬੂਤ ਸਮਾਜਿਕ ਨਿਰਣਾਇਕ ਹੈ। ਇਸ ਦਾ ਪ੍ਰਗਟਾਵਾ ਅਤੇ ਅਪ੍ਰਤੱਖ ਕਾਰਜ ਵੀ ਇਸ ਕਿਸਮ ਦੀ ਦੁਖਦਾਈ ਮੌਤ ਦਾ ਇੱਕ ਕਾਰਨ ਬਣ ਜਾਂਦੇ ਹਨ। ਰੋਹਿਤ ਵੇਮੁਲਾ ਅਤੇ ਪਾਇਲ ਤਡਵੀ ਦੇ ਕੇਸਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਪ੍ਰਗਤੀਸ਼ੀਲ' ਕਹਾਉਂਦੇ ਵਿੱਦਿਅਕ ਅਦਾਰਿਆਂ ਵਿੱਚ ਵੀ ਜਾਤ-ਪਾਤ 'ਤੇ ਆਧਾਰਿਤ ਵਿਤਕਰਾ ਮੌਜੂਦ ਹੈ। ਰਾਜਸਥਾਨ ਦੇ ਇੰਦਰ ਮੇਘਵਾਲ ਦਾ ਮਾਮਲਾ ਕਾਫ਼ੀ ਖ਼ਬਰਾਂ ਵਿੱਚ ਰਿਹਾ ਜਿੱਥੇ ਇੱਕ ਵਿਦਿਆਰਥੀ ਨੂੰ ਕਥਿਤ ਤੌਰ 'ਤੇ ਉੱਚ ਜਾਤ ਦੇ ਅਧਿਆਪਕ ਦੇ ਘੜੇ ਨੂੰ ਹੱਥ ਲਾਉਣ ਲਈ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਜੋ ਸਦਮਾ ਦਲਿਤ ਵਿਦਿਆਰਥੀ ਸਾਰੀ ਉਮਰ ਝੱਲਦੇ ਹਨ, ਉਹ ਉਨ੍ਹਾਂ ਦੀ ਮਾਨਸਿਕ ਅਤੇ ਸਮਾਜਿਕ ਤੰਦਰੁਸਤੀ 'ਤੇ ਡੂੰਘਾ ਅਸਰ ਪਾਉਂਦਾ ਹੈ।

ਲੜਕੀਆਂ ਲਈ ਹਾਲਾਤ ਹੋਰ ਵੀ ਚੁਣੌਤੀਪੂਰਨ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਬਚਪਨ ਤੋਂ ਹੀ 'ਸਹਿਣ' ਦੀ ਸਿੱਖਿਆ ਅਤੇ ਮੱਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਲਈ ਕੁੱਝ ਖ਼ਾਸ ਕਿਸਮ ਦੇ ਜਿਨਸੀ 'ਜ਼ੁਰਮ' ਨੂੰ ਹੀ ਗੰਭੀਰ ਮੰਨਿਆ ਜਾਂਦਾ ਹੈ ਅਤੇ ਬਾਕੀ ਘਟਨਾਵਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਰਿਹਾ ਹੈ। ਇਸ ਦਾ ਔਰਤਾਂ ਦੀ ਮਾਨਸਿਕ ਸਿਹਤ ਉੱਤੇ ਡੂੰਘਾ ਅਸਰ ਪੈਂਦਾ ਹੈ। ਸਮਾਜ ਅਤੇ ਪਰਿਵਾਰ ਵਿੱਚ ਹੀ ਇੱਕੋ ਜਿਹੀ ਗ਼ਲਤੀ ਕਰਨ 'ਤੇ ਮੁੰਡੇ ਅਤੇ ਕੁੜੀ ਨਾਲ ਵੱਖ-ਵੱਖ ਤਰ੍ਹਾਂ ਨਾਲ ਪੇਸ਼ ਆਇਆ ਜਾਂਦਾ ਹੈ। ਕੁੜੀਆਂ ਤੋਂ ਜ਼ਿਆਦਾ 'ਸਿੱਧੀ ਅਤੇ ਸਿਆਣੀ' ਹੋਣ ਦੀ ਉਮੀਦ ਵਿੱਚ ਉਨ੍ਹਾਂ ਨੂੰ ਨੈਤਿਕਤਾ ਦੇ ਪਾਠ ਪੜ੍ਹਾਏ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਪੜ੍ਹਾਈ ਦੌਰਾਨ ਵਾਪਰ ਰਹੀ ਹਰ ਇੱਕ

ਜ਼ਿਆਦਤੀ ਉਸ ਦੀ ਖ਼ਰਾਬ ਮਾਨਸਿਕ ਸਿਹਤ ਨੂੰ ਹੋਰ ਖ਼ਰਾਬ ਕਰਦੀ ਹੈ ਜੋ ਉਸ ਨੂੰ ਖ਼ੁਦਕੁਸ਼ੀ ਕਰਨ ਤੱਕ ਮਜ਼ਬੂਰ ਕਰ ਦਿੰਦੀ ਹੈ।

ਵਿਦਿਆਰਥੀ ਖ਼ੁਦਕੁਸ਼ੀ ਦੀ ਰਿਪੋਰਟ ਕਰਨਾ ਇੱਕ ਹੋਰ ਨਾਜ਼ੁਕ ਮੁੱਦਾ ਹੈ ਜਿੱਥੇ ਅਸਲ ਤੀਬਰਤਾ ਅਤੇ ਮਹਾਮਾਰੀ ਵਿਗਿਆਨ ਨੂੰ ਮਾਪਿਆ ਜਾ ਰਿਹਾ ਹੈ। ਐੱਨ. ਸੀ. ਆਰ.ਬੀ. ਦੇ ਅੰਕੜਿਆਂ ਨਾਲ ਵੱਡੀ ਸਮੱਸਿਆ ਇਹ ਹੈ ਕਿ ਇਹ ਪੁਲੀਸ ਰਿਕਾਰਡਾਂ ਤੋਂ ਇਕੱਠੇ ਕੀਤੇ ਜਾਂਦੇ ਹਨ, ਇਹ ਸਿਰਫ਼ ਉਨ੍ਹਾਂ ਮਾਮਲਿਆਂ ਨੂੰ ਵਿਚਾਰਦੇ ਹਨ ਜਿਨ੍ਹਾਂ ਵਿੱਚ ਐੱਫ.ਆਈ.ਆਰ ਦਰਜ ਕੀਤੀ ਗਈ ਹੋਵੇ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਕੇਸਾਂ ਨੂੰ ਬਾਹਰ ਕੱਢ ਦਿੰਦਾ ਹੈ ਜੋ ਪੁਲੀਸ ਰਿਕਾਰਡ ਵਿੱਚ ਨਹੀਂ ਸਨ। ਕੇਸ ਦਰਜ ਨਾ ਹੋਣ ਦੇ ਬਹੁਤ ਸਾਰੇ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਕਾਰਨ ਹਨ, ਉਹ ਐੱਨ.ਸੀ.ਆਰ.ਬੀ. ਦੇ ਕਿਸੇ ਵੀ ਵਿਸ਼ਲੇਸ਼ਣ ਅਧੀਨ ਨਹੀਂ ਆਉਂਦੇ ਹਨ।

ਸਮਾਜ ਸ਼ਾਸਤਰੀ ਐਮਿਲ ਡਰਖਾਈਮ ਦੀ ਮਸ਼ਹੂਰ ਰਚਨਾ "ਸੁਸਾਈਡਃ ਏ ਸਟੱਡੀ ਇਨ ਸੋਸ਼ਿਓਲੋਜੀ, 1897" ਵਿੱਚ ਪਹਿਲੀ ਵਾਰ ਸਿਧਾਂਤਕ ਤੌਰ 'ਤੇ ਇਹ ਮੰਨਿਆ ਗਿਆ ਕਿ ਖ਼ੁਦਕੁਸ਼ੀ ਸਿਰਫ਼ ਇੱਕ ਮਨੋਵਿਗਿਆਨਕ ਵਰਤਾਰਾ ਨਹੀਂ ਹੈ; ਇਸ ਦੀ ਬਜਾਏ, ਇਹ ਇੱਕ ਸਮਾਜਿਕ ਵਰਤਾਰਾ ਵੀ ਹੈ। ਉਸ ਅਨੁਸਾਰ ਖ਼ੁਦਕੁਸ਼ੀ ਇਸ ਗੱਲ ਦਾ ਨਤੀਜਾ ਹੈ ਕਿ ਵਿਅਕਤੀ ਨੂੰ ਸਮਾਜ ਕਿੰਨਾ ਜ਼ਿਆਦਾ ਜਾ ਘੱਟ ਸਥਾਨ ਦਿੰਦਾ ਹੈ। ਜਰਮਨ ਦਾਰਸ਼ਨਿਕ ਕਾਰਲ ਮਾਰਕਸ ਨੇ ਵੀ ਆਪਣੀ ਰਚਨਾ 'ਆਰਥਿਕ ਅਤੇ ਫ਼ਿਲਾਸਫ਼ੀਕਲ ਖਰੜੇ, 1844' ਵਿੱਚ 'ਬੇਗਾਨਗੀ' ਦੇ ਸੰਕਲਪ ਦੀ ਵਿਆਖਿਆ ਕਰਦੇ ਹੋਏ ਮਨੁੱਖ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਥਿਤੀਆਂ 'ਤੇ ਵੀ ਜ਼ੋਰ ਦਿੱਤਾ, ਜੋ ਮਨੁੱਖ ਦੀ ਮਾਨਸਿਕ ਸਿਹਤ ਅਤੇ ਸਮਾਜਿਕ ਤੰਦਰੁਸਤੀ ਨੂੰ ਨਿਰਧਾਰਤ ਕਰਦੀਆਂ ਹਨ। ਉਸ ਅਨੁਸਾਰ ਪੂੰਜੀਵਾਦ ਦੇ ਅੰਨ੍ਹੇ 'ਵਿਕਾਸ' ਵਿੱਚ ਮਨੁੱਖ ਜਿਸ ਕੰਮ ਵਿੱਚ ਲੱਗੇ ਹੋਏ ਹਨ, ਉਸ ਕੰਮ ਨੂੰ ਕਰਨ ਦੀ ਪ੍ਰਕਿਰਿਆ ਅਤੇ ਕੰਮ ਕਰ ਰਹੇ ਨਾਲ ਦੇ ਵਿਅਕਤੀਆਂ ਨਾਲ ਹੀ ਮਨੁੱਖ ਦਾ ਮਾਨਸਿਕ ਰਿਸ਼ਤਾ ਟੁੱਟ ਜਾਂਦਾ ਹੈ ਅਤੇ ਉਸ ਨੂੰ ਜ਼ਿੰਦਗੀ ਜਿਉਣ ਦਾ ਕੋਈ ਮਕਸਦ ਨਜ਼ਰ ਨਹੀਂ ਆਉਂਦਾ।

ਖੋਜਕਾਰ ਜੋਅਨਾ ਮੌਨਕਰੀਫ ਕਹਿੰਦੀ ਹੈ, "ਅਖੌਤੀ ਮਾਨਸਿਕ ਸਿਹਤ ਸਮੱਸਿਆਵਾਂ ਦੇ ਡਾਕਟਰੀਕਰਨ ਨੂੰ ਅਸਵੀਕਾਰ ਕਰਨਾ ਪੂੰਜੀਵਾਦ ਦੀਆਂ ਕੁੱਝ ਬੁਨਿਆਦੀ ਵਿਰੋਧਤਾਈਆਂ ਨੂੰ ਉਜਾਗਰ ਕਰਨ ਤੇ ਰਾਜਨੀਤਿਕ ਤਬਦੀਲੀ ਦੇ ਆਧਾਰ ਬਣਾਉਣ ਲਈ ਜ਼ਰੂਰੀ ਹੈ।" ਇਹ ਬਿਆਨ ਸੰਖੇਪ ਵਿੱਚ ਦੱਸਦਾ ਹੈ ਕਿ ਖ਼ੁਦਕੁਸ਼ੀ ਦੇ ਸਿਰਫ਼ ਮਨੋਵਿਗਿਆਨਕ ਪਹਿਲੂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਰੋਕਥਾਮ ਅਤੇ ਪ੍ਰਮੋਟਿਵ ਸਿਹਤ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਖ਼ੁਦਕੁਸ਼ੀ ਦੇ ਪੀੜਤ ਵਿਅਕਤੀ ਨੂੰ ਹੀ ਮਾਨਸਿਕ ਰੂਪ ਨਾਲ ਕਮਜ਼ੋਰ ਕਹਿ ਦੇਣਾ ਅਤੇ ਖ਼ੁਦਕੁਸ਼ੀ ਦੇ ਪੂਰੇ ਮਹਾਮਾਰੀ ਵਿਗਿਆਨ ਨੂੰ ਨਾ ਸਮਝਣਾ ਇੱਕ ਵੱਡਾ ਕਾਰਨ ਹੈ ਕਿ ਖ਼ੁਦਕੁਸ਼ੀਆਂ ਰੁਕਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ। ਖ਼ੁਦਕੁਸ਼ੀ ਜੀਵ-ਵਿਗਿਆਨਕ, ਜੈਨੇਟਿਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਨਕ ਕਾਰਕਾਂ ਦੇ ਇੱਕ ਗੁੰਝਲਦਾਰ ਪਰਸਪਰ ਪ੍ਰਭਾਵ ਦੇ ਨਤੀਜੇ ਵਜੋਂ ਵੀ ਹੁੰਦੀ ਹੈ।

ਸਮੁੱਚੀ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਸਥਿਤੀ ਸਿਹਤ ਅਤੇ ਹੋਰ ਪੇਸ਼ਿਆਂ ਦੀਆਂ ਨੀਤੀਆਂ ਨੂੰ ਨਿਰਧਾਰਤ ਕਰਦੀ ਹੈ। ਇਸ ਦਾ ਉਦੇਸ਼ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵੱਲ ਹੋਣਾ ਚਾਹੀਦਾ ਹੈ, ਜਿੱਥੇ ਕੋਈ ਵਿਅਕਤੀ ਵਧੀਆ ਤੇ ਲਾਭਕਾਰੀ ਮਹਿਸੂਸ ਕਰ ਸਕਦਾ ਹੈ ਅਤੇ ਤੰਦਰੁਸਤੀ ਦਾ ਆਨੰਦ ਮਾਣ ਸਕਦਾ ਹੈ। "ਚੰਗੀ ਸਿਹਤ ਅਤੇ ਤੰਦਰੁਸਤੀ" ਦੇ ਤੀਜੇ ਟਿਕਾਊ ਵਿਕਾਸ ਟੀਚੇ ਅਤੇ ਡਬਲਯੂ.ਐੱਚ.ਓ. ਅਨੁਸਾਰ ਸਿਹਤ "ਨਾ ਸਿਰਫ਼ ਬਿਮਾਰੀ ਜਾਂ ਕਮਜ਼ੋਰੀ ਦੀ ਅਣਹੋਂਦ ਹੈ ਬਲਕਿ ਸੰਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ ਨੂੰ ਸਾਕਾਰ ਕਰਨ ਵਿੱਚ ਖ਼ੁਦਕੁਸ਼ੀਆਂ ਨੂੰ ਰੋਕਣਾ ਬਹੁਤ ਜ਼ਰੂਰੀ ਹੈ।"

ਖੋਜਾਰਥੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ
harinderhappy.jnu@gmail.com

ਸੁਸਾਇਟੀ ਸਹਾਇਤਾ:

1. ਸੁਰਿੰਦਰ ਕੌਰ ਪਤਨੀ ਦਲਬੀਰ ਕਟਾਣੀ ਜੀ (ਆਪਣੇ ਪਿਤਾ ਹਰਚੇਤਨ ਸਿੰਘ ਜੀ ਦੀ ਯਾਦ 'ਚ) 5000
2. ਸੁਖਦੀਪ ਸਿੰਘ, ਕੈਨੇਡਾ 1000

ਵੈਨ ਸਹਾਇਤਾ

ਮਲਕੀਤ ਸਿੰਘ 500

ਚੇਤਨਾ ਪਰਖ ਪ੍ਰੀਖਿਆ

1. ਨਿਰਮਲ ਸਿੰਘ, ਸੋਨੂੰ ਕਿਚਨ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ 5000
2. ਗੁਰਚਰਨ ਸਿੰਘ, ਰਿਸ਼ੀ ਕਲਾਥ ਹਾਊਸ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ 5000

ਸੁਸਾਇਟੀ ਸਹਾਇਤਾ


ਬਲਵਿੰਦਰ ਸਿੰਘ ਗੁਰੂਸਰ (ਮੈਂਬਰ ਇਕਾਈ ਗਿੱਦੜਬਾਹਾ) ਦੀ ਯਾਦ ਵਿੱਚ ਪਰਿਵਾਰ (ਜੀਵਨ ਸਾਥਣ ਮਨਪ੍ਰੀਤ ਕੌਰ, ਪੁੱਤਰ ਅਕਾਸ਼ਦੀਪ ਸਿੰਘ ਵੱਲੋਂ) 2,000

ਸਰੀਰ-ਵਿਗਿਆਨ

ਮਨੁੱਖੀ ਜਿਸਮ ਦੀ ਰੋਗ ਪ੍ਰਤੀਰੋਧੀ ਸੁਰੱਖਿਆ ਛਤਰੀ

(Immunity)

ਯਸ਼ ਪਾਲ



ਮੁੱਢਲੀ ਕਿਲ੍ਹੇਬੰਦੀ ਤੇ ਨਾਕਾਬੰਦੀਆਂ
ਜੰਗੀ ਹਥਿਆਰ ਤੇ ਗੋਲਾ-ਬਾਰੂਦ

ਕੋਈ ਫੌਜ ਭਾਵੇਂ ਕਿੰਨੀ ਵੀ ਸਾਜੋ-ਸਮਾਨ ਨਾਲ ਲੈਸ ਤੇ ਟਰੇਂਡ ਕਿਉਂ ਨਾ ਹੋਵੇ, ਉਹ ਆਪਣੇ ਮੁਲਕ ਦੀ ਓਨਾ ਚਿਰ ਆਸਾਨੀ ਨਾਲ ਰੱਖਿਆ ਨਹੀਂ ਕਰ ਸਕਦੀ ਜਿਨਾਂ ਚਿਰ ਦੁਸ਼ਮਣ ਨੂੰ ਮੌਜ ਨਾਲ ਹੀ ਘੁਸਪੈਠ ਕਰਨ ਤੋਂ ਰੋਕਣ ਲਈ ਮੁਢਲੀ ਕਿਲ੍ਹੇਬੰਦੀ ਨਹੀਂ ਹੋਵੇਗੀ। ਕੁਦਰਤ ਵੀ ਇਸ ਤੋਂ ਭਲੀ-ਭਾਂਤ ਜਾਣੂ ਹੈ। ਇਸ ਲਈ ਉਸ ਨੇ ਮਨੁੱਖੀ ਜਿਸਮ ਨੂੰ ਵੀ ਅਜਿਹੀ ਸੁਰੱਖਿਆ ਨਾਕਾ-ਬੰਦੀ ਬਖਸ਼ੀ ਹੋਈ ਹੈ। ਦੁਸ਼ਮਣ ਵੱਲੋਂ ਇਸ ਨਾਕਾਬੰਦੀ ਨੂੰ ਤੋੜਨ 'ਚ ਕਾਮਯਾਬ ਹੋਣ ਦੀ ਸੂਰਤ 'ਚ ਹੀ ਫੌਜੀ ਟੁਕੜੀਆਂ ਦੁਸ਼ਮਣ ਨਾਲ ਦਸਤ-ਪੰਜਾ ਲੈਣਾ ਸ਼ੁਰੂ ਕਰਦੀਆਂ ਹਨ। ਇਨ੍ਹਾਂ ਨਾਕਾਬੰਦੀਆਂ ਵਿੱਚੋਂ ਸਭ ਤੋਂ ਪ੍ਰਮੁੱਖ ਅਗਲੇਰੀ ਨਾਕਾਬੰਦੀ ਹੈ-ਸਾਡੀ ਚਮੜੀ। ਇਹ ਜਲ-ਰੋਧੀ ਹੋਣ ਕਰਕੇ, ਬਹੁਤੇ ਘੁਸਪੈਠੀਏ ਤਾਂ ਅੰਦਰ ਹੀ ਨਹੀਂ ਵੜ੍ਹ ਸਕਦੇ। ਇਸ ਤੋਂ ਬਿਨ੍ਹਾਂ, ਚਮੜੀ ਕੁੱਝ ਖਾਸ ਵੰਨਗੀ ਦੇ ਚਿਕਨਾਈ-ਯੁਕਤ ਤੇਜਾਬ (Fatty Acid) ਪੈਦਾ ਕਰਦੀ ਹੈ ਜਿਹੜੇ ਬਹੁਤ ਸਾਰੇ ਸੂਖਮ ਜੀਵਾਣੂਆਂ ਲਈ ਜਹਿਰੀਲੇ ਹੁੰਦੇ ਹਨ।

ਬਿਨ੍ਹਾਂ ਸ਼ੱਕ, ਸਾਡੇ ਜਿਸਮ ਦੇ ਕਈ ਖੇਤਰ ਅਜਿਹੇ ਵੀ ਹਨ ਜਿਹੜੇ ਚਮੜੀ ਰਾਹੀਂ ਨਹੀਂ ਢਕੇ ਹੁੰਦੇ, ਜਿਵੇਂ ਅੱਖਾਂ, ਮੂੰਹ, ਅੰਦਰਲੇ ਕੰਨ। ਇਸੇ ਤਰ੍ਹਾਂ ਫੇਫੜੇ ਅਤੇ ਆਂਤੜੀ-ਮਾਰਗ ਖੁੱਲ੍ਹੇ ਹੀ ਹੁੰਦੇ ਹਨ ਤੇ ਹਮਲਾਵਰ ਰੋਗਾਣੂਆਂ ਦੀ ਮਾਰ ਹੇਠ ਹੁੰਦੇ ਹਨ। ਇਸ ਨੂੰ ਧਿਆਨ 'ਚ ਰੱਖਦਿਆਂ, ਕੁਦਰਤ ਨੇ ਇਨ੍ਹਾਂ ਅੰਗਾਂ ਲਈ ਇੱਕ ਬਦਲਵੀਂ ਸੁਰੱਖਿਆ ਦਾ ਜੁਗਾੜ ਕੀਤਾ ਹੋਇਆ ਹੈ। ਅੱਖਾਂ ਦੇ ਹੰਝੂ, ਮੂੰਹ ਦੀ ਲਾਰ ਜਾਂ ਅਜਿਹੇ ਹੋਰ ਸਰੀਰਕ ਰਿਸਾਵਾਂ ਅੰਦਰ (ਜਿਹੜੇ ਇਨ੍ਹਾਂ ਵਿੱਚੋਂ ਕੁੱਝ ਅੰਗਾਂ ਨੂੰ ਗਿੱਲਾ ਰੱਖਦੇ ਹਨ) ਇੱਕ ਵਿਸੇਸ ਪਦਾਰਥ ਲਾਈਸੋਜਾਈਮ (Lysozyme) ਨਾਂ ਦਾ ਐਂਜਾਈਮ ਹੁੰਦਾ ਹੈ। ਇਹ ਐਂਜਾਈਮ ਕੁੱਝ ਜੀਵਾਣੂਆਂ (Bacteria) ਦੇ ਬਾਹਰਲੇ ਖੋਲ ਦੇ ਅਣੂਆਂ ਨੂੰ ਤੋੜਣ ਦੇ ਸਮਰੱਥ ਹੁੰਦਾ ਹੈ ਜਿਸ ਕਾਰਨ ਇਹ ਜੀਵਾਣੂ ਮਰ ਜਾਂਦੇ ਹਨ।

* ਕੁਦਰਤ ਵੱਲੋਂ ਘੁਸਪੈਠੀਆਂ ਨਾਲ ਨਿਪਟਣ ਲਈ ਹੋਰ ਵੀ ਜੁਗਤਾਂ ਘੜੀਆਂ ਹੋਈਆਂ ਹਨ। ਮਿਸਾਲ ਦੇ ਤੌਰ 'ਤੇ, ਨੱਕ ਅਤੇ ਨਾਸਾਂ ਅੰਦਰਲੀ ਲੇਸ (Mucus) ਜੀਵਾਣੂਆਂ ਨੂੰ ਨਿੱਸਲ ਕਰਕੇ ਜਕੜ ਸਕਦੀ ਹੈ। ਇਹ ਜੀਵਾਣੂਆਂ ਨੂੰ ਧੁਰ ਅੰਦਰ ਤੰਤੂਆਂ ਤੱਕ ਡੂੰਘੇ ਜਾਣ ਤੋਂ ਵੀ ਰੋਕਦੀ ਹੈ। ਨਾਸਾਂ ਅੰਦਰ ਵਾਲਾਂ ਦੀ ਬਣੀ ਹੋਈ ਨਿੱਕੀ ਜਿਹੀ ਝਾਲਰ, ਇਸ ਲੇਸ ਨੂੰ ਗਲੇ ਤੱਕ ਭੇਜ ਦਿੰਦੀ ਹੈ ਜਿਹੜੀ ਨਿਗਲਣ ਕਿਰਿਆ ਰਾਹੀਂ ਮਿਹਦੇ 'ਚ ਪਹੁੰਚ ਜਾਂਦੀ ਹੈ। ਪਾਚਨ ਕਿਰਿਆ 'ਚ ਮੱਦਦ ਕਰਨ ਲਈ ਜਿਹੜਾ ਤੇਜਾਬ ਲਗਾਤਾਰ ਮਿਹਦੇ 'ਚ ਰਿਸਦਾ ਰਹਿੰਦਾ ਹੈ, ਉਹ ਉਨ੍ਹਾਂ ਵਿੱਚੋਂ ਬਹੁਤੇ ਜੀਵਾਣੂਆਂ ਨੂੰ ਮਾਰ ਦਿੰਦਾ ਹੈ ਜਿਹੜੇ ਜਾਣੇ-ਅਣਜਾਣੇ ਇੱਥੇ ਪਹੁੰਚ ਜਾਂਦੇ ਹਨ।

* ਕੁਦਰਤ ਇਸ ਕਹਾਵਤ 'ਤੇ ਅਮਲ ਕਰਦੀ ਹੈ ਕਿ 'ਲੋਹੇ ਨੂੰ ਲੋਹਾ ਹੀ ਕੱਟਦਾ ਹੈ।' ਕੁਦਰਤ ਦੇ ਇਸ ਜੁਗਾੜ ਰਾਹੀਂ, ਬਹੁਤ ਸਾਰੇ ਜੀਵਾਣੂ ਜਿਹੜੇ ਸਾਡੇ ਮਿਹਦੇ ਦੇ ਪੱਕੇ ਬਾਸ਼ਿੰਦੇ ਹਨ ਤੇ ਪਾਚਨ ਕਿਰਿਆ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ, ਉਹ ਅੰਦਰਲੇ ਸਾਰੇ ਖੂੰਜਾਂ-ਖਰਲਿਆਂ 'ਤੇ ਕਾਬਜ ਹੋ ਕੇ ਡੇਰਾ ਲਾ ਲੈਂਦੇ ਹਨ। ਘੁਸਪੈਠੀਆਂ ਨੂੰ ਪੈਰ ਵੀ ਅੰਦਰ ਨਹੀਂ ਪਾਉਣ ਦਿੰਦੇ। ਅਜਿਹੇ ਹੀ ਮਿੱਤਰ ਜੀਵਾਣੂ ਚਮੜੀ ਉੱਪਰ ਵੀ ਅਤੇ ਯੋਨੀ ਅੰਦਰ ਵੀ ਰਹਿੰਦੇ ਹਨ। ਬਾਅਦ 'ਚ ਉਹ, ਕਾਰਬੋਹਾਈਡਰੇਟਾਂ ਨੂੰ ਖਾ ਕੇ 'ਲੈਕਟਿਕ ਐਸਿਡ' ਪੈਦਾ ਕਰਦੇ ਹਨ। ਇਉਂ ਬਹੁਤ ਸਾਰੇ ਜੀਵਾਣੂਆਂ, ਵਿਸ਼ਾਣੂਆਂ ਤੇ ਉੱਲੀਆਂ ਲਈ ਮਾਹੌਲ ਪ੍ਰਤੀਕੂਲ ਬਣ ਜਾਂਦਾ ਹੈ।

ਮਜਬੂਤ ਪ੍ਰਤੀਰੋਧ ਪ੍ਰਣਾਲੀ - ਇੱਕ ਕਾਰਗਰ ਸੁਰੱਖਿਆ ਪ੍ਰਬੰਧ

ਅਕਸਰ ਹੀ, ਘੁਸਪੈਠੀਏ ਨੂੰ ਹੋਰ ਅੱਗੇ ਘੁਸਣ ਤੋਂ ਰੋਕ ਲਿਆ ਜਾਂਦਾ ਹੈ। ਫਿਰ ਵੀ ਉਸ ਨੂੰ ਆਪਣੇ ਇਲਾਕੇ 'ਚੋਂ ਪੂਰੀ ਤਰ੍ਹਾਂ ਬਾਹਰ ਧਕੇਲਣਾ ਹੋਰ ਵੀ ਲਾਹੇਵੰਦ ਹੁੰਦਾ ਹੈ। ਪਰ ਜੇ ਦੁਸ਼ਮਣ ਦਾ ਕੋਈ ਏਜੰਟ ਇਸ ਚੌਕਸ ਸਰਹੱਦੀ ਸੁਰੱਖਿਆ ਫੌਜ ਨੂੰ ਚਕਮਾ ਦੇਣ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਉਸ ਨੂੰ ਮਜਬੂਤ ਸੁਰੱਖਿਆ ਪ੍ਰਣਾਲੀ ਨਾਲ ਭਿੜਣਾ ਪੈਂਦਾ ਹੈ ਜਿਸ ਨੂੰ ਵਿਗਿਆਨੀਆਂ ਦੀ ਭਾਸ਼ਾ 'ਚ ਪ੍ਰਤੀਰੋਧੀ ਸੁਰੱਖਿਆ ਪ੍ਰਣਾਲੀ (Immune System) ਕਿਹਾ ਜਾਂਦਾ ਹੈ।

ਕਿਸੇ ਵੀ ਹਮਲੇ ਪ੍ਰਤੀ ਸੁਰੱਖਿਆ ਢਾਂਚੇ ਦੇ ਜਵਾਬੀ ਪ੍ਰਤੀਕਰਮ ਨੂੰ 'ਸੁਰੱਖਿਆ ਪ੍ਰਤੀਰੋਧੀ ਪ੍ਰਤੀਕਰਮ' (Immune Response) ਕਿਹਾ ਜਾਂਦਾ ਹੈ। ਇਸ 'ਚ ਸ਼ਾਮਲ ਹੈ-ਘੁਸਪੈਠ

ਕਰਨ ਵਾਲੇ ਦੀ ਪਹਿਚਾਣ ਕਰਨੀ, ਭਿੰਨ-ਭਿੰਨ ਕਮਾਂਡ ਕੇਂਦਰਾਂ ਨੂੰ ਚੌਕਸ ਕਰਨਾ, ਦੁਸ਼ਮਣ ਵਿਰੁੱਧ ਵਿਆਪਕ ਜੰਗ ਛੇੜਣਾ, ਮਲਬੇ ਦੀ ਸਫ਼ਾਈ ਕਰਨੀ। ਨਾਲ ਦੀ ਨਾਲ, ਤੰਤੂਆਂ ਦੀ ਹੋਈ ਟੁੱਟ-ਭੱਜ ਦੀ ਮੁਰੰਮਤ ਤੇ ਪੁਨਰ-ਉਸਾਰੀ ਕਰਨੀ।

ਕਿਸੇ ਵੀ ਆਧੁਨਿਕ ਲੜਾਕੂ ਫੌਜ ਵਾਂਗ, ਸਾਡੇ ਜਿਸਮ ਦੀ ਫੌਜ ਵੀ ਕੇਵਲ ਇੱਕੋ ਰਣਨੀਤੀ ਜਾਂ ਇੱਕੋ-ਇੱਕ ਹਥਿਆਰ 'ਤੇ ਹੀ ਨਿਰਭਰ ਨਹੀਂ ਰਹਿੰਦੀ। ਇਸ ਨੇ ਮੁੱਖ ਦੋ ਵੰਨਗੀਆਂ ਦੇ ਹਥਿਆਰਾਂ ਦੀ ਜੁਗਤ ਬਣਾਈ ਹੋਈ ਹੈ। ਕੋਸ਼ਕਾਈ ਸੁਰੱਖਿਆ ਪ੍ਰਤੀਰੋਧੀ ਪ੍ਰਤੀਕ੍ਰਮ (Cellular Immune Response) ਤੇ ਰਸਾਇਣੀ ਸੁਰੱਖਿਆ ਪ੍ਰਤੀਰੋਧੀ ਪ੍ਰਤੀਕ੍ਰਮ (Humoral Response)

* ਪਹਿਲੀ ਪ੍ਰਤੀਕ੍ਰਿਆ ਟੈਂਕ ਬ੍ਰਿਗੇਡ ਦੁਆਰਾ ਕੀਤੇ ਜਾਣ ਵਾਲੇ ਤਿੱਖੇ ਤੇ ਭਾਰੀ ਹਮਲੇ ਨਾਲ ਮਿਲਦੀ ਜੁਲਦੀ ਹੈ। ਇਸ ਵਿੱਚ ਮਾਰੂ ਟੀ ਸੈਲ (Tc) ਖੁਦ ਦੁਸ਼ਮਣ ਦੀਆਂ ਸਫਾਂ ਤੱਕ ਮਾਰਚ ਕਰ ਕੇ ਉਨ੍ਹਾਂ ਦਾ ਖਾਤਮਾ ਕਰਦੇ ਹਨ। ਜਦ ਕਿ ਦੂਸਰੀ ਰਸਾਇਣੀ ਪ੍ਰਤਿਰੋਧ ਪ੍ਰਤੀਕ੍ਰਿਆ ਦਾ ਵਿਲੱਖਣ ਲੱਛਣ ਹੈ, ਐਨ ਢੁਕਵੇਂ ਨਿਸ਼ਾਨਾ-ਸੇਧਤ ਰੋਗਾਣੂ-ਨਾਸਕ ਅਣੂ (Antibody) ਦਾ ਨਿਰਮਾਣ ਕਰਨਾ। ਇਹ ਐਂਟੀਬਾਡੀ ਅਣੂ ਬੀ ਸੈਲ (B) ਦੀ ਇੱਕ ਵੰਨਗੀ ਵੱਲੋਂ ਸਹਿਯੋਗੀ ਟੀ ਸੈੱਲਾਂ (Th) ਦੇ ਸਹਿਯੋਗੀ ਯਤਨਾਂ ਰਾਹੀਂ ਪੈਦਾ ਕੀਤਾ ਜਾਂਦਾ ਹੈ। ਫਿਰ ਇਸ ਨੂੰ ਖੂਨ ਦੇ ਵਹਾ ਅੰਦਰ ਠੇਲ੍ਹ ਦਿੱਤਾ ਜਾਂਦਾ ਹੈ। ਤੇ ਇਹ ਦੁਸ਼ਮਣ ਦੀ ਭਾਲ 'ਚ ਜੁੱਟ ਜਾਂਦਾ ਹੈ, ਆਖਿਰ ਉਸ ਨੂੰ ਮਾਰ-ਮੁਕਾ ਕੇ ਹੀ ਦਮ ਲੈਂਦਾ ਹੈ। ਬਿਨ੍ਹਾਂ ਸ਼ੱਕ, ਇਨ੍ਹਾਂ ਵਿੱਚੋਂ ਲੋੜ ਮੁਤਾਬਕ ਢੁਕਵੀਂ ਰਣਨੀਤੀ ਅਪਣਾ ਲਈ ਜਾਂਦੀ ਹੈ।

ਐਂਟੀਬਾਡੀ ਮਿਜ਼ਾਈਲ-ਦੁਸ਼ਮਣ ਲਈ ਮਾਰੂ ਹਥਿਆਰ

* ਆਖਿਰਕਾਰ, ਜਿਹੜਾ ਵੀ ਹਮਲਾ ਕਰਨਾ ਮਿਥਿਆ ਜਾਂਦਾ ਹੈ ਉਸ ਦੀਆਂ ਤਿਆਰੀਆਂ ਪੁਖਤਾ ਤੇ ਭਰੋਸੇਯੋਗ ਹੁੰਦੀਆਂ ਹਨ। ਜਿਉਂ ਹੀ ਕੋਈ ਓਪਰਾ ਜੀਵਾਣੂ ਦਾਖਲ ਹੁੰਦਾ ਹੈ, ਉਸ ਨੂੰ ਵੱਡ ਆਕਾਰੀ ਮਾਸਖੋਰੇ ਕਣ 'ਮੈਰਰੋਫੈਗਜ' ਜਾਂ ਕੁੱਝ ਹੋਰ ਸੈੱਲਾਂ ਦੁਆਰਾ ਘੇਰ ਲਿਆ ਜਾਂਦਾ ਹੈ ਜਿਨ੍ਹਾਂ ਦਾ ਕਾਰਜ ਘੁਸਪੈਠੀਏ ਦੇ ਪਛਾਣ-ਪੱਤਰ (Antigenic Passport) ਦੀ ਪੜਤਾਲ ਕਰਨਾ ਹੁੰਦਾ ਹੈ। ਫਿਰ ਇਹ ਨਿਗਰਾਨ ਸੈੱਲ ਇਹ ਪਛਾਣ-ਪੱਤਰ ਫੀਤੀ (Identity Card) ਸਹਾਇਕ ਟੀ ਸੈੱਲਾਂ (Th) ਨੂੰ ਦਿਖਾਉਂਦੇ ਹਨ। ਨਾਲੋ-ਨਾਲ ਉਹ, ਸਹਾਇਕ ਟੀ ਸੈੱਲਾਂ ਨੂੰ ਆਪਣਾ ਪਛਾਣ-ਪੱਤਰ ਵੀ ਇੱਕ ਪ੍ਰੋਟੀਨ ਅਣੂ ਰਾਹੀਂ ਦਿਖਾਉਂਦੇ ਹਨ।

* ਇਸ ਨਾਲ ਸਹਾਇਕ ਟੀ ਸੈੱਲਾਂ ਨੂੰ ਨਾ ਸਿਰਫ ਇਹ ਤਸੱਲੀ ਹੋ ਜਾਂਦੀ ਹੈ ਕਿ ਫੀਤੀ ਦਿਖਾਉਣ ਵਾਲਾ ਨਿਗਰਾਨ ਸੈਲ ਅਸਲੀ ਪਹਿਰੇਦਾਰ ਹੀ ਹੈ, ਕੋਈ ਫਰੇਬੀ ਸੂਹੀਆ ਨਹੀਂ ਹੈ ਸਗੋਂ ਇਹ ਯਕੀਨੀ ਬਣਾਉਣ ਲਈ ਦੋਹਾਂ ਪਛਾਣ-ਪੱਤਰਾਂ ਦੀ ਮਿਲਾਣ-ਜਾਂਚ ਵੀ ਹੋ ਜਾਂਦੀ ਹੈ ਕਿ ਦਾਖਲ ਹੋਣ ਵਾਲਾ ਕੋਈ ਘੁਸਪੈਠੀਆ ਹੀ ਹੈ। ਇਹ ਵਿਧੀ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਜੋਸ਼ੀਲੇ ਸਹਾਇਕ ਟੀ ਸੈੱਲ ਗਲਤੀ ਨਾਲ ਵੀ ਕਿਤੇ ਆਪਣਿਆਂ ਵਿਰੁੱਧ ਹੀ ਨਾ ਜੰਗ ਛੇੜ ਦੇਣ।

* ਬਾਹਰਲੇ ਦੁਸ਼ਮਣ ਏਜੰਟ ਨੂੰ ਪਹਿਚਾਣਦੇ ਸਾਰ ਹੀ, ਸਹਾਇਕ ਟੀ ਸੈੱਲਾਂ ਨੂੰ ਸੰਤਰੀ ਪਹਿਰੇਦਾਰਾਂ ਵੱਲੋਂ ਇੱਕ ਰਸਾਇਣਿਕ ਸੰਦੇਸ਼ ਮਿਲਦਾ ਹੈ। ਇਹ ਸੰਦੇਸ਼ ਸਹਾਇਕ ਟੀ ਸੈੱਲਾਂ ਨੂੰ, ਵੰਡ-ਵਿਧੀ ਰਾਹੀਂ ਆਪਣੀ ਤਾਦਾਦ ਵਧਾਉਣ ਲਈ ਉਕਸਾਉਂਦਾ ਹੈ। ਸਰਗਰਮ ਹੋਏ ਇਹ ਸਹਾਇਕ ਟੀ ਸੈੱਲ ਲੋੜੀਂਦੇ ਢੁਕਵੇਂ ਹਥਿਆਰ ਬਣਾਉਣ ਵਾਲੇ ਕਾਰਖਾਨਿਆਂ, ਬੀ ਸੈੱਲਾਂ ਦੀ ਭਾਲ 'ਚ ਨਿਕਲ ਪੈਂਦੇ ਹਨ।

* ਉੱਥੇ ਪਹਿਲਾਂ ਹੀ ਅਨੇਕਾਂ ਵੰਨਗੀਆਂ ਦੇ ਕਾਰਖਾਨੇ ਮੌਜੂਦ ਹੁੰਦੇ ਹਨ। ਤੇ ਹਰ ਕਾਰਖਾਨਾ, ਹਰ ਵਿਸ਼ੇਸ਼ ਦੁਸ਼ਮਣ ਲਈ ਲੋੜੀਂਦੀ ਢੁਕਵੀਂ ਨਿਸ਼ਾਨਾ-ਸੇਧਤ ਮਿਜ਼ਾਈਲ ਬਣਾਉਣ ਦੇ ਸਮਰੱਥ ਹੁੰਦਾ ਹੈ। ਸਹਾਇਕ ਟੀ ਸੈੱਲਾਂ ਦੁਆਰਾ ਢੁਕਵੇਂ ਕਾਰਖਾਨੇ ਦੀ ਠੀਕ ਨਿਸ਼ਾਨਦੇਹੀ ਉਸੇ ਤਰ੍ਹਾਂ ਹੀ ਕਰ ਲਈ ਜਾਂਦੀ ਹੈ ਜਿਸ ਤਰ੍ਹਾਂ ਦੁਸ਼ਮਣ ਏਜੰਟ ਦੀ ਪਹਿਚਾਣ ਕੀਤੀ ਜਾਂਦੀ ਹੈ। ਸਹਾਇਕ ਟੀ ਸੈਲ, ਹਥਿਆਰ ਬਣਾਉਣ ਵਾਲੇ ਕਾਰਖਾਨਿਆਂ ਨੂੰ ਮੁੜ ਇੱਕ ਰਸਾਇਣਿਕ ਸੰਦੇਸ਼ ਦੇ ਰੂਪ 'ਚ ਫੌਰੀ ਹਰੀ ਝੰਡੀ ਦੇ ਦਿੰਦਾ ਹੈ। ਇਹ ਹਰੀ ਝੰਡੀ ਮਿਲਦਿਆਂ ਹੀ ਕੋਸ਼ਕਾਈ ਕਾਰਖਾਨੇ ਉਤੇਜਿਤ ਹੋ ਜਾਂਦੇ ਹਨ, ਪਹਿਲਾਂ ਇਨ੍ਹਾਂ ਨਿਰਮਾਣ ਯੂਨਿਟਾਂ ਦੀ ਪੂਰੀ ਫੌਜ ਖੜ੍ਹੀ ਕਰਨ ਖਾਤਰ ਆਪਣੇ ਆਪ ਦਾ ਵਾਧਾ ਕਰਨ ਲਈ ਤੇ ਫਿਰ ਜਿਹੜੀ ਹਰ ਯੂਨਿਟ ਦੁਸ਼ਮਣ ਨੂੰ ਢੂੰਡਣ ਲਈ ਐਨ ਢੁਕਵੀਂ ਐਂਟੀਬਾਡੀ ਮਿਜਾਈਲ ਬਣਾਉਂਦੀ ਹੈ।

ਇਹ 'ਐਂਟੀਬਾਡੀਜ' ਕੀ ਸ਼ੈਅ ਹਨ ?

* ਐਂਟੀਬਾਡੀਜ, ਗੋਲਾਕਾਰ ਪ੍ਰੋਟੀਨ ਅਣੂ (Molecules) ਹੁੰਦੇ ਹਨ। ਸਾਰੇ ਪ੍ਰੋਟੀਨਾਂ ਵਾਂਗ ਇਹ ਅਮੀਨੋ ਤੇਜਾਬਾਂ (Amino Acids) ਦੀਆਂ ਲੰਬੀਆਂ ਲੜੀਆਂ ਦੇ ਬਣੇ ਹੋਏ ਹੁੰਦੇ ਹਨ। ਭਿੰਨ ਭਿੰਨ ਆਕਾਰਾਂ ਜਾਂ ਸ਼ਕਲਾਂ ਵਾਲੇ ਮਣਕਿਆਂ ਦੀਆਂ ਲੜੀਆਂ ਨਾਲ ਮਿਲਦੇ-ਜੁਲਦੇ। ਹਰ ਅਣੂ ਅੰਦਰ ਅਜਿਹੀਆਂ ਲੜੀਆਂ ਦੇ ਦੋ ਜੋੜੇ ਹੁੰਦੇ ਹਨ। ਲੜੀਆਂ ਦਾ ਇੱਕ ਜੋੜਾ, ਜਿਸ ਦੇ ਦੋਵੇਂ ਭਾਗ ਹੂ-ਬ-ਹੂ ਇੱਕੋ ਜਿਹੇ ਹੁੰਦੇ ਹਨ, ਦੂਜੇ ਜੋੜੇ ਨਾਲੋਂ ਦੁੱਗਣਾ ਲੰਬਾ ਹੁੰਦਾ ਹੈ। ਇਸ ਲਈ

ਇਨ੍ਹਾਂ ਲੜੀਆਂ ਵਿੱਚੋਂ ਛੋਟੀਆਂ ਲੜੀਆਂ ਨੂੰ ਹਲਕੀਆਂ ਲੜੀਆਂ ਕਿਹਾ ਜਾਂਦਾ ਹੈ। ਇਨ੍ਹਾਂ ਅੰਦਰ ਲਗਭਗ 200 ਅਮੀਨੋ ਤੇਜਾਬ ਹੁੰਦੇ ਹਨ। ਵੱਡੀਆਂ ਲੜੀਆਂ ਨੂੰ ਭਾਰੀਆਂ ਲੜੀਆਂ ਕਿਹਾ ਜਾਂਦਾ ਹੈ ਜਿਹੜੀ ਹਰ ਇੱਕ 450 ਅਮੀਨੋ ਤੇਜਾਬਾਂ ਨਾਲ ਜੁੜ ਕੇ ਬਣੀ ਹੋਈ ਹੁੰਦੀ ਹੈ। ਹਰ ਹਲਕੀ ਲੜੀ, ਭਾਰੀ ਲੜੀ ਨਾਲ ਦੋ ਗੰਧਕ (Sulphar) ਦੇ ਪ੍ਰਮਾਣੂਆਂ (Atoms) ਵਿਚਕਾਰ ਬਣੇ ਪੁਲ ਰਾਹੀਂ ਜੁੜੀ ਹੁੰਦੀ ਹੈ। ਇਸੇ ਤਰ੍ਹਾਂ ਦੋ ਭਾਰੀਆਂ ਲੜੀਆਂ ਇੱਕ 'ਡਾਈਸਲਫਾਈਡ' ਦੇ ਪੁਲ ਰਾਹੀਂ ਆਪਸ ਵਿੱਚ ਜੁੜੀਆਂ ਹੁੰਦੀਆਂ ਹਨ। ਸਮੁੱਚਾ ਐਂਟੀਬਾਡੀ ਅਣੂ, ਅੰਗਰੇਜ਼ੀ ਦੇ ਵੱਡੇ ਅੱਖਰ Y ਵਾਂਗ ਦਿਸਦਾ ਹੈ ਜਾਂ ਸਗੋਂ ਕਹਿ ਲਓ ਗੁਲੇਲ ਵਾਂਗ। ਗੁਲੇਲ ਦੇ ਉਹ ਸਿਰੇ ਜਿੱਥੇ ਰਬੜ ਦਾ ਟੁਕੜਾ ਬੰਨ੍ਹਿਆ ਜਾਂਦਾ ਹੈ, ਸਰਗਰਮ ਕੇਂਦਰ ਹੁੰਦੇ ਹਨ। ਇਨ੍ਹਾਂ 'ਬਾਹਾਂ' ਨਾਲ ਹੀ ਐਂਟੀਬਾਡੀ ਮਿਜਾਈਲ, ਰੋਗਾਣੂ (Antigen) ਨੂੰ ਫੜ੍ਹ ਕੇ ਕੱਸ ਕੇ ਜਕੜ ਲੈਂਦਾ ਹੈ। ਦੋਹੇਂ ਲੜੀਆਂ, 'ਐਂਟੀਜਨ' ਨੂੰ ਕਾਬੂ ਕਰਨ 'ਚ ਹਿੱਸਾ ਲੈਂਦੀਆਂ ਹਨ।

* ਕਿਸੇ ਲੜੀ ਅੰਦਰ ਅਮੀਨੋ ਤੇਜਾਬਾਂ ਦੀ ਇੱਕ ਨਿਸਚਿਤ ਤਰਤੀਬ ਹੀ ਉਸਨੂੰ ਉਸਦਾ ਵਿਲੱਖਣ ਲੱਛਣ ਪ੍ਰਦਾਨ ਕਰਦੀ ਹੈ। ਕਿਉਂਕਿ ਹਰ ਲੜੀ ਅੰਦਰ ਅਜਿਹੀਆਂ ਅਨੇਕਾਂ ਹੀ ਤਰਤੀਬਾਂ ਹੁੰਦੀਆਂ ਹਨ। ਇਸੇ ਲਈ ਹਰ ਐਂਟੀਬਾਡੀ ਅਣੂ ਪਹਿਲਾਂ ਹੀ ਕਈ ਢੰਗਾਂ ਰਾਹੀਂ ਹੋਰਾਂ ਨਾਲੋਂ ਵੱਖਰਾ ਲੱਛਣ ਗ੍ਰਹਿਣ ਕਰ ਲੈਂਦਾ ਹੈ। ਪਰ ਇਨ੍ਹਾਂ ਅਣੂਆਂ ਦੀ ਰਚਨਾ ਨੂੰ ਵਧੇਰੇ ਨੇੜਿਓ ਦੇਖਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਐਂਟੀਬਾਡੀ ਕਿਵੇਂ ਆਪਣੇ ਆਪ'ਚ ਵਿਲੱਖਣ ਬਣ ਜਾਂਦਾ ਹੈ। ਬੀ ਸੈੱਲਾਂ ਵੱਲੋਂ ਇਨ੍ਹਾਂ ਮਿਜਾਈਲਾਂ ਨੂੰ ਖ਼ੂਨ ਦੇ ਵਹਾਅ ਅੰਦਰ ਦਾਗਿਆ ਜਾਂਦਾ ਹੈ। ਜਿਸ ਵਿੱਚੋਂ ਲੰਘਦੇ ਹੋਏ ਉਹ ਦੁਸ਼ਮਣ ਦੀ ਭਾਲ 'ਚ ਨਿੱਕਲ ਪੈਂਦੇ ਹਨ। ਦੁਸ਼ਮਣ ਨੂੰ ਲੱਭ ਕੇ ਉਸ ਨੂੰ ਕੱਸ ਕੇ ਸਿਕੰਜੇ ਵਾਂਗ ਜਕੜ ਲੈਂਦੇ ਹਨ ਜਿਸ ਵਿੱਚੋਂ ਛੁੱਟਣ ਦਾ ਕੋਈ ਰਾਹ ਨਹੀਂ ਬਚਦਾ।

ਸ਼ਾਤਰ ਦੁਸ਼ਮਣਾਂ ਦੇ ਸਫਾਏ ਲਈ ਟੈਂਕ ਕਮਾਂਡਰ ਦਸਤੇ

* ਕੱਝ ਦੁਸ਼ਮਣ ਵਧੇਰੇ ਸ਼ਾਤਰ ਹੁੰਦੇ ਹਨ। ਕਿਸੇ ਨਾ ਕਿਸੇ ਤਰ੍ਹਾਂ ਉਹ ਸਰਹੱਦੀ ਸੁਰੱਖਿਆ ਗਾਰਡਾਂ ਨੂੰ ਚਕਮਾ ਦੇ ਕੇ ਸਰੀਰ ਅੰਦਰ ਦਾਖਲ ਹੋਣ ਤੋਂ ਬਾਅਦ, ਕਿਸੇ ਗੈਰ-ਸ਼ੱਕੀ ਸੈਲ ਅੰਦਰ ਘੁਸ ਜਾਂਦੇ ਹਨ। ਉਸ ਨੂੰ ਆਪਣਾ ਨਿਵਾਸ ਬਣਾ ਕੇ, ਅਣਜਾਣਪੁਣੇ 'ਚ ਫਸੇ ਮੇਜਬਾਨ ਨੂੰ ਬੰਦੀ ਬਣਾ ਲੈਂਦੇ ਹਨ ਤੇ ਵਸੂਲੀ ਕਰਨੀ ਸ਼ੁਰੂ ਕਰ ਦਿੰਦੇ ਹਨ। ਉਸ ਬੇਬਸ ਮੇਜਬਾਨ ਨੂੰ ਉਸਦੇ ਖਾਣੇ-ਦਾਣੇ ਤੋਂ ਵਾਂਝਾ ਕਰ ਦਿੰਦੇ ਹਨ। ਸਗੋਂ ਆਪਣੇ ਆਪ ਨੂੰ ਜਿਉਂਦੇ ਰੱਖਣ ਲਈ ਉਸ ਦੀ ਖਾਧ-ਖ਼ੁਰਾਕ ਵਰਤਣ ਲੱਗ ਪੈਂਦੇ ਹਨ। ਵਿਸਾਣੂ (Virsus) ਅਜਿਹਾ ਹੀ ਵਿਵਹਾਰ ਕਰਦੇ ਹਨ ਤੇ ਵਧਦੇ ਫੁਲਦੇ ਹਨ। ਬਾਗੀ ਕੈਂਸਰ ਸੈੱਲ ਵੀ ਇਉਂ ਹੀ ਕਰਦੇ ਹਨ।

* ਪਰੰਤੂ ਮੇਜਬਾਨ ਸੈੱਲ ਆਪਣੇ ਸਿਰ 'ਤੇ (ਸੈੱਲ ਤਹਿ 'ਤੇ), ਘੁਸਪੈਠੀਏ ਦੀ ਪਛਾਣ-ਫੀਤੀ ਦਾ ਕੁੱਝ ਨਾ ਕੁੱਝ ਹਿੱਸਾ ਦਿਖਾਉਂਦਾ ਰਹਿੰਦਾ ਹੈ। ਇਹ ਸਹਾਇਕ ਟੀ ਸੈੱਲਾਂ (Th) ਨੂੰ ਚੌਕਸ ਕਰ ਦਿੰਦਾ ਹੈ, ਜਿਹੜੇ ਇਸ ਬਾਹਰਲੀ ਝੰਡੀ ਨੂੰ, ਮੇਜਬਾਨ ਦੀ ਆਪਣੀ ਝੰਡੀ (ਫੀਤੀ) ਦੇ ਨਾਲੋਂ-ਨਾਲ ਦੇਖਦੇ ਹਨ। ਐਂਟੀਬਾਡੀਜ ਦੇ ਨਿਸ਼ਾਨਾ ਸੇਧਤ ਮਿਜਾਈਲ, ਅਜਿਹੇ ਛਿਪੇ ਹੋਏ ਦੁਸ਼ਮਣਾਂ ਵਿਰੁੱਧ ਬਹੁਤੇ ਕਾਰਗਰ ਸਾਬਤ ਨਹੀਂ ਹੁੰਦੇ। ਇਸ ਲਈ ਸਾਡਾ ਜਿਸਮ, ਦੁਸ਼ਮਣ ਦੀਆਂ ਇਨ੍ਹਾਂ ਛਿਪਣਗਾਹਾਂ ਦਾ ਪਿੱਛਾ ਕਰਨ ਲਈ ਮਾਰੂ ਟੀ ਸੈਲਾਂ (Tc) ਦੇ ਟੈਂਕਾਂ ਨਾਲ ਲੈਸ ਕਮਾਂਡੋ ਦਸਤਿਆਂ ਨੂੰ ਭੇਜਦਾ ਹੈ।

*ਮਾਰੂ ਟੀ ਸੈੱਲਾਂ ਦੀਆਂ ਇਹ ਫੌਜਾਂ ਦੁਸ਼ਮਣ ਨੂੰ, ਉਸਦੇ ਘੁਰਨਿਆਂ 'ਤੇ ਹੀ ਹਮਲਾ ਕਰ ਕੇ, ਮਾਰ ਮੁਕਾਉਂਦੀਆਂ ਹਨ। ਦੁਸ਼ਮਣ ਦਾ ਪੱਕਾ ਠਿਕਾਣਾ, ਉਨ੍ਹਾਂ ਨੂੰ ਸਹਾਇਕ ਟੀ ਸੈੱਲਾਂ ਵੱਲੋਂ ਦੱਸਿਆ ਜਾਂਦਾ ਹੈ ਜਿਹੜੇ ਇਨ੍ਹਾਂ ਛਿਪੇ ਦੁਸ਼ਮਣਾਂ ਨੂੰ ਪਹਿਲਾਂ ਹੀ ਤਾੜ ਚੁੱਕੇ ਹੁੰਦੇ ਹਨ। ਉਸੇ ਸੂਚਨਾ ਦੇ ਆਧਾਰ 'ਤੇ, ਮਾਰੂ ਟੀ ਸੈੱਲ ਬ੍ਰਿਗੇਡ ਉਨ੍ਹਾਂ ਛੁਪਣਗਾਹਾਂ ਨੂੰ ਲੱਭਣ ਤੁਰ ਪੈਂਦੇ ਹਨ ਜਿਨ੍ਹਾਂ ਦੀ ਸਿਖਰ ਚੋਟੀ 'ਤੇ ਆਪਣਿਆਂ ਦੀਆਂ ਅਤੇ ਛਿਪੇ ਹੋਏ ਦਹਿਸ਼ਤਗਰਦਾਂ ਦੀਆਂ ਵੀ ਝੰਡੀਆਂ ਲੱਗੀਆਂ ਹੋਈਆਂ ਹੁੰਦੀਆਂ ਹਨ।

* ਮੇਜਬਾਨ ਸੈੱਲ ਵੱਲੋਂ, ਘੁਸਪੈਠੀਏ ਦੇ ਪਛਾਣ-ਪੱਤਰ ਦੇ ਨਾਲੋ-ਨਾਲ ਆਪਣਾ ਪਛਾਣ-ਪੱਤਰ ਵੀ ਦਿਖਾਉਣ ਕਾਰਨ ਹੀ, ਤਿਆਰ-ਬਰ-ਤਿਆਰ ਮਾਰੂ ਟੀ ਸੈੱਲ ਕੇਵਲ ਉਨ੍ਹਾਂ ਸੈੱਲਾਂ ਨੂੰ ਹੀ ਖਤਮ ਕਰਦੇ ਹਨ ਜਿਹੜੇ ਅਣਜਾਣਪੁਣੇ 'ਚ ਹੀ ਦੁਸ਼ਮਣ ਦਾ ਠਿਕਾਣਾ ਬਣੇ ਹੋਏ ਹਨ। ਇਉਂ ਮਾਰੂ ਟੀ ਸੈੱਲਾਂ ਨੂੰ ਖੁੱਲ੍ਹੇ ਫਿਰ ਰਹੇ ਘੁਸਪੈਠੀਏ (ਵਿਸ਼ਾਣੂਆਂ) ਵੱਲੋਂ ਆਪਣੇ ਮਾਰਗ ਤੋਂ ਭਟਕਾਇਆ ਨਹੀਂ ਜਾ ਸਕਦਾ। ਇਸ ਕਿਸਮ ਦੀ ਮੁੱਠਭੇੜ ਦਾ ਅਫ਼ਸੋਸਨਾਕ ਪਹਿਲੂ ਸਿਰਫ ਇਹੋ ਹੈ ਕਿ ਇਸ ਭੇੜ ਦੌਰਾਨ ਮੇਜਬਾਨ ਨੂੰ ਵੀ ਆਹੂਤੀ ਦੇਣੀ ਪੈਂਦੀ ਹੈ।

ਜਿਸਮ ਦੀਆਂ ਸੁਰੱਖਿਆ ਫੌਜਾਂ ਨੂੰ ਕਾਬੂ 'ਚ ਰੱਖਣਾ ਵੀ ਜਰੂਰੀ

* ਬੀ ਸੈੱਲਾਂ ਦੇ ਮਿਜਾਈਲ ਕਾਰਖਾਨੇ ਅਤੇ ਮਾਰੂ ਟੀ ਸੈੱਲਾਂ ਦੇ ਟੈਂਕ ਬ੍ਰਿਗੇਡਾਂ ਨੂੰ ਸਹਾਇਕ ਟੀ ਸੈੱਲਾਂ (Th) ਵੱਲੋਂ ਸਰਗਰਮ ਕੀਤਾ ਜਾਂਦਾ ਹੈ। ਦੂਜੇ ਪਾਸੇ ਦਬਾਊ ਟੀ ਸੈਲ (Ts), ਬੀ ਤੇ ਟੀ ਸੈੱਲਾਂ, ਦੋਹਾਂ ਉੱਪਰ ਸਖਤ ਨਿਗਰਾਨੀ ਰੱਖਦੇ ਹਨ ਤਾਂ ਜੋ ਉਹ ਲੋੜੋਂ ਵੱਧ ਉਤੇਜਿਤ ਹੋ ਕੇ ਬੇਕਾਬੂ ਨਾ ਹੋ ਜਾਣ। ਸਹਾਇਕ ਟੀ ਸੈੱਲਾਂ ਦੀ ਅਹਿਮੀਅਤ ਹੀ ਦਰਸਾਉਂਦੀ

ਹੈ ਕਿ ਏਡਜ (AIDS) ਕਿਉਂ ਇੰਨੀ ਭਿਆਨਕ ਹੈ ਅਤੇ ਕਿਉਂ ਇਸ ਦਾ ਅੰਤ, ਕੈਂਸਰ ਤੇ ਛੂਤ ਰੋਗ 'ਚ ਹੁੰਦਾ ਹੈ। ਕਿਉਂਕਿ ਏਡਜ਼ ਲਈ ਜ਼ੁੰਮੇਵਾਰ ਵਿਸ਼ਾਣੂ (HIV), ਸਹਾਇਕ ਟੀ ਸੈੱਲਾਂ ਨੂੰ ਹੀ ਚੁਣ ਕੇ ਹਮਲੇ ਹੇਠ ਲਿਆਉਂਦਾ ਹੈ ਤੇ ਉਨ੍ਹਾਂ ਨੂੰ ਨਿੱਸਲ ਕਰ ਦਿੰਦਾ ਹੈ ਅਤੇ ਇਸ ਘਟਨਾਕ੍ਰਮ ਤੋਂ ਅਣਜਾਣ ਦਬਾਊ ਟੀ ਸੈੱਲ, ਆਪਣੇ ਜ਼ਿੰਮੇ ਲੱਗਿਆ ਕਾਰਜ ਵਫ਼ਾਦਾਰੀ ਨਾਲ ਕਰਨਾ ਜਾਰੀ ਰੱਖਦੇ ਹਨ ਤੇ ਇਉ ਸੁਰੱਖਿਆ ਢਾਂਚਾ ਬੁਰੀ ਤਰ੍ਹਾਂ ਲੜਖੜਾ ਜਾਂਦਾ ਹੈ।

ਰਾਖਵੇਂ ਰਸਾਇਣਿਕ ਹਥਿਆਰ

ਅਜਿਹਾ ਮੌਕਾ ਵੀ ਆਉਂਦਾ ਹੈ ਜਦ ਸਾਡਾ ਜਿਸਮ ਇੱਕ ਹੋਰ ਸੁਰੱਖਿਆ-ਛਤਰੀ ਨੂੰ ਸਰਗਰਮ ਕਰਦਾ ਹੈ। ਉਹ ਹੈ, ਕੁੱਝ ਖਾਸ ਰਸਾਇਣਿਕ ਹਥਿਆਰਾਂ ਦੀ ਵਰਤੋਂ। ਜਦ ਸਹਾਇਕ ਟੀ ਸੈੱਲ, ਕੈਂਸਰ ਸੈੱਲਾਂ ਦੀ ਜਾਂ ਪਰਜੀਵੀਆਂ ਵੱਲੋਂ ਹਮਲੇ ਹੇਠ ਆਏ ਸੈੱਲਾਂ ਦੀ ਤਹਿ ਉੱਪਰ ਪਛਾਣ-ਪੱਤਰ ਫੀਤੀ ਦੀ ਨਿਸ਼ਾਨਦੇਹੀ ਕਰ ਲੈਂਦੇ ਹਨ ਤਾਂ ਉਹ ਉਨ੍ਹਾਂ ਰਸਾਇਣਿਕ ਹਥਿਆਰਾਂ ਨੂੰ ਕੱਢਦੇ ਹਨ ਜਿਨ੍ਹਾਂ ਨੂੰ ਲਿੰਫੋਕਾਈਨਜ (Lymphokines) ਕਿਹਾ ਜਾਂਦਾ ਹੈ। ਇਹ ਰਸਾਇਣ, 'ਮੈਕਰੋਫੈਗਜ' ਨੂੰ ਝੜੱਪ ਵਾਲੀ ਜਗ੍ਹਾ ਦੀ ਇਤਲਾਹ ਦਿੰਦੇ ਹਨ ਤੇ ਉਨ੍ਹਾਂ ਨੂੰ ਉਕਸਾਉਂਦੇ ਵੀ ਹਨ। ਸਿੱਟੇ ਵੱਜੋਂ ਗੁੱਸੇ 'ਚ ਆਏ 'ਮੈਕਰੋਫੈਗਜ' ਘਿਰੇ ਹੋਏ ਸੈੱਲਾਂ ਨੂੰ ਜਕੜ ਕੇ ਖਤਮ ਕਰ ਦਿੰਦੇ ਹਨ। **98145-35005**

ਕਾਗਜ ਨੂੰ ਸੱਟ ਨਹੀਂ ਲੱਗਦੀ

- ਅਹਿਮਦ ਸਲੀਮ


"ਸਾਡੇ ਵਾਲਿਦ ਸਾਹਿਬ ਮੁਹੰਮਦ ਸ਼ਰੀਫ਼ ਬੜੇ ਪੱਕੇ ਮੁਸਲਮਾਨ ਸਨ, ਨਮਾਜੀ ਅਤੇ ਪਰਹੇਜ਼ਗਾਰ। ਉਨ੍ਹਾਂ ਨੇ ਮੈਨੂੰ ਕਿਹਾ ਕਿ ਕੁਰਆਨ ਸ਼ਰੀਫ਼ ਪੜ੍ਹਨਾ ਜਰੂਰੀ ਐ.. ਉਨ੍ਹਾਂ ਨੇ ਮੌਲਵੀ ਸਾਹਿਬ ਨੂੰ ਕਿਹਾ ਕਿ ਸਾਡਾ ਬੱਚਾ ਛੋਟਾ ਹੈ, ਤੁਸੀਂ ਉਹਨੂੰ ਆਣ ਕੇ ਘਰੇ ਪੜ੍ਹਾ ਦਿਆ ਕਰੋ। ਉਸ ਵੇਲੇ ਪਿੰਡਾਂ ਵਿੱਚ ਕਲਚਰ ਸੀ ਕਿ ਮੌਲਵੀ ਸਾਹਿਬ ਘਰਾਂ 'ਚ ਆ ਕੇ ਮਜ਼੍ਹਬੀ ਤਾਲੀਮ ਦਿੰਦੇ ਸਨ .... ਤੇ ਮੌਲਵੀ ਸਾਹਿਬ ਏਨੇ ਸਖ਼ਤ ਸਨ ਯਾਨੀ ਉਹ ਪੁੱਠੇ ਹੱਥਾਂ 'ਤੇ ਛਿਟੀ ਮਾਰਦੇ ਸਨ.. ਉਹ ਮਾਰਦੇ ਕਿਉਂ ਸਨ.. ਬਈ ਤੁਸੀਂ ਅਰਬੀ ਦੇ ਲਫ਼ਜ਼ ਗਲਤ ਬੋਲ ਦਿੱਤੇ.. ਹਰ ਵਕਤ ਡਰ ਰਹਿੰਦਾ ਸੀ ਕਿ ਮੂੰਹ 'ਚੋ ਕੋਈ ਗਲਤ ਲਫ਼ਜ਼ ਨਾ ਨਿਕਲ ਜਾਵੇ.. ਸਾਡੇ ਧਰਮ ਮੁਤਾਬਕ ਕੁਰਆਨ ਨੂੰ ਗਲਤ ਪੜ੍ਹਨਾ ਵੱਡਾ ਗੁਨਾਹ ਹੈ। ਇਸ ਕਰਕੇ ਮੌਲਵੀ ਸਾਹਿਬ ਏਨੀ ਸਖ਼ਤੀ ਵੀ ਕਰਦੇ ਸਨ। ਪੂਰੀ ਮਿਹਨਤ ਕਰ ਰਿਹਾ ਸਾਂ ਮੈਂ.. ਜਦੋਂ ਮੌਲਵੀ ਜਾਂਦੇ ਸਨ ਤਾਂ ਮੈਂ ਕੁਰਆਨ ਗਿਲਾਫ਼ ਵਿੱਚ ਲਪੇਟ ਕੇ ਉੱਪਰ ਆਲੇ ਵਿੱਚ ਰੱਖ ਦਿੰਦਾ ਸਾਂ। ਇਕ ਦਿਨ ਉਹ ਜਾਣ ਲੱਗੇ ਸਨ ਤੇ ਮੈਂ ਉਹ ਕੁਰਆਨ ਸਰੀਫ਼ ਵਲ੍ਹੇਟ ਕੇ ਆਲੇ ਵਿੱਚ ਰੱਖ ਰਿਹਾ ਸਾਂ.. ਮੇਰਾ ਪੈਰ ਤਿਲਕਿਆ ਤੇ ਮੈਂ ਬੁਰੀ ਤਰ੍ਹਾਂ ਜ਼ਮੀਨ 'ਤੇ ਡਿੱਗਿਆ... ਮੇਰੇ ਹੱਥ 'ਚੋ ਕੁਰਆਨ ਛੁਟ ਗਿਆ.. ਉਸ ਦਾ ਗਿਲਾਫ ਵੀ ਉਤਰ ਗਿਆ.. ਤੇ ਕੁਰਆਨ ਸ਼ਰੀਫ਼ ਜ਼ਮੀਨ 'ਤੇ .. ਹੁਣ ਮੈਂ ਡਰਦੇ ਮਾਰੇ ਅੱਖਾਂ ਬੰਦ ਕਰ ਲਈਆਂ.. ਅੱਖਾਂ ਏਸ ਵਾਸਤੇ ਬੰਦ ਕਰ ਲਈਆਂ ਕਿ ਇਹ ਬੰਦਾ ਇਕ ਲਫ਼ਜ਼ ਗਲਤ ਬੋਲਣ 'ਤੇ ਏਨਾ ਮਾਰਦੈ.. ਮੈਂ ਏਨਾ ਵੱਡਾ ਗੁਨਾਹ ਕਰ ਦਿੱਤੈ.. ਹੁਣ ਤੇ ਕੋਈ ਬਖਸ਼ਿਸ਼ ਹੋਣੀ ਨਹੀਂ.. ਇਹ ਤਾਂ ਮੇਰੀ ਖੱਲ ਲਾਹ ਦੇਵੇਗਾ। ਔਰ ਇਹ ਮੌਲਵੀ ਨੂੰ ਆਗਿਆ ਹੁੰਦੀ ਸੀ ਵਾਲਦਿਆਨ (ਮਾਪਿਆਂ) ਤਰਫੋਂ ਕਿ ਦੀਨ ਦੇ ਮਾਮਲੇ 'ਚ ਬੇਸ਼ੱਕ ਸਖ਼ਤੀ ਕਰੋ ਕੋਈ ਮਾਮਲਾ ਨਹੀਂ ..। ਹੁਣ ਜਿਸ ਵੇਲੇ ਖ਼ੌਫ ਨਾਲ ਮੇਰੀਆਂ ਅੱਖਾਂ ਬੰਦ ਨੇ.. ਮੇਰੇ ਦਰਦ ਵੀ ਹੋ ਰਿਹੈ... ਮੈਂ ਉੱਠ ਨਹੀਂ ਰਿਹਾ.. ਦੌੜ ਕੇ ਆਏ ਮੌਲਵੀ ਸਾਹਿਬ ਤੇ ਕਹਿਣ ਲੱਗੇ.. ਪੁੱਤਰ ਸੱਟ ਤੇ ਨਹੀਂ ਲੱਗੀ.. ਪੁੱਤਰ ਠੀਕ ਏਂ ਨਾ ?.. ਮੈਨੂੰ ਚੁੱਕਣ ਦੀ ਕੋਸ਼ਿਸ਼ ਕੀਤੀ... ਮੈਂ ਕਿਹਾ ਮੌਲਵੀ ਸਾਹਿਬ ਕੁਰਆਨ ਸ਼ਰੀਫ਼...ਕਹਿੰਦੇ ਉਹ ਵੀ ਦੇਖ ਲੈਨਾਂ ਪੁੱਤਰ...ਤੂੰ ਦੱਸ, ਤੂੰ ਠੀਕ ਏਂ ਨਾ ? ਮੈਨੂੰ ਮੰਜੀ 'ਤੇ ਬਿਠਾਇਆ...ਉਸ ਤੋਂ ਬਾਅਦ ਕੁਰਆਨ ਸ਼ਰੀਫ਼ ਚੁੱਕਿਆ... ਉਹਨੂੰ ਗਿਲਾਫ਼ ਵਿੱਚ ਵਲ੍ਹੇਟਿਆ.. ਚੁੰਮਿਆ ਤੇ ਆਲੇ ਵਿੱਚ ਰੱਖ ਦਿੱਤਾ। ਜਦੋਂ ਜਾਣ ਲੱਗੇ ਤਾਂ ਮੈਂ ਕਿਹਾ ਕਿ ਮੌਲਵੀ ਸਾਹਿਬ ਇਹ ਤਾਂ ਮੇਰੇ ਤੋਂ ਵੱਡਾ ਗੁਨਾਹ ਹੋ ਗਿਆ..ਕਹਿੰਦੇ .. ਪੁੱਤਰ ਤੂੰ ਤਾਂ ਠੀਕ ਏ ਨਾ.. ਮੈਨੂੰ ਦੱਸ ਤੈਨੂੰ ਕੋਈ ਸੱਟ ਤੇ ਨਹੀਂ ਲੱਗੀ .. ਮੈਂ ਕਿਹਾ, ਮੌਲਵੀ ਸਾਹਿਬ ਮੈਨੂੰ ਛੱਡੋ..ਇਹ ਕੁਰਆਨ ਸ਼ਰੀਫ਼.. ਕਹਿੰਦੇ ਪੁੱਤਰ, ਕਾਗਜ਼ ਨੂੰ ਸੱਟ ਨਹੀਂ ਲੱਗਦੀ.. (**"ਹੁਣ" ਨੰਬਰ 33-ਮਈ - ਅਗਸਤ 2016**)

(ਇੱਕ ਲੰਮੀ ਇੰਟਰਵਿਊ ਵਿੱਚੋਂ)

ਸੋਧ

'ਤਰਕਸ਼ੀਲ' ਅੰਕ ਜਨਵਰੀ-ਫਰਵਰੀ 2023 ਦੇ ਪੰਨਾ 5 'ਤੇ ਛਪੇ ਡਾ. ਗੁਰਦੇਵ ਸਿੰਘ ਸਿੱਧੂ (ਪ੍ਰਸਿੱਧ ਇਤਿਹਾਸਕਾਰ) ਵੱਲੋਂ ਉਪਲੱਬਧ ਕਰਵਾਏ ਗਏ ਗ਼ਦਰੀ ਬਾਬਾ ਸੋਹਨ ਸਿੰਘ ਭਕਨਾ ਜੀ ਦੇ ਕਾਲੇ ਪਾਣੀ ਤੋਂ 'ਆਪਣੀ ਪਤਨੀ ਦੇ ਨਾਮ ਖ਼ਤ' ਦੀ ਸ਼ੁਰੂਆਤੀ ਟਿੱਪਣੀ ਵਿੱਚ ਪਹਿਲੀ ਲਾਇਨ ਵਿੱਚ ਭੁਲੇਖੇ ਨਾਲ ਛਪੀ '1873 ਈਸਵੀ' ਨੂੰ '4 ਜਨਵਰੀ 1870 ਈਸਵੀ' ਪੜ੍ਹਿਆ ਜਾਵੇ। ਇਹ ਗਲਤੀ ਧਿਆਨ ਵਿੱਚ ਲਿਆਉਣ ਲਈ ਕਾ. ਬਲਕਾਰ ਸਿੰਘ ਦੁਧਾਲਾ ਜੀ ਦਾ ਬਹੁਤ ਧੰਨਵਾਦ। ਇਸੇ ਅੰਕ ਵਿੱਚ ਅਵਤਾਰ ਗੋਂਦਾਰਾ ਜੀ ਦੇ ਲੇਖ 'ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ' (ਪੰਨਾ 29 'ਤੇ ਦੂਸਰੇ ਕਾਲਮ ਦੀਂ 8ਵੀਂ ਲਾਇਨ) ਵਿੱਚ 'ਸੌ ਵਾਲਾ' ਨੂੰ 'ਸੌ ਅੰਕ ਵਾਲਾ' ਪੜ੍ਹਿਆ ਜਾਵੇ। ਵਧੇਰੇ ਸਪੱਸ਼ਟਤਾ ਪ੍ਰਦਾਨ ਕਰਨ ਲਈ ਸੁਖਜਿੰਦਰ ਜੀਦਾ ਜੀ ਦੇ ਫੋਨ 'ਤੇ ਪ੍ਰਾਪਤ ਇਸ ਸੁਝਾਅ ਲਈ ਉਨ੍ਹਾਂ ਦਾ ਧੰਨਵਾਦ। – ਅਦਾਰਾ

ਪ੍ਰਤੀਕਰਮ



ਮਾਰਚ-ਅਪ੍ਰੈਲ 2023 ਅੰਕ ਬਾਰੇ ਮੇਰੀ ਰਾਏ

ਸੱਤਾ ਦੀ ਸਰਪ੍ਰਸਤੀ ਪ੍ਰਾਪਤ ਫ਼ਿਰਕੂ ਟੋਲਿਆਂ ਵੱਲੋਂ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫ਼ਿਰਕੂ ਜ਼ਹਿਰ ਘੋਲਣ ਅਤੇ ਮੁਸਲਮਾਨਾਂ ਨੂੰ ਲੋਕਾਂ ਦੇ ਸਭ ਤੋਂ ਵੱਡੇ ਦੁਸ਼ਮਣ ਦੇ ਰੂਪ ਵਿੱਚ ਪੇਸ਼ ਕਰਨ ਲਈ ਟਿੱਲ ਲਾਇਆ ਜਾ ਰਿਹਾ ਹੈ। ਹੌਲੀ-ਹੌਲੀ ਸੁਧਾਰ ਤੇ ਰੀਫਾਰਮਾਂ ਨਾਲ ਕੁੱਝ ਨਹੀਂ ਬਣ ਸਕਦਾ। ਸੁੱਤੇ ਹੋਏ ਸ਼ੇਰੋ, ਉੱਠੋ, ਵਿਦਰੋਹੀਓ! ਵਿਦਰੋਹ ਖੜ੍ਹਾ ਕਰ ਦਿਓ। ਜ਼ਿੰਦਗੀ ਨੂੰ ਪੈਰਾਂ ਸਿਰ ਕਰਨਾ ਤਾਂ ਸਖਤ ਮਿਹਨਤ ਤੇ ਲਗਨ ਦਾ ਪੱਲਾ ਫੜੋ। ਪੁਸਤਕਾਂ ਸੰਗ ਸੰਵਾਦ ਰਚਾਉਣਾ ਸਿੱਖੋ। ਪੜ੍ਹਨ, ਸਿੱਖਣ ਤੇ ਤੁਰਨ ਵਾਲੇ ਹਮੇਸ਼ਾ ਸਫਲ ਹੁੰਦੇ ਹਨ। ਬਚਪਨ ਸਾਡੀ ਜ਼ਿੰਦਗੀ ਦੀ ਬੁਨਿਆਦ ਹੈ।

ਰਿਕਸ਼ੇ ਵਾਲਾ, ਹੋਟਲ ਦਾ ਬਹਿਰਾ, ਨੌਕਰ ਸਭ ਤੁਹਾਡੇ ਵਰਗੇ ਹੀ ਇਨਸਾਨ ਹਨ ਜੋ ਤੁਹਾਡੇ ਤੋਂ ਬਰਾਬਰੀ ਵਾਲੇ ਵਿਹਾਰ ਦੀ ਆਸ ਰੱਖਦੇ ਹਨ।ਸਤਿਕਾਰਯੋਗ ਵਿਹਾਰ ਦਾ ਆਦਾਨ ਪ੍ਰਦਾਨ। ਚੇਤਨਾ ਦੇ ਸੂਹੇ ਫੁੱਲ ਖਿੜਾਉਣ ਵਾਲੀਆਂ ਪੁਸਤਕਾਂ ਹੀ ਤਾਂ ਹਨ। ਤੰਦਰੁਸਤੀ ਸਿਆਣੀਆਂ ਆਦਤਾਂ ਤੇ ਸਿਆਣੀ ਤਰ੍ਹਾਂ ਖਾਧੀ ਖੁਰਾਕ ਉੱਤੇ ਨਿਰਭਰ ਕਰਦੀ ਹੈ।

ਸਾਵਰਕਰ ਦੇ ਵਿਚਾਰ ਅਤੇ ਹਿੰਦੂ ਮਹਾਂ ਸਭਾ ਮੁਸਲਿਮ ਵਿਰੋਧੀ ਕੂੜ-ਪ੍ਰਚਾਰ ਅਸਲ ਵਿੱਚ ਬਰਤਾਨਵੀ ਹਕੂਮਤ ਨਾਲ ਗੁੱਝਾ ਸਮਝੌਤਾ ਹੈ। ਹਾਰਿਆ ਉਹ ਜੋ ਲੜਿਆ ਨਹੀਂ।

ਪਾਪ ਦੀ ਜੰਞ ਹੁਣ ਫੇਰ ਆ ਗਈ ਏ।

ਇੱਕ ਛੇ ਸਾਲਾ ਬੱਚੇ ਦੀ ਚਾਕੂ ਨਾਲ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ (ਮਨੁੱਖੀ ਬਲੀ)

ਇਹ ਦੋਵੇਂ ਸਿੱਖਿਅਤ, ਹਿੰਮਤੀ, ਦ੍ਰਿੜ੍ਹ, ਪ੍ਰਤੀਬੱਧ ਔਰਤਾਂ ਸਿੱਖਿਆ ਅਤੇ ਸਮਾਜ ਦੇ ਖੇਤਰ ਵਿਚ ਪੂਰੀ ਜ਼ਿੰਦਗੀ ਇਸ ਤਰ੍ਹਾਂ ਸੰਘਰਸ਼ੀਲ ਰਹੀਆਂ ਜਿਵੇਂ ਦੋ ਸਰੀਰ ਇੱਕ ਜਾਨ ਹੋਣ। ਲੋਕਾਂ ਦੀ ਸੋਚ ਬਦਲਣ ਤੋਂ ਪਹਿਲਾਂ ਉਨ੍ਹਾਂ ਦੇ ਮਨ ਜਿੱਤਣੇ ਜਰੂਰੀ ਹਨ, ਇਸੇ ਨੀਤੀ 'ਤੇ ਚੱਲਦਿਆਂ ਭਾਰਤ ਦੇ ਤਰਕਸ਼ੀਲ ਇਸ ਦੁਨੀਆਂ ਨੂੰ ਰਹਿਣ ਵਾਸਤੇ ਇੱਕ ਬਿਹਤਰ ਥਾਂ ਬਣਾਉਣ ਲਈ ਯਤਨਸ਼ੀਲ ਹਨ। ਸੱਤਾ ਹਿੰਦੂਤਵੀ ਵਿਚਾਰਧਾਰਾ ਦਾ ਪਸਾਰਾ ਕਰਨ ਲਈ ਸਿਲੇਬਸ ਨੂੰ ਬਦਲ ਰਹੀ ਹੈ ਤੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੀ ਹੈ।

ਲਗੇਗੀ ਆਗ ਤੋ ਆਏਂਗੇ ਕਈ
ਘਰ ਜ਼ਦ ਮੇਂ, ਯਹਾਂ ਪਰ ਸਿਰ.ਫ ਹਮਾਰਾ ਮਕਾਨ ਥੋੜੀ ਹੈ ?

ਉਸ ਨੇ ਪੂੰਜੀਪਤੀਆਂ ਦੀ ਚੌਧਰ ਹੇਠ ਹੋਣ ਵਾਲੇ ਸਮਾਰੋਹ ਵਿਚ ਜਾ ਕੇ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ।

ਇਹ ਕੁੱਝ ਸਤਰਾਂ ਮਾਰਚ ਅਪ੍ਰੈਲ 2023 ਅੰਕ ਵਿਚੋਂ ਨੋਟ ਕੀਤੀਆਂ ਗਈਆਂ ਹਨ ਜਿਹੜੀਆਂ ਇਸ਼ਾਰਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਬੌਧਿਕ ਪ੍ਰਪੱਕਤਾ ਵੱਲ ਜਾਂਦੇ ਰਾਹ ਨੂੰ ਜਥੇਬੰਦੀ ਦਾ ਬੁਲਾਰਾ 'ਤਰਕਸ਼ੀਲ' ਮੈਗਜੀਨ ਵੀ ਕਿਹਾ ਜਾਂਦਾ ਹੈ।ਇਸ ਦੇ ਸੰਪਾਦਕ, ਪ੍ਰਕਾਸ਼ਕ, ਸੰਪਾਦਕੀ ਬੋਰਡ, ਲੇਖਕ ਤੇ ਸਮੁੱਚੇ ਅਦਾਰੇ ਨੂੰ ਸਤਿਕਾਰ ਸਹਿਤ ਸ਼ਾਬਾਸ਼।

* ਮੈਗਜੀਨ ਲੇਟ ਆਉਣ ਨਾਲ ਉਤਸ਼ਾਹ ਤੇ ਵਿਸ਼ਵਾਸ਼ ਡਗਮਗਾਉਣ ਲਗਦਾ ਹੈ। ਕਿਤੇ ਕਿਤੇ ਪਰੂਫ ਰੀਡਿੰਗ ਦੀ ਨਿਗਾਹ ਨਹੀਂ ਪਈ। ਜਿਵੇਂ ਕਿ ਰਸ਼ਪਿੰਦਰ ਪਾਲ ਦੀ ਰਚਨਾ 'ਜ਼ਿੰਦਗੀ ਦਾ ਸੋਹਜ' ਦੇ ਆਖਰੀ ਪੈਰ੍ਹੇ ਦੀ ਤੀਜੀ ਲਾਈਨ .. ਗੁੜ੍ਹਤੀ ਆਪਣੇ ਸਕੂਲ ਤੋਂ ਮਿਲੀ। ਜਿਹੜੀ ਕਲਮਕਾਰ ..। ਸ਼ਬਦ ਮਿਲੀ ਤੋਂ ਅੱਗੇ ਡੰਡੀ ਲਗਾਉਣ ਦੀ ਲੋੜ ਨਹੀਂ ਸੀ। ਸਤਿਕਾਰਯੋਗ ਰਸ਼ਪਿੰਦਰ ਪਾਲ ਜੀ ਦਾ ਸੰਪਰਕ ਨੰਬਰ ਵੀ ਦੇਣਾ ਚਾਹੀਦਾ ਸੀ। **-ਅਜੀਤ ਪ੍ਰਦੇਸੀ।**

ਮਾਰਚ- ਅਪ੍ਰੈਲ ਅੰਕ ਦਾ ਮੁੱਖ ਪੰਨਾ ਖਿੱਚ ਭਰਪੂਰ ਸੀ। ਕਵਿਤਾ "ਭਗਤ ਸਿੰਘ ਦੇ ਨਾਂ ਖਤ" ਮੌਜੂਦਾ ਦੌਰ ਦੇ ਮਜ਼ਦੂਰ ਦੇ ਦੁੱਖਾਂ ਦੀ ਅਤੇ ਭਗਤ ਸਿੰਘ ਦੀ ਸੋਚ ਦੀ ਸਾਂਝ ਪਵਾਉਂਦੀ ਹੈ।ਸ਼ਿਵ ਰਾਜ 'ਖੁੰਡੇ ਹਲਾਲ' ਦੀ ਕਲਮ ਨੂੰ ਸਲਾਮ। ਸੰਪਾਦਕੀ ਵਿੱਚ ਠੀਕ ਹੀ ਫਿਕਰ ਜ਼ਾਹਰ ਕੀਤਾ ਗਿਆ ਹੈ ਕਿ ਘੱਟ ਗਿਣਤੀਆਂ ਦੇ ਕਾਤਲਾਂ ਨੂੰ ਸਜ਼ਾ ਦੇਣ ਦੀ ਥਾਂ ਕਾਨੂੰਨ ਉਨ੍ਹਾਂ ਨੂੰ ਬਚਾ ਰਿਹਾ ਹੈ। ਪਦਾਰਥਵਾਦ ਬਾਰੇ ਲੇਖ ਵਿੱਚ ਪਹਿਲਾਂ ਲਿਖੇ ਗਏ ਲੇਖਾਂ ਦਾ ਦੁਹਰਾਅ ਹੈ। ਵੈਸੇ ਵੀ ਪਦਾਰਥਵਾਦ ਕਿਸ਼ਤਾਂ ਵਿੱਚ ਨਹੀਂ, ਸਮੁੱਚੇ ਰੂਪ ਵਿੱਚ ਪੜ੍ਹਣ ਵਾਲਾ ਵਿਸ਼ਾ ਹੈ।ਪੜ੍ਹਨਯੋਗ ਪੁਸਤਕਾਂ ਵਾਲਾ ਸਥਾਈ ਕਾਲਮ ਪਾਠਕਾਂ ਨੂੰ ਸਾਹਿਤ ਦੀ ਚੇਟਕ ਲਾਉਣ ਵਿੱਚ ਕਾਮਯਾਬ ਹੈ। 'ਆਖਰੀ ਪੰਨਾ' ਦੇਸ਼ ਦੇ ਹਿੰਦੂ ਭਰਾਵਾਂ ਨੂੰ ਸਾਵਧਾਨ ਕਰਦਾ ਹੈ ਕਿ ਫਿਰਕੂ ਸਰਕਾਰ ਦਾ ਹਿੰਦੂ ਰਾਸ਼ਟਰ ਦਾ ਨਾਅਰਾ ਸਿਰਫ਼ ਉਹਨਾਂ ਦੇ ਜ਼ਜਬਾਤਾਂ ਨਾਲ ਖੇਡਦਾ ਹੈ।ਮੋਦੀ ਦੇ ਨਾਲੀ ਦੀ ਗੈਸ ਨਾਲ ਸਟੋਵ 'ਤੇ ਚਾਹ ਬਣਾਉਣ ਦੇ ਬਿਆਨਾਂ ਨਾਲ ਹਿੰਦੂ ਵਿਦਿਆਰਥੀਆਂ ਨੂੰ ਕਿਹੜਾ ਗਿਆਨ ਪ੍ਰਾਪਤ ਹੋ ਰਿਹਾ ਹੈ ? ਔਰਤ ਦਿਵਸ ਦੇ ਮੌਕੇ ਸਮਾਜ ਸੁਧਾਰ ਲਈ ਸੰਘਰਸ਼ ਕਰਨ ਵਾਲੀਆਂ ਤਰਕਸ਼ੀਲ ਔਰਤਾਂ ਦੇ ਸੰਘਰਸ਼ ਨੂੰ ਸਮਰਪਤ ਲੇਖ ਦੇ ਕੇ ਤੁਸੀਂ ਆਪਣਾ ਫਰਜ਼ ਨਿਭਾਇਆ ਹੈ।

ਜਸਕਰਨ ਬਰਾੜ (**ਫ਼ਤਿਹ.ਗੜ ਸਾਹਿਬ**)

ਵਿਲੱਖਣ ਪੈੜਾਂ

ਬਲਵਿੰਦਰ ਗੁਰੂਸਰ ਦਾ ਸਤਿਕਾਰ ਸਮਾਗ਼ਮ : ਬਿਖੇਰ ਗਿਆ ਚੇਤਨਾ ਦਾ ਚਾਨਣ

ਪਿੰਡ ਗੁਰੂਸਰ ਦੇ ਬਲਵਿੰਦਰ ਸਿੰਘ 58 ਸਾਲ ਦੀ ਉਮਰ ਗੁਜ਼ਾਰ ਜੀਵਨ ਪੰਧ ਮੁਕਾ ਗਏ। 1 ਜਨਵਰੀ 1966 ਨੂੰ ਪਿਤਾ ਮਿੱਠੂ ਸਿੰਘ ਦੇ ਘਰ ਜਨਮੇ ਬਲਵਿੰਦਰ ਤਰਕਸ਼ੀਲ ਲਹਿਰ ਦੇ ਸਰਗਰਮ ਸਾਥੀਆਂ ਵਿੱਚੋਂ ਇੱਕ ਸਨ। ਉਹ ਨਿੱਕੀ ਉਮਰੇ ਹੀ ਲੋਕ ਪੱਖੀ ਸਰਗਰਮ ਜਥੇਬੰਦੀਆਂ ਦੇ ਸੰਪਰਕ ਵਿੱਚ ਆਏ ਤੇ ਸਹਿਯੋਗੀ ਬਣ ਗਏ। ਚੜ੍ਹਦੀ ਉਮਰੇ ਨੌਜਵਾਨ ਭਾਰਤ ਸਭਾ ਦੇ ਸਰਗਰਮ ਮੈਂਬਰ ਰਹੇ।



ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੇ ਸੰਪਰਕ ਵਿੱਚ ਰਹਿਣ ਦਾ ਸਬੱਬ ਪਿੰਡ ਚੈਨਾ ਵਿਖੇ ਬਣਿਆ। ਉਸੇ ਪਿੰਡ ਬਰਗਾੜੀ ਦੀ ਭੈਣ ਰਹਿੰਦੀ ਸੀ। ਬਲਵਿੰਦਰ ਦਾ ਇਹ ਨਾਨਕਾ ਪਿੰਡ ਸੀ। ਉਨ੍ਹਾਂ ਨੂੰ ਮੈਡੀਕਲ ਖ਼ੋਜ ਕਾਰਜਾਂ ਲਈ ਸਰੀਰ ਪ੍ਰਦਾਨ ਕਰਨ ਦੀ ਜਾਗ ਏਥੋਂ ਲੱਗੀ। 18 ਮਾਰਚ 23 ਨੂੰ ਸਦਾ ਲਈ ਤੁਰ ਜਾਣ ਮਗਰੋਂ ਉਨ੍ਹਾਂ ਦੀ ਇੱਛਾ 'ਤੇ ਫੁੱਲ ਚੜ੍ਹਾਉਂਦਿਆਂ ਪਰਿਵਾਰ ਨੇ ਏਮਜ਼ ਬਠਿੰਡਾ ਵਿਖੇ ਮ੍ਰਿਤਕ ਦੇਹ ਮੈਡੀਕਲ ਕਾਲਜ ਨੂੰ ਦੇਣ ਦਾ ਫ਼ੈਸਲਾ ਲਿਆ। ਪਰ ਬੀਮਾਰੀ ਤੇ ਨਾਸਾਜ਼ ਸਰੀਰਕ ਹਾਲਤ ਕਰਕੇ ਅਜਿਹਾ ਸੰਭਵ ਨਹੀਂ ਹੋ ਸਕਿਆ।

ਸਤਿਕਾਰ ਸਮਾਗ਼ਮ:

ਜੀਵਨ ਸਫ਼ਰ ਤੋਂ ਬੇਵਕਤ ਵਿਛੜੇ ਤਰਕਸ਼ੀਲ ਕਾਫ਼ਲੇ ਦੇ ਸੁਹਿਰਦ ਮੈਂਬਰ ਬਲਵਿੰਦਰ ਸਿੰਘ ਪਿੰਡ ਗੁਰੂਸਰ (ਮੁਕਤਸਰ) ਦੀ ਯਾਦ ਵਿੱਚ ਹੋਇਆ ਸਤਿਕਾਰ ਸਮਾਗ਼ਮ ਚੇਤਨਾ ਦਾ ਚਾਨਣ ਬਿਖੇਰ ਗਿਆ। ਤਰਕਸ਼ੀਲ ਸੁਸਾਇਟੀ ਦੀ ਗਿੱਦੜਬਾਹਾ ਇਕਾਈ 'ਤੇ ਪਰਿਵਾਰ ਦੀ ਪਹਿਲਕਦਮੀ 'ਤੇ ਧਾਰਮਿਕ ਪ੍ਰਚਲਿਤ ਰਹੁ ਰੀਤਾਂ ਤੋਂ ਬਿਨ੍ਹਾਂ ਹੋਏ ਇਸ ਸਮਾਗਮ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸਥਾਨਕ ਆਗੂ ਜਸਵਿੰਦਰ ਸਿੰਘ ਚੀਨਾ ਨੇ ਵਿਛੜੇ ਸਨੇਹੀ ਦੀ ਜੀਵਨ ਯਾਤਰਾ ਤੇ ਉਸ ਵੱਲੋਂ ਕੀਤੇ ਲੋਕ ਪੱਖੀ ਕਾਰਜਾਂ ਦੀ ਚਰਚਾ ਛੇੜੀ। ਉਨ੍ਹਾਂ ਵੱਲੋਂ ਤਰਕਸ਼ੀਲਤਾ, ਪਿੰਡ ਭਲਾਈ ਦੇ ਕਾਰਜਾਂ ਤੇ ਕਿਸਾਨ ਮੋਰਚੇ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ। ਸਮਾਗ਼ਮ ਵਿੱਚ ਬੋਲਦਿਆਂ ਸੁਸਾਇਟੀ ਦੇ ਸੂਬਾਈ ਆਗੂ ਰਾਜਿੰਦਰ ਭਦੌੜ ਨੇ ਤਰਕਸ਼ੀਲ ਲਹਿਰ ਦੇ ਕਾਮੇ ਬਲਵਿੰਦਰ ਦੀ ਬੇਵਕਤ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਗ਼ੈਰ ਕੁਦਰਤੀ ਮੌਤਾਂ ਲਈ ਰਾਜ ਪ੍ਰਬੰਧ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਆਖਿਆ ਕਿ ਚੰਗੀ ਜ਼ਿੰਦਗੀ ਤੇ ਚੰਗੇ ਪ੍ਰਬੰਧ ਲਈ ਸਾਨੂੰ ਚੇਤਨਾ ਨੂੰ ਮਨਾਂ ਵਿੱਚ ਵਸਾ ਕੇ ਸੋਚਣ, ਵਿਚਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੁਜਾਰੀ ਵਰਗ ਆਪਣੇ ਸੁਆਰਥਾਂ ਲਈ ਲੋਕਾਂ ਨੂੰ ਜਨਮਾਂ ਕਰਮਾਂ ਦੇ ਭਰਮ ਜਾਲ ਵਿੱਚ ਫਸਾ ਕੇ ਰਾਜ ਪ੍ਰਬੰਧ ਦੇ ਹੱਕ ਵਿੱਚ ਭੁਗਤ ਰਿਹਾ ਹੈ। ਸਮਾਗ਼ਮ ਵਿੱਚ ਬੋਲਦਿਆਂ ਰਾਮ ਸਵਰਨ ਲੱਖੇਵਾਲੀ ਨੇ ਆਖਿਆ ਵਿਛੜੇ ਸਨੇਹੀ ਦਾ ਜੀਵਨ ਪੰਧ ਪ੍ਰੇਰਨਾ ਤੇ ਸਬਕ ਦੇਣ ਵਾਲਾ ਹੈ। ਇਸੇ ਪ੍ਰੇਰਨਾ ਸਦਕਾ ਪਰਿਵਾਰ ਉਸਦੇ ਵਿਚਾਰਾਂ 'ਤੇ ਪਹਿਰਾ ਦੇਣ ਦੇ ਸਮਰੱਥ ਬਣਿਆ ਹੈ।

ਪੌਦਿਆਂ ਤੇ ਪੁਸਤਕਾਂ ਦਾ ਸੰਗਮ:

ਸਤਿਕਾਰ ਸਮਾਗ਼ਮ ਵਿੱਚ ਉਸਾਰੂ ਵਿਚਾਰ ਚਰਚਾ ਦੇ ਨਾਲ ਪੌਦਿਆਂ ਤੇ ਪੁਸਤਕਾਂ ਦਾ ਸੰਗਮ ਵੀ ਵੇਖਣ ਨੂੰ ਮਿਲਿਆ। ਜਦ ਸਮਾਗ਼ਮ ਵਿੱਚ ਸ਼ਾਮਲ ਹੋਏ ਸਾਰੇ ਰਿਸ਼ਤੇਦਾਰਾਂ ਨੂੰ ਵਿਛੜੇ ਸਨੇਹੀ ਬਲਵਿੰਦਰ ਦੀ ਯਾਦ ਵਿੱਚ ਇੱਕ ਇੱਕ ਪੌਦਾ ਤੇ ਪੁਸਤਕ ਭੇਂਟ ਕੀਤੀ ਗਈ। ਨਿਵੇਕਲੀ ਪਿਰਤ ਵਾਲੇ ਇਸ ਸਤਿਕਾਰ ਸਮਾਗਮ ਲਈ ਮਨਪ੍ਰੀਤ ਕੌਰ, ਅਕਾਸ਼ਦੀਪ ਸਿੰਘ, ਮੰਦਰ ਸਿੰਘ, ਸ਼ਿਵਰਾਜ ਸਿਮਨਾ, ਪ੍ਰੀਤਮ ਸਿੰਘ, ਜੋਬਨਪ੍ਰੀਤ ਕੌਰ, ਮੰਦਰ ਚੈਨਾ ਤੇ ਸੁਖਪਾਲ ਸਿੰਘ ਨੇ ਭਰਵਾਂ ਸਹਿਯੋਗ ਦਿੱਤਾ। ਪਿੰਡ ਵਿੱਚ ਧਾਰਮਿਕ ਰਹੁ ਰੀਤਾਂ ਤੋਂ ਬਿਨਾਂ ਹੋਇਆ ਇਹ ਪਹਿਲਾ ਸਮਾਗਮ ਸੀ, ਜਿਸਨੂੰ ਹਾਜ਼ਰ ਲੋਕਾਂ ਨੇ ਗਹੁ ਨਾਲ ਸੁਣਿਆ। ਮੌਤ ਦੇ ਦਰਦ ਵਿੱਚ ਵੀ ਪਰਿਵਾਰ ਨੇ ਆਪਣੇ ਮੁਖੀ ਦੇ ਵਿਚਾਰਾਂ ਤੇ ਪਹਿਰਾ ਦਿੰਦਿਆਂ ਲੋਕਾਂ ਨੂੰ ਰਾਹ ਵਿਖਾਇਆ। ਕੁਝ ਕਰਨ ਦੀ ਭਾਵਨਾ ਹੋਵੇ ਤੇ ਜਜ਼ਬਿਆਂ ਵਿੱਚ ਵਹਿੰਦੇ ਪਾਣੀਆਂ ਤੋਂ ਉਲਟ ਤੁਰਨ ਦੀ ਲਗਨ ਹੋਵੇ ਤਾਂ ਕੁਝ ਵੀ ਅਸੰਭਵ ਨਹੀਂ ਹੁੰਦਾ। ਬਲਵਿੰਦਰ ਦੀ ਜ਼ਿੰਦਗੀ ਦਾ ਪੰਧ ਭਾਵੇਂ ਮੁੱਕ ਗਿਆ ਪਰ ਪਰਿਵਾਰ ਤੇ ਪਿੰਡ ਲਈ ਪੈੜਾਂ ਦੇ ਨਿਸ਼ਾਨ ਛੱਡ ਗਿਆ। ਸਮਾਗ਼ਮ ਵਿੱਚ ਮੁਕਤਸਰ ਲੱਖੇਵਾਲੀ ਇਕਾਈ ਵੱਲੋਂ ਕੇ.ਸੀ. ਰੁਪਾਣਾ ਦੀ ਅਗਵਾਈ ਵਿੱਚ ਲਗਾਈ ਪੁਸਤਕ ਸਟਾਲ ਤੋਂ ਵੀ ਹਾਜ਼ਰ ਸਨੇਹੀਆਂ ਨੇ ਪੁਸਤਕਾਂ ਖਰੀਦੀਆਂ। **ਰਿਪੋਰਟ: ਸ਼ਿਵਰਾਜ ਸ਼ਿਵਨਾ ਗੁਰੂਸਰ**

ਮੌਤ ਤੋਂ ਬਾਅਦ ਕਾਮਰੇਡ ਅਵਤਾਰ ਨੇ ਵਿਖਾਇਆ ਵੱਖਰਾ ਰਾਹ

ਮੌਤ ਤੋਂ ਬਾਅਦ ਵੀ ਕਾਮਰੇਡ ਅਵਤਾਰ ਜੀ ਇੱਕ

ਵੱਖਰਾ ਰਾਹ ਦਿਖਾ ਕੇ ਕੁੱਝ ਵੱਖਰਾ ਸੋਚਣ ਲਈ ਮਜ਼ਬੂਰ ਕਰ ਗਏ। ਪਿਛਲੇ ਦਿਨੀਂ ਕਾਮਰੇਡ ਅਵਤਾਰ ਸਿੰਘ ਭਾਰਟਾ ਖੁਰਦ (ਨਵਾਂ ਸ਼ਹਿਰ) ਕੁੱਝ ਮਹੀਨਿਆਂ ਦੀ ਬਿਮਾਰੀ ਬਾਅਦ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਕਾਮਰੇਡ ਅਵਤਾਰ ਅਜੇ ਸਕੂਲ ਵਿੱਚ ਹੀ ਪੜ੍ਹਦੇ ਸਨ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦੇ ਜੀਵਨ ਤੋਂ ਅਤੇ ਕੁੱਝ ਕਾਮਰੇਡ ਸਾਥੀਆਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਪੱਖੀ ਲਹਿਰਾਂ ਨਾਲ ਜੁੜ ਗਏ। ਉਹ ਹਮੇਸ਼ਾ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਖੜ੍ਹੇ ਰਹੇ। ਉਨ੍ਹਾਂ ਸੀ.ਪੀ.ਐਮ. ਨਾਲ 10 ਸਾਲ ਕੰਮ ਕੀਤਾ। ਕਾਮਰੇਡ ਜੀ ਨੇ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਪੰਜਾਬ ਤੋਂ ਬਾਹਰ ਕੁੱਝ ਹੋਰ ਰਾਜਾਂ ਵਿੱਚ ਸਟੇਜਾਂ 'ਤੇ ਵੱਖ-ਵੱਖ ਨਾਟਕ ਕੀਤੇ। ਉਹ ਨਾਟਕ ਵਿੱਚ ਨਾਇਕ ਦੀ ਭੂਮਿਕਾ ਨਿਭਾਉਂਦੇ ਹੁੰਦੇ ਸਨ। ਉਨ੍ਹਾਂ ਵਿੱਚ ਕੰਮ ਕਰਨ ਦਾ ਬਹੁਤ ਜ਼ਜ਼ਬਾ ਸੀ। ਉਹ ਕਬੱਡੀ ਦੇ ਚੰਗੇ ਖਿਡਾਰੀ ਸਨ ਅਤੇ ਕੁਸ਼ਤੀ ਵੀ ਕਰ ਲੈਂਦੇ ਸਨ। ਇੱਕ ਵਾਰ ਧਰੇਤਾ ਪਿੰਡ ਵਿੱਚ ਉਨ੍ਹਾਂ ਨਾਟਕ ਕਰਨਾ ਸੀ। ਉੱਥੋਂ ਦਾ ਜਾਗੀਰਦਾਰ ਜ਼ਬਰਦਸਤੀ ਸਟੇਜ 'ਤੇ ਕੁਰਸੀ ਲਗਾ ਕੇ ਬੈਠ ਗਿਆ। ਕਾਮਰੇਡ ਜੀ ਤੇ ਹੋਰ ਸਾਥੀਆਂ ਨੇ ਉਸ ਨੂੰ ਹੇਠਾਂ ਉਤਰਨ ਲਈ ਕਿਹਾ ਪਰ ਉਹ ਕਹਿਣ ਲੱਗਾ ਕਿ ਮੈਂ ਸਟੇਜ 'ਤੇ ਹੀ ਬੈਠਣਾ ਹੈ। ਉਸ ਜਾਗੀਰਦਾਰ ਦੀ ਅਮੀਰ ਹੋਣ ਕਾਰਨ ਇਲਾਕੇ ਵਿੱਚ ਕਾਫ਼ੀ ਦਹਿਸ਼ਤ ਸੀ ਅਤੇ ਲੋਕ ਉਸ ਦੇ ਖਿਲਾਫ਼ ਖੜ੍ਹਨ ਤੋਂ ਹਰ ਵੇਲੇ ਡਰਦੇ ਸਨ। ਜਦ ਕਾਮਰੇਡ ਜੀ ਦੇ ਕਹਿਣ 'ਤੇ ਉਹ ਸਟੇਜ ਤੋਂ ਨਾ ਉਤਰਿਆ ਤਾਂ ਕਾਮਰੇਡ ਜੀ ਨੇ ਉਸਨੂੰ ਕੁਰਸੀ ਸਮੇਤ ਚੁੱਕ ਕੇ ਸਟੇਜ ਤੋਂ ਥੱਲੇ ਮਾਰਿਆ ਅਤੇ ਕਿਹਾ ਕਿ ਇਹ ਸਟੇਜ ਮਜ਼ਦੂਰਾਂ ਦੀ ਹੈ, ਜਾਗੀਰਦਾਰਾਂ ਦੀ ਨਹੀਂ। ਇਸ ਤਰ੍ਹਾਂ ਦਾ ਜਜ਼ਬਾ ਰੱਖਦੇ ਸਨ ਅਵਤਾਰ ਕਾਮਰੇਡ।



ਇਸ ਤੋਂ ਬਾਅਦ ਉਹ ਅਰਬ ਮੁਲਕਾਂ ਵਿੱਚ ਗਏ ਉੱਥੇ ਵੀ ਕਿਰਤ ਦੇ ਨਾਲ-ਨਾਲ ਮਜ਼ਦੂਰਾਂ ਨਾਲ ਰਲ ਕੇ ਸਰਮਾਏਦਾਰਾਂ ਖਿਲਾਫ਼ ਸੰਘਰਸ਼ ਕਰਦੇ ਰਹੇ ਅਤੇ ਕੁੱਝ ਸਮੇਂ ਬਾਅਦ ਭਾਰਤ ਵਾਪਸ ਆ ਕੇ ਵੀ ਉਨ੍ਹਾਂ ਸੰਘਰਸ਼ ਜਾਰੀ ਰੱਖਿਆ। ਕਾਮਰੇਡ ਅਵਤਾਰ ਤਕਰੀਬਨ 34 ਸਾਲ ਪਹਿਲਾਂ ਨਿਊਜ਼ੀਲੈਂਡ ਆ ਗਏ ਸਨ ਜਿੱਥੇ ਉਨ੍ਹਾਂ ਸਾਰੀ ਉਮਰ ਖੇਤੀਬਾੜੀ ਅਤੇ ਫਲਾਂ ਦੇ ਬਾਗ਼ਾਂ ਵਿੱਚ ਕੰਮ ਕੀਤਾ ਅਤੇ ਵੱਖ-ਵੱਖ ਤਰ੍ਹਾਂ ਦੀ ਖੇਤੀਬਾੜੀ ਵਾਲੀ ਮਸ਼ੀਨਰੀ ਚਲਾਈ। ਉਨ੍ਹਾਂ ਦਾ ਜੀਵਨ ਸੱਚ ਅਤੇ ਇਮਾਨਦਾਰੀ ਨੂੰ ਸਮਰਪਿਤ ਸੀ। ਜਵਾਨੀ ਦੇ ਦਿਨਾਂ ਵਿੱਚ ਕਾਮਰੇਡ ਅਵਤਾਰ ਦੋ ਮੁੱਖ ਨਾਟਕ "ਸੱਚ ਨੂੰ ਫਾਂਸੀ" ਅਤੇ "ਜ਼ਿੰਦਗੀ ਇੱਕ ਸੰਘਰਸ਼ ਹੈ" ਕਰਦੇ ਹੁੰਦੇ ਸੀ। ਜਿਸ ਵਿੱਚ ਉਹ ਇੱਕ ਲਾਇਨ ਬੋਲਦੇ ਹੁੰਦੇ ਸੀ "ਕੱਫਣ ਦੀ ਥਾਂ ਲਾਲ ਦੁਪੱਟਾ ਮੇਰੀ ਅਰਥੀ 'ਤੇ ਪਾ ਦੇਣਾ"।

ਕਾਮਰੇਡ ਅਵਤਾਰ ਵਹਿਮਾਂ ਭਰਮਾਂ, ਗੈਬੀ ਸ਼ਕਤੀਆਂ, ਨਰਕ ਸਵਰਗ ਅਤੇ ਆਤਮਾ ਪਰਮਾਤਮਾ ਵਿੱਚ ਯਕੀਨ ਨਹੀਂ ਰੱਖਦੇ ਸਨ। ਇਹ ਵਿਚਾਰ ਉਨ੍ਹਾਂ ਦੇ ਆਖਰੀ ਸਮੇਂ ਤੱਕ ਕਾਇਮ ਰਹੇ। ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੀਆਂ ਅੰਤਿਮ ਰਸਮਾਂ ਵੇਲੇ ਕੋਈ ਵੀ ਧਾਰਮਿਕ ਰਸਮ ਜਾਂ ਅਰਦਾਸ ਨਾ ਕੀਤੀ ਜਾਵੇ। ਉਨ੍ਹਾਂ ਦੀ ਇਸ ਇੱਛਾ ਨੂੰ ਪੂਰੀ ਕਰਨ ਵਿੱਚ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਨੇ ਅਹਿਮ ਯੋਗਦਾਨ ਪਾਇਆ। ਮੈਨੂੰ ਨਿਊਜ਼ੀਲੈਂਡ ਵਿੱਚ ਰਹਿੰਦਿਆਂ 34 ਸਾਲ ਹੋ ਗਏ ਹਨ। ਇਨ੍ਹਾਂ ਸਾਲਾਂ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਵਿਅਕਤੀ ਦੀਆਂ ਅੰਤਿਮ ਰਸਮਾਂ ਬਿਨ੍ਹਾਂ ਕਿਸੇ ਧਾਰਮਿਕ ਰਸਮ ਤੋਂ ਹੋਈਆਂ ਹੋਣ ਭਾਵੇਂ ਕਿ ਇਸ ਬਾਰੇ ਵਿਚਾਰ ਚਰਚਾ ਆਪਸ ਵਿੱਚ ਚਲਦੀ ਰਹਿੰਦੀ ਸੀ। ਕਾਮਰੇਡ ਜੀ ਹਮੇਸ਼ਾ ਵੱਖਰੇ ਰਾਹਾਂ 'ਤੇ ਚੱਲੇ ਸਨ ਅਤੇ ਮੌਤ ਤੋਂ ਬਾਅਦ ਵੀ ਧਾਰਮਿਕ ਰਸਮਾਂ ਤੋਂ ਬਿਨ੍ਹਾਂ ਆਪਣੀਆਂ ਅੰਤਿਮ ਰਸਮਾਂ ਕਰਾ ਕੇ ਲੋਕਾਂ ਨੂੰ ਨਵਾਂ ਰਾਹ ਦਿਖਾ ਗਏ ਹਨ।

ਅਵਤਾਰ ਜੀ ਦੇ ਅੰਤਿਮ ਸੰਸਕਾਰ ਮੌਕੇ ਅਤੇ ਸ਼ਰਧਾਂਜਲੀ ਸਮਾਰੋਹ ਵੇਲੇ ਉਨਾਂ ਦੇ ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੇ ਕਾਮਰੇਡ ਅਵਤਾਰ ਦੇ ਜੀਵਨ, ਉਨ੍ਹਾਂ ਵੱਲੋਂ ਕੀਤੇ ਲੋਕ ਪੱਖੀ ਸੰਘਰਸ਼, ਚੱਲ ਰਹੀਆਂ ਲੋਕ ਲਹਿਰਾਂ, ਵਿਗਿਆਨਕ ਵਿਚਾਰਧਾਰਾ, ਤਰਕਸ਼ੀਲਤਾ, ਕਮਿਊਨਿਜ਼ਮ, ਸਰਮਾਏਦਾਰੀ ਵੱਲੋਂ ਲੋਕਾਂ ਦੀ ਹੋ ਰਹੀ ਲੁੱਟ ਬਾਰੇ ਅਤੇ ਜਾਤ ਪਾਤ ਤਹਿਤ ਹੋ ਰਹੇ ਵਿਤਕਰਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ, ਲੋਕ ਪੱਖੀ ਕਵਿਤਾਵਾਂ ਪੇਸ਼ ਕੀਤੀਆਂ ਅਤੇ ਲੋਕਾਂ ਨੂੰ ਇੱਕ ਜੁੱਟ ਹੋਣ ਦੀ ਪ੍ਰੇਰਨਾ ਦਿੱਤੀ। ਕਾਮਰੇਡ ਅਵਤਾਰ ਜੀ ਦੇ ਸਰੀਰ ਤੇ ਉਨ੍ਹਾਂ ਦੇ ਦੋਸਤ ਅਤੇ ਵਿਚਾਰਧਾਰਕ ਸਾਥੀ ਜਰਨੈਲ ਸਿੰਘ ਰਾਹੋਂ, ਕਾਮਰੇਡ ਧਰਮ ਪਾਲ (ਭਰਾ), ਅਵਤਾਰ ਤਰਕਸ਼ੀਲ ਨਿਊਜ਼ੀਲੈਂਡ ਅਤੇ ਉਨ੍ਹਾਂ ਦੇ ਬੇਟੇ ਅਮਨਦੀਪ ਸਿੰਘ ਨੇ ਲਾਲ ਕੱਪੜਾ ਪਾ ਕੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ।

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ
ਜੱਦੀ ਪਿੰਡ ਖੁਰਦਪੁਰ (ਜਲੰਧਰ)
006421392147

ਪੇਸ਼ਕਦਮੀਆਂ

ਇਕਾਈ ਧਾਰੀਵਾਲ ਭੋਜਾ: ਵੱਖ ਵੱਖ ਪਿੰਡਾਂ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਨਾਟਕ, ਕੋਰੀਓਗ੍ਰਾਫੀਆਂ :

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਧਾਰੀਵਾਲ ਭੋਜਾ ਵੱਲੋਂ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਇਲਾਕੇ ਦੇ ਪਿੰਡਾਂ ਭੈਣੀ ਖਾਦਰ, ਮੱਲਾਂਵਾਲਾ, ਫੇਰੋਚੇਚੀ ਅਤੇ ਕੋਟ ਖਾਨ ਮੁਹੰਮਦ ਵਿਖੇ ਨਾਟਕ ਅਤੇ ਕੋਰੀਓਗ੍ਰਾਫੀਆਂ ਕਰਕੇ ਲੋਕਾਂ ਨਾਲ ਸਾਂਝ ਪੈ ਕੇ ਮਨਾਇਆ। ਇਸ ਮੌਕੇ ਬ੍ਰਾਇਟ ਫਿਊਚਰ ਅਕੈਡਮੀ ਰਾਜਪੁਰਾ ਦੇ ਬੱਚਿਆਂ ਨੇ ਆਜ਼ਾਦੀ ਦਾ 100 ਸਾਲ ਦਾ ਇਤਿਹਾਸ ਅਤੇ ਭਗਤ ਸਿੰਘ ਦਾ ਕਿਰਦਾਰ ਪੇਸ਼ ਕਰਦਿਆਂ ਕੋਰੋਗ੍ਰਾਫੀਆਂ ਅਤੇ ਲੋਕਾਂ ਦੇ ਮੁੱਦਿਆਂ ’ਤੇ ਪਾਸਾ ਵੱਟੀ ਬੈਠੇ ਲੀਡਰਾਂ ਦੀ ਕਤਾਰ ਨੂੰ ਨੰਗਾ ਕਰਦੇ ਨਾਟਕ “ਬੁੱਤ ਜਾਗ ਪਿਆ” ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਜੋਨ ਆਗੂ ਸੰਦੀਪ ਧਾਰੀਵਾਲ ਭੋਜਾ ਨੇ ਕਿਹਾ ਕਿ ਭਗਤ ਸਿੰਘ ਦਾ ਉਦੇਸ਼ ਹਰ ਤਰ੍ਹਾ ਦੀ ਲੁੱਟ ਦਾ ਖਾਤਮਾ ਸੀ। ਭਗਤ ਸਿੰਘ ਨੂੰ ਹਥਿਆਰਾਂ ਨਾਲ ਜੋੜ ਕੇ ਨੌਜਵਾਨੀ ਨੂੰ ਉਕਸਾਇਆ ਜਾ ਰਿਹਾ ਹੈ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਭਗਤ ਸਿੰਘ ਦੀਆਂ ਲਿਖਤਾਂ ਨੂੰ ਗੰਭੀਰਤਾ ਨਾਲ ਪੜ੍ਹਨ। ਇਕਾਈ ਆਗੂਆਂ ਡਾ. ਦੀਵਾਨ ਸਿੰਘ, ਸਤਨਾਮ ਸਿੰਘ ਫੇਰੋਚੇਚੀ, ਮਾ. ਸਤਿੰਦਰ ਸਿੰਘ ਅਤੇ ਲਖਬੀਰ ਸਿੰਘ ਨੇ ਸਾਰਿਆਂ ਪਿੰਡਾਂ ਦੇ ਲੋਕਾਂ ਦੁਆਰਾ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਠਾਕੁਰ ਕੁਲਵੰਤ ਸਿੰਘ ਭੈਣੀ ਖਾਦਰ, ਸਤਨਾਮ ਸਿੰਘ ਫੇਰੋਚੇਚੀ, ਕਬੱਡੀ ਖਿਡਾਰੀ ਸੁਖਜਿੰਦਰ ਸਿੰਘ, ਠਾਕੁਰ ਅਸ਼ੋਕ ਕੁਮਾਰ, ਗੁਰਜੀਤ ਸਿੰਘ ਬਾਜਵਾ ਅਤੇ ਸਰਪੰਚ ਰਾਹੁਲ ਸ਼ਰਮਾ ਕੋਟ ਖਾਨ ਮੁਹੰਮਦ ਆਦਿ ਹਾਜ਼ਰ ਸਨ। – **ਸੰਦੀਪ ਧਾਰੀਵਾਲ ਭੋਜਾ**

ਇਕਾਈ ਰਾਮਪੁਰਾ ਫੂਲ

23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕਰਨ ਤੇ ਉਹਨਾਂ ਦੇ ਰਹਿੰਦੇ ਕਾਜ ਪੂਰੇ ਕਰਨ ਦਾ ਅਹਿਦ ਦੁਹਰਾਉਣ ਲਈ ਮੇਨ ਚੌਂਕ ’ਚ ਲੱਗੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਬੁੱਤ ’ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਹਨਾਂ ਨੂੰ ਯਾਦ ਕੀਤਾ ਗਿਆ। ਇਸ ਸਮੇਂ ਪੁਸਤਕ ਪ੍ਰਦਰਸ਼ਨੀ ਲਾ ਕੇ ਤਰਕਸ਼ੀਲ ਸਾਹਿਤ ਲੋਕਾਂ ਵਿੱਚ ਪਹੁੰਚਾਇਆ। ਦੁਪਹਿਰ ਸਮੇਂ ਇਨਕਲਾਬੀ ਕੇਂਦਰ ਵੱਲੋਂ ਰਾਮਪੁਰਾ ਪਿੰਡ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਗਏ ਨਾਟਕਾਂ ਦੇ ਪ੍ਰੋਗਰਾਮ ਵਿੱਚ ਵੀ ਇਕਾਈ ਦੇ ਬਹੁ ਗਿਣਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਅਤੇ ਬੁੱਕ ਪ੍ਰਦਰਸ਼ਨੀ ਲਗਾਈ। ਇਸ ਸਮੇਂ ਸੀਨੀਅਰ ਮੈਂਬਰ ਹੈੱਡਮਾਸਟਰ ਸੁਖਮੰਦਰ ਸਿੰਘ, ਗੁਰਦੀਪ ਸਿੰਘ, ਜੰਟਾ ਸਿੰਘ, ਮਾ. ਸੁਰਿੰਦਰ, ਜਗਦੇਵ ਸਿੰਘ ਤੇ ਮੇਜਰ ਸਿੰਘ ਨੇ ਡਿਊਟੀ ਨਿਭਾਈ। ਇਸੇ ਤਰ੍ਹਾਂ ਰਾਤ ਸਮੇਂ ਲੋਕਲ ਗੀਤਾ ਭਵਨ ਵਿੱਚ ਨਵ-ਭਾਰਤ ਕਲਾ ਮੰਚ ਰਾਮਪੁਰਾ ਫੂਲ ਦੀ ਟੀਮ ਵੱਲੋਂ ਸ਼ਹੀਦਾਂ ਨੂੰ ਸਮਰਪਿਤ ਨਾਟਕਾਂ ਦਾ ਮੰਚਨ ਕੀਤਾ ਗਿਆ। ਮੰਚ ਵੱਲੋਂ ਸੁਸਾਇਟੀ ਨੂੰ ਵਿਸ਼ੇਸ਼ ਤੌਰ ’ਤੇ ਸੱਦਾ ਪੱਤਰ ਦਿੱਤਾ ਗਿਆ ਸੀ। ਇਸ ਸਮੇਂ ਵੀ ਪੁਸਤਕ ਪ੍ਰਦਰਸ਼ਨੀ ਲਗਾਈ ਗਈ। **ਸੁਰਿੰਦਰ ਰਾਮਪੁਰਾ**

ਇਕਾਈ ਅਰਬਨ ਅਸਟੇਟ ਪਟਿਆਲਾ : ਸੈਮੀਨਾਰ

ਫੇਜ 3 ਦੇ ਈਲਾਈਟ ਕਲੱਬ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ “ਸ਼ਹੀਦਾਂ ਦੀ ਵਿਚਾਰਧਾਰਾ, ਜੀਵ ਦੀ ਉੱਤਪਤੀ ਅਤੇ ਮਨੁੱਖੀ ਵਿਕਾਸ” ਵਿਸ਼ੇ ਉੱਪਰ ਸੈਮੀਨਾਰ ਕਰਵਾਇਆ ਗਿਆ ਜਿਸ ਦੇ ਮੁੱਖ ਬੁਲਾਰੇ ਡਾ. ਯੋਧਾ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਮਨੁੱਖੀ ਵਿਕਾਸ ਦੀ ਗੱਲ ਕੀਤੀ। ਸੈਮੀਨਾਰ ਦੀ ਸ਼ੁਰੂਆਤ ਸ਼ਹੀਦਾਂ ਦੀ ਯਾਦ ਵਿੱਚ 2 ਮਿੰਟ ਦਾ ਮੋਨ ਧਾਰ ਕੇ ਕੀਤੀ ਗਈ। ਇਕਾਈ ਮੁਖੀ ਸੁਰਿੰਦਰ ਪਾਲ ਨੇ ਬੋਲਦਿਆਂ ਕਿਹਾ ਕਿ ਸੁਸਾਇਟੀ ਸ਼ਹੀਦਾਂ ਦੀ ਵਿਚਾਰ ਧਾਰਾ, ਸਮਾਜ ਦੇ ਦੱਬੇ ਕੁਚੱਲੇ ਲੋਕਾਂ ਨੂੰ ਸਮਾਜਿਕ ਨਿਆ, ਨਾ ਬਰਾਬਰੀ, ਧੱਕੇ ਸ਼ਾਹੀ, ਅੰਧ ਵਿਸ਼ਵਾਸ ਵਰਗੀਆਂ ਕੁਰੀਤੀਆਂ ਖਿਲਾਫ਼ ਲੜਾਈ ਜਾਰੀ ਰੱਖੇਗੀ। ਇਸ ਮੌਕੇ ਰਾਮ ਸਿੰਘ ਬੰਗ, ਨਰਿੰਦਰ ਪਾਲ ਸਿੰਘ ਅਤੇ ਹੋਣਹਾਰ ਲੜਕੀ ਦ੍ਰਿਸ਼ਟੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਤਰਕਸ਼ੀਲ ਆਗੂ ਰਾਮ ਕੁਮਾਰ ਨੇ ਜਾਦੂ ਦੇ ਟ੍ਰਿਕ ਕਰਕੇ ਸਰੋਤਿਆਂ ਨੂੰ ਹੈਰਾਨ ਕੀਤਾ ਅਤੇ ਦੱਸਿਆ ਕਿ ਜਾਦੂ ਇੱਕ ਕਲਾ ਹੈ ਜੋ ਆਮ ਲੋਕਾਂ ਦੇ ਮਨੋਰੰਜਨ ਦਾ ਸਾਧਨ ਹੈ। ਅਰਬਨ ਅਸਟੇਟ ਫੇਜ 3 ਦੇ ਪ੍ਰਧਾਨ ਮਨਜੀਤ ਸਿੰਘ ਸ਼ਾਹੀ ਨੇ ਆਪਣੇ ਸਾਥੀਆਂ ਨਾਲ ਸੁਸਾਇਟੀ ਦਾ ਸਨਮਾਨ ਕੀਤਾ। ਸੁਸਾਇਟੀ ਦੇ ਕੰਮਾਂ ਦੀ ਸ਼ਲਾਂਘਾ ਕਰਦਿਆ ਕਿਹਾ ਕਿ ਉਹ ਸੁਸਾਇਟੀ ਦੇ ਪ੍ਰੋਗਰਾਮਾਂ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ। ਫੇਜ 2 ਦੇ ਪ੍ਰਧਾਨ ਰਣਜੀਤ ਸਿੰਘ ਵੀ ਆਪਣੇ ਸਾਥੀਆਂ ਨਾਲ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ ਅਤੇ ਆਪਣਾ ਵੱਧ ਤੋਂ ਵੱਧ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਇਸ ਸੈਮੀਨਾਰ ਦੇ ਸਮਾਰੋਹ ਦੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮੀਡੀਆ ਮੁਖੀ ਅਕਸ਼ੈ ਨੇ ਨਿਭਾਉਂਦੇ ਹੋਏ ਕਿਹਾ ਕਿ ਇਲਾਕਾ ਨਿਵਾਸੀਆਂ ਨੇ ਸੈਮੀਨਾਰ ਵਿੱਚ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ ਹੈ, ਆਉਣ ਵਾਲੇ ਸਮੇਂ ਵਿੱਚ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਵਾਲੇ ਅਜਿਹੇ ਹੋਰ ਪ੍ਰੋਗਰਾਮ ਕੀਤੇ ਜਾਣਗੇ। ਇਸ ਬਹੁਤ ਹੀ ਪ੍ਰਭਾਵਸ਼ਾਲੀ ਸੈਮੀਨਾਰ ਸਮਾਰੋਹ ਵਿੱਚ ਭਾਗ ਲੈਣ ਵਾਲੇ

ਇਲਾਕਾ ਨਿਵਾਸੀਆਂ ਦਾ ਰਾਜੀਵ ਲੋਹਟ ਬੱਧੀ ਵਕੀਲ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਕਲਾਕਾਰ ਗਾਗਟ ਸਾਹਿਬ ਵੱਲੋਂ ਸ਼ਹੀਦਾਂ ਦੇ ਪੇਂਟਿੰਗ ਅਤੇ ਮੈਡਮ ਸਨੇਹ ਲਤਾ ਨੇ ਬੁੱਕ ਪ੍ਰਦਰਸ਼ਨੀ ਲਗਾਈ। ਇਸ ਮੌਕੇ ਡਾ. ਯੋਧਾ ਸਿੰਘ ਵੱਲੋਂ ਇਕਾਈ ਦੀ ਮੈਂਬਰਸ਼ਿਪ ਲਈ ਗਈ ਅਤੇ ਸੈਮੀਨਾਰ ਵਿੱਚ ਆਏ ਸਰੋਤਿਆਂ ਨੇ ਤਰਕਸ਼ੀਲ ਮੈਗਜ਼ੀਨ ਪ੍ਰਾਪਤ ਕਰਨ ਲਈ ਸਲਾਨਾ ਚੰਦੇ ਦੀ ਰਕਮ ਜਮ੍ਹਾਂ ਕਰਵਾਈ। ਸੈਮੀਨਾਰ ਵਿੱਚ ਸੁਸਾਇਟੀ ਆਗੂ ਧਰਮਿੰਦਰ ਸਿੰਘ, ਬਲਵਾਨ ਸਿੰਘ, ਪਰਮਜੀਤ ਸਿੰਘ, ਹਰਪਾਲ ਸਿੰਘ, ਬਲਵਿੰਦਰ ਸਿੰਘ, ਤਰਸੇਮ ਧੂਰੀ, ਰਮਣੀਕ ਸਿੰਘ, ਜਨਕ ਰਾਜ, ਅਮਰਜੀਤ ਕੌਰ ਅਤੇ ਬਹੁਤ ਇਲਾਕਾ ਨਿਵਾਸੀ ਸ਼ਾਮਿਲ ਹੋਏ। – **ਅਕਸ਼ੈ ਕੁਮਾਰ**

ਇਕਾਈ ਮੁਹਾਲੀ: ਯਾਦਗਾਰੀ ਹੋ ਨਿਬੜਿਆ ਚੁੰਨੀ ਖੁਰਦ ਦਾ ਨਾਟਕ ਮੇਲਾ:

23 ਮਾਰਚ ਦੇ ਸ਼ਹੀਦਾਂ ਨੂੰ ਪੇਸ਼ ਕੀਤੀ ਗਈ ਸ਼ਰਧਾਂਜਲੀ

ਇਕਾਈ ਮੁਹਾਲੀ ਵੱਲੋਂ ਸਮੂਹ ਨਗਰ ਨਿਵਾਸੀ ਪਿੰਡ ਚੁੰਨੀ ਖੁਰਦ ਦੇ ਸਹਿਯੋਗ ਨਾਲ ਸਤਵਿੰਦਰ ਚੁੰਨੀ ਦੀ ਸਰਪ੍ਰਸਤੀ ਅਧੀਨ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਦੂਜਾ ਨਾਟਕ ਮੇਲਾ ਕਰਵਾਇਆ ਗਿਆ। ਇਸ ਮੌਕੇ ਚੰਡੀਗੜ੍ਹ ਸਕੂਲ ਆਫ ਡਰਾਮਾ ਵੱਲੋਂ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਭਾਰਤ ਤੋਂ ਵਿਦੇਸ਼ਾਂ ਵੱਲ ਹੋ ਰਹੇ ਪਰਵਾਸ ਦੀ ਬਾਤ ਪਾਉਂਦਾ ਨਾਟਕ 'ਅਸੀਂ ਜਿੱਤਾਂਗੇ', ਸ਼ਹੀਦ ਭਗਤ ਦੀ ਸ਼ਹਾਦਤ ਦੇ ਆਖਰੀ ਪਲਾਂ ਦੀ ਗੱਲ ਕਰਦਾ ਨਾਟਕ 'ਛਿਪਣ ਤੋਂ ਪਹਿਲਾਂ' ਪੇਸ਼ ਕੀਤਾ ਗਿਆ। ਮੇਲੇ ਦਾ ਉਦਘਾਟਨ ਪ੍ਰਿੰਸੀਪਲ ਹਰਿੰਦਰ ਕੌਰ ਗੀਗੇਮਾਜਰਾ ਵਲੋਂ ਕੀਤਾ ਗਿਆ। ਨਾਟਕ ਮੇਲੇ ਮੌਕੇ ਜਾਦੂ ਦੇ ਭੇਦ ਖੋਲ੍ਹਦਿਆਂ ਟਰਿੱਕ ਕਾ. ਬਲਦੇਵ ਜਲਾਲ ਅਤੇ ਜਸਵੀਰ ਸਿੰਘ ਉੱਚਾ-ਪਿੰਡ ਵੱਲੋਂ ਦਿਖਾਏ ਗਏ। ਮੁੱਖ ਬੁਲਾਰੇ ਦੇ ਤੌਰ 'ਤੇ ਸੂਬਾਈ ਆਗੂ ਰਾਜਿੰਦਰ ਭਦੌੜ ਨੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਹੋਰਾਂ ਵਲੋਂ ਦੇਖਿਆ ਗਿਆ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਦੇ ਖਾਤਮੇ ਦਾ ਸੁਫਨਾ ਹਾਲੇ ਪੂਰਾ ਨਹੀਂ ਹੋਇਆ ਹੈ। ਇਸਨੂੰ ਪੂਰਾ ਕਰਨ ਲਈ ਨੌਜਵਾਨਾਂ ਨੂੰ ਲਾਮਬੰਦ ਹੋਣ ਦੀ ਲੋੜ ਹੈ। ਸਮਾਗਮ ਦੀ ਸਟੇਜ ਲੈਕਚਰਾਰ ਸੁਰਜੀਤ ਮੋਹਾਲੀ ਵਲੋਂ ਸੰਭਾਲੀ ਗਈ। ਬੇਟੀ ਪ੍ਰਨੀਤ ਕੌਰ ਵਲੋਂ ਭਗਤ ਸਿੰਘ ਬਾਰੇ ਵਿਚਾਰ ਵੀ ਪ੍ਰਗਟਾਏ ਗਏ ਅਤੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਮੌਕੇ ਜਸਵਿੰਦਰ, ਗੁਰਪ੍ਰੀਤ ਬਲੌਂਗੀ ਅਤੇ ਸ਼ਮਸ਼ੇਰ ਵਲੋਂ ਕਿਤਾਬਾਂ ਦੀ ਸਟਾਲ ਲਗਾਈ ਗਈ। ਸਮਾਗਮ ਨੂੰ ਸਫ਼ਲ ਬਣਾਉਣ ਲਈ ਜਰਨੈਲ ਕਰਾਂਤੀ ਅਤੇ ਸੂਬਾ ਆਗੂ ਜਸਵੰਤ ਮੋਹਾਲੀ ਅਤੇ ਡਾ. ਮਜੀਦ ਆਜ਼ਾਦ ਆਦਿ ਵਲੋਂ ਵੀ ਵਿਸ਼ੇਸ਼ ਰੋਲ ਨਿਭਾਇਆ ਗਿਆ।

ਇਕਾਈ ਫਗਵਾੜਾ- ਤੇਈ ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਮਸ਼ਾਲ ਮਾਰਚ- ਇਲਾਕੇ ਦੀਆਂ ਮਜ਼ਦੂਰ, ਮੁਲਾਜਮ ਅਤੇ ਸਾਹਿਤਕ ਜਥੇਬੰਦੀਆਂ ਨਾਲ ਮਿਲ ਕੇ ਫਗਵਾੜਾ ਵਿਖੇ ਤੇਈ ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਮਸ਼ਾਲ ਮਾਰਚ ਰੈਸਟ ਹਾਊਸ ਫਗਵਾੜਾ ਤੋਂ ਡਾ ਭੀਮ ਰਾਓ ਅੰਬੇਡਕਰ ਦੇ ਬੁੱਤ ਹਰਗੋਬਿੰਦ ਨਗਰ ਤੱਕ ਕੱਢਿਆ ਗਿਆ। ਮਾਰਚ ਤੋਂ ਪਹਿਲਾਂ ਆਗੂਆਂ ਵੱਲੋਂ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਸ਼ਹੀਦ ਭਗਤ ਸਿੰਘ ਵਿਗਿਆਨਕ ਵਿਚਾਰਾਂ ਦੇ ਧਾਰਨੀ, ਮਹਾਨ ਬੁੱਧੀਜੀਵੀ ਅਤੇ ਮਿਹਨਤਕਸ਼ ਲੋਕਾਂ ਦੇ ਨਾਇਕ ਸਨ। ਦੇਸ ਦੇ ਹਾਕਮਾਂ ਵਲੋਂ ਫੈਲਾਈ ਜਾ ਰਹੀ ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਦੀ ਨਿਖੇਧੀ ਕਰਦਿਆਂ ਮਿਹਨਤਕਸ਼ ਲੋਕਾਂ ਨੂੰ ਹਾਕਮਾਂ ਦੀਆਂ ਕੋਝੀਆਂ ਹਰਕਤਾਂ ਤੋਂ ਬਚਣ ਅਤੇ ਆਪਣੀ ਭਾਈਚਾਰਕ ਸਾਂਝ ਮਜਬੂਤ ਕਰਨ 'ਤੇ ਜੋਰ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਭਗਤ ਦੇ ਵਿਚਾਰਾਂ ਨੂੰ ਡੂੰਘਾਈ ਨਾਲ ਪੜ੍ਹ ਕੇ ਵਿਚਾਰ ਕਰਨ ਅਤੇ ਉਨ੍ਹਾਂ ਨੂੰ ਅਪਣਾ ਕੇ ਆਪਣੇ ਹੱਕਾਂ ਲਈ ਹਮਖਿਆਲ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਕਰਨਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਰੈਲੀ ਨੂੰ ਜਸਵਿੰਦਰ ਸਿੰਘ, ਸੁਖਦੇਵ ਫਗਵਾੜਾ, ਸੁਰਿੰਦਰਪਾਲ ਪੱਦੀ, ਪ੍ਰੋਫੈਸਰ ਜਸਕਰਨ ਸਿੰਘ, ਮਾ. ਗੁਰਮੁਖ ਸਿੰਘ, ਭੈਣ ਕਮਲੇਸ਼ ਸੰਧੂ ਤੇ ਸਾਧੂ ਸਿੰਘ ਜੱਸਲ ਆਦਿ ਨੇ ਸੰਬੋਧਨ ਕੀਤਾ। ਇੰਨ੍ਹਾਂ ਤੋਂ ਇਲਾਵਾ ਰੈਲੀ ਵਿੱਚ ਪ੍ਰਿੰਸੀਪਲ ਕੇਵਲ ਸਿੰਘ, ਪ੍ਰਿੰਸੀਪਲ ਮੋਹਨ ਲਾਲ ਅਨੋਖਰਵਾਲ, ਪ੍ਰਿੰਸੀਪਲ ਤਰਸੇਮ ਅਹੀਰ, ਹੈੱਡਮਾਸਟਰ ਪਿਆਰਾ ਸਿੰਘ, ਪ੍ਰਸਿੱਧ ਲੇਖਕ ਰਵਿੰਦਰ ਸਿੰਘ ਚੋਟ, ਪ੍ਰੀਤ ਸਾਹਿਤ ਸਭਾ ਦੇ ਸਕੱਤਰ ਗੁਰਮੀਤ ਸਿੰਘ ਰੱਤੂ, ਡਾਕਟਰ ਮੋਰੀਆ ਜੀ, ਮਾ. ਕੁਲਦੀਪ ਸਿੰਘ, ਮਾ. ਮਲਕੀਤ ਸਿੰਘ, ਕੁਲਵਿੰਦਰ ਸਿੰਘ, ਮਹਿੰਦਰ ਸਿੰਘ ਟਿੱਬੀ, ਲਸ਼ਕਰ ਸਿੰਘ, ਮਾ. ਰਵਿੰਦਰ ਸਿੰਘ, ਮਾ. ਹਰਜਿੰਦਰ ਸਿੰਘ, ਗੋਲਡੀ ਬਾਬਾ ਗਧੀਆ, ਸੁਰਿੰਦਰਪਾਲ ਦੁਸਾਂਝ, ਅਵਿਨਾਸ਼ ਹਰਦਾਸਪੁਰ, ਅਸ਼ੋਕ ਕੁਮਾਰ ਦੁਸਾਂਝ ਤੇ ਸਾਥੀ ਕਵੀ ਹਰਚਰਨ ਭਾਰਤੀ, ਮਜਦੂਰ ਆਗੂ ਰਾਜੇਸ ਬੌਬੀ, ਕਾਲਾ ਪ੍ਰਧਾਨ, ਆਜ਼ਾਦ ਰੰਗ ਮੰਚ ਫਗਵਾੜਾ ਦੇ ਨਿਰਦੇਸ਼ਕ ਰਣਜੀਤ ਗੰਮਨੂ, ਬੀਬਾ ਕੁਲਵੰਤ ਆਦਿ ਹਾਜਰ ਸਨ। ਆਖਰ ਵਿੱਚ ਆਜਾਦ ਰੰਗ ਮੰਚ ਦੇ ਕਲਾਕਾਰਾਂ ਵਲੋਂ ਸ਼ਹੀਦ ਭਗਤ ਸਿੰਘ ਦੀ ਘੋੜੀ ਦੀ ਭਾਵਪੂਰਤ ਕੋਰੀਓਗਰਾਫੀ ਕੀਤੀ ਗਈ। - **ਸੁਖਦੇਵ ਫਗਵਾੜਾ**

ਪਹਿਲੀ ਔਰਤ ਅਧਿਆਪਕਾ ਸਵਿੱਤਰੀ ਬਾਈ ਫੂਲੇ ਨੂੰ ਦਿੱਤੀ ਸ਼ਰਧਾਂਜਲੀ: ਪਟਿਆਲਾ ਅਰਬਨ ਅਸਟੇਟ ਫੇਜ-2

ਪਾਰਕ ਵਿਖੇ ਇਕਾਈ ਦੇ ਜਥੇਬੰਦਕ ਮੁਖੀ ਦੀ ਪ੍ਰਧਾਨਗੀ ਹੇਠ ਹੋਈ ਇਹ ਇਕੱਤਰਤਾ ਭਾਰਤ ਦੀ ਪਹਿਲੀ ਔਰਤ ਅਧਿਆਪਕਾ ਸਵਿੱਤਰੀ ਬਾਈ ਫੂਲੇ ਨੂੰ ਸਮਰਪਿਤ ਕੀਤੀ ਗਈ। ਉਨ੍ਹਾਂ ਦੇ ਬਲੀਦਾਨ ਦਿਵਸ ਮੌਕੇ ਉਹਨਾਂ ਵਲੋਂ ਉਸ ਸਮੇਂ ਦੇ ਪਿਛੜੇ ਵਰਗ ਦੇ ਦੱਬੇ ਕੁੱਚਲੇ ਲੋਕਾਂ ਨੂੰ ਸਮਾਜ ਵਿੱਚ ਸਮਾਨਤਾ, ਦਲਿਤ ਔਰਤਾਂ/ਲੜਕੀਆਂ ਨੂੰ ਪੜਾਉਣਾ, ਵਿਧਵਾ ਪੁਨਰ ਵਿਆਹ ਅਤੇ ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸ਼ ਵਰਗੀਆਂ ਕੁਰੀਤੀਆਂ ਦਾ ਡੱਟ ਕੇ ਵਿਰੋਧ ਕਰਨ ਲਈ ਯਾਦ ਕੀਤਾ ਗਿਆ। ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। **- ਅਕਸ਼ੈ**

ਇਕਾਈ ਰੋਪੜ : 1. ਕਾਮਰੇਡ ਸੁਰਜੀਤ ਸਿੰਘ ਢੇਰ ਨੂੰ ਸਿੱਖਿਆ ਮੰਤਰੀ ਦੇ ਰਿਸ਼ਤੇਦਾਰ ਵੱਲੋਂ ਅਪਮਾਨਜਨਕ ਸ਼ਬਦ ਬੋਲੇ ਜਾਣ ਸਬੰਧੀ ਰੱਖੇ ਰੋਸ ਧਰਨੇ ਵਿੱਚ ਇਕਾਈ ਵੱਲੋਂ ਸ਼ਮੂਲੀਅਤ ਕੀਤੀ ਗਈ। 2. ਲਾਈਫ ਲਾਈਨ ਬਲੱਡ ਡੋਨਰ ਸੁਸਾਇਟੀ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਲਗਾਏ ਖੂਨ ਦਾਨ ਕੈਂਪ ਵਿੱਚ ਕਿਤਾਬਾਂ ਦੇ ਪ੍ਰਦਰਸ਼ਨੀ ਲਗਾਈ। 3. ਮਜ਼ਦੂਰ, ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਵੱਲੋਂ 23 ਮਾਰਚ ਨੂੰ ਰੱਖੇ ਪ੍ਰੋਗਰਾਮ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਸਮਾਗਮ ਵਿੱਚ ਸੁਸਾਇਟੀ ਵੱਲੋਂ ਇਕਾਈ ਨੇ ਸ਼ਮੂਲੀਅਤ ਕੀਤੀ। ਅਸ਼ੋਕ ਕੁਮਾਰ ਜੀ ਵੱਲੋਂ ਸ਼ਹੀਦਾਂ ਦੇ ਵਿਚਾਰਾਂ ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ। ਸ਼ਹੀਦਾਂ ਨੂੰ ਸਮਰਪਿਤ ਸਾਹਿਤ ਵੰਡਿਆ ਅਤੇ ਪਿੰਡ ਸਰਥਲੀ ਵਿਖੇ ਪੇਂਡੂ ਖੇਡ ਮੇਲੇ ਵਿੱਚ ਸ਼ਹੀਦਾਂ ਦੇ ਵਿਚਾਰਾਂ ਵਾਲੇ ਪਰਚੇ ਵੀ ਵੰਡੇ। 4. ਤਰਕਸ਼ੀਲ ਲਹਿਰ ਦੇ ਬਾਨੀ ਡਾਕਟਰ ਅਬਰਾਹਮ ਟੀ ਕਾਵੂਰ ਜੀ ਦੇ ਜਨਮ ਦਿਨ 10 ਅਪ੍ਰੈਲ ਨੂੰ ਵੇਰਕਾ ਮਿਲਕ ਪਲਾਂਟ ਨਵਾਂ ਬਸ ਸਟੈਂਡ ਅਤੇ ਬਸਾਂ ਵਿੱਚ ਸਵਾਰੀਆਂ ਨੂੰ ਡਾ. ਕਾਵੂਰ ਜੀ ਦੇ ਜੀਵਨ ਨਾਲ ਸਬੰਧਤ ਪਰਚੇ ਵੰਡੇ। ਇਹਨਾਂ ਗਤੀਵਿਧੀਆਂ ਵਿੱਚ ਇਕਾਈ ਮੁਖੀ ਅਸ਼ੋਕ ਕੁਮਾਰ, ਪਵਨ ਰੱਤੋ, ਬਲਵੀਰ ਖੈਰਾਬਾਦ, ਪਵਨ ਰੱਤੋ ਜੀ ਦੀ ਬੇਟੀ ਕਿੱਟੀ ਅਤੇ ਉਹਨਾਂ ਦੇ ਪੁੱਤਰ, ਦਵਿੰਦਰ ਸਰਥਲੀ, ਪਰਵਿੰਦਰ, ਭੀਮ ਸੈਨ ਜੀ ਤੇ ਉਹਨਾਂ ਦਾ ਭਾਣਜਾ ਸ਼ਾਮਲ ਸਨ। **-ਮਾ. ਪਰਵਿੰਦਰ**

ਜੋਨ ਬਠਿੰਡਾ- ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਬਠਿੰਡਾ ਵੱਲੋਂ ਵਿਸਾਖੀ ਮੇਲਾ ਤਲਵੰਡੀ ਸਾਬੋ ਵਿਖੇ ਦੋ ਦਿਨ ਪੁਸਤਕ ਪ੍ਰਦਰਸ਼ਨੀ ਅਤੇ ਜਾਦੂ ਦੇ ਸ਼ੋਅ ਦਿਖਾ ਕੇ ਲੋਕਾਂ ਨੂੰ ਸਾਹਿਤ ਨਾਲ ਜੋੜਦਿਆਂ ਅਤੇ ਆਪਣਾ ਸੋਚਣ ਢੰਗ ਵਿਗਿਆਨਕ ਬਣਾ ਕੇ ਆਪਣੀ ਹੋਣੀ ਦੇ ਮਾਲਕ ਆਪ ਬਣਨ ਅਤੇ ਆਪਣੀ ਕਿਸਮਤ ਆਪ ਘੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਅਗਾਂਹ ਵਧੂ ਸਾਹਿਤ ਲੋਕਾਂ ਤੱਕ ਪੁੱਜਦਾ ਕੀਤਾ ਗਿਆ। ਇਸ ਪ੍ਰੋਗ੍ਰਾਮ ਵਿਚ ਤਲਵੰਡੀ ਸਾਬੋ, ਮੌੜ, ਰਾਮਪੁਰਾ ਅਤੇ ਬਠਿੰਡਾ ਇਕਾਈਆਂ ਦਾ ਸਹਿਯੋਗ ਰਿਹਾ। ਇਸ ਤੋਂ ਇਲਾਵਾ MH1 ਚੈਨਲ ਦਾ ਇਸ ਪ੍ਰੋਗਰਾਮ ਦੀ ਕਵਰੇਜ ਲਈ ਅਤੇ ਇਸ ਪ੍ਰੋਗ੍ਰਾਮ ਲਈ ਢੁੱਕਵੀ ਜਗਾਹ ਮੁਹੱਈਆ ਕਰਵਾਉਣ ਲਈ ਸ਼ੈਂਕੀ ਐਂਟਰਪ੍ਰਾਈਜ ਤਲਵੰਡੀ ਦਾ ਬਹੁਤ ਸਹਿਯੋਗ ਰਿਹਾ। ਇਕਾਈ ਤਲਵੰਡੀ ਦੇ ਆਗੂ ਜਗਦੀਪ ਸਿੰਘ ਗਿੱਲ, ਇਕਾਈ ਮੌੜ ਮੰਡੀ ਤੋਂ ਰਮਨਦੀਪ ਸਿੰਘ ਜੋਧਪੁਰ ਪਾਖਰ, ਇਕਾਈ ਬਠਿੰਡਾ ਦੇ ਤਰਕਸ਼ੀਲ ਜਾਦੂਗਰ ਕੁਲਵੰਤ ਸਿੰਘ ਨੇ "ਜਾਦੂ ਨਾ ਕਾਲਾ ਨਾ ਚਿੱਟਾ, ਜਾਦੂ ਹੱਥ ਸਫ਼ਾਈ ਦਾ ਸਿੱਟਾ" ਦੇ ਮਾਟੋ ਨੂੰ ਬੁਲੰਦ ਕਰਦਿਆਂ ਹੈਰਾਨੀਜਨਕ ਜਾਦੂ ਦੇ ਸ਼ੋਅ/ਮੈਜਿਕ ਟ੍ਰਿਕਸ ਅਤੇ ਤਰਕਸ਼ੀਲ ਵਿਚਾਰ ਪੇਸ਼ ਕੀਤੇ। ਤਰਕਸ਼ੀਲ ਸੁਸਾਇਟੀ ਜੋਨ ਬਠਿੰਡਾ ਦੇ ਜੋਨ ਆਗੂਆਂ ਬਲਰਾਜ ਸਿੰਘ ਮੌੜ ਅਤੇ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਨੇ ਆਪਣੇ ਤਰਕਸ਼ੀਲ ਵਿਚਾਰ ਸਾਂਝੇ ਕਰਦਿਆਂ ਲੋਕਾਂ ਨੂੰ ਵਿਗਿਆਨਕ ਵਿਚਾਰਾਂ ਵਾਲੀਆਂ ਤਰਕਸ਼ੀਲ ਕਿਤਾਬਾਂ, ਮੈਗਜੀਨ ਅਤੇ ਮਨੋਵਿਗਿਆਨ ਨਾਲ ਸਬੰਧਿਤ ਲਿਖਤਾਂ ਪੜ੍ਹ ਕੇ ਆਪਣੀ ਸਮਝ ਅਤੇ ਨਜ਼ਰੀਆ ਵਿਗਿਆਨਕ ਬਣਾਕੇ ਮਾਨਸਿਕ ਅਤੇ ਸਮਾਜਿਕ ਚੇਤਨਾ ਪੈਦਾ ਕਰਨ ਵਿੱਚ ਰੋਲ ਨਿਭਾਉਣ ਦੀ ਅਪੀਲ ਕੀਤੀ। ਇਸ ਸਮੇਂ ਤਰਕਸ਼ੀਲ ਪੁਸਤਕਾਂ, ਮੈਗਜ਼ੀਨਾਂ, ਲੋਕ ਪੱਖੀ ਗੀਤਾਂ, ਕਹਾਣੀਆਂ ਦੀਆਂ ਕਿਤਾਬਾਂ ਅਤੇ ਲੋਕ ਨਾਇਕਾਂ, ਕੌਮੀ ਸ਼ਹੀਦਾਂ ਦੇ ਵਿਚਾਰਾਂ ਵਾਲੇ ਸਾਹਿਤ ਅਤੇ ਚਿੱਤਰ ਪ੍ਰਦਰਸ਼ਨੀ ਮਾਸਟਰ ਗਿਆਨ ਸਿੰਘ ਆਗੂ ਇਕਾਈ ਬਠਿੰਡਾ ਦੀ ਅਗਵਾਈ ਵਿੱਚ ਆਪਣੀ ਤਰਕਸ਼ੀਲ ਟੀਮ ਦੇ ਸਾਥੀਆਂ ਦੇ ਸਹਿਯੋਗ ਨਾਲ ਦੋ ਦਿਨ-ਰਾਤ ਲਾਈ ਗਈ।

ਇਕਾਈ ਜਲੰਧਰ- 23 ਮਾਰਚ ਨੂੰ ਕੁੱਝ ਮੈਂਬਰਾਂ ਨੇ ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਦੇ ਪਿੰਡ), ਕੁੱਝ ਨੇ ਤਲਵੰਡੀ ਸਲੇਮ (ਕ੍ਰਾਂਤੀਕਾਰੀ ਕਵੀ ਅਵਤਾਰ ਪਾਸ਼ ਦੇ ਪਿੰਡ) ਅਤੇ ਕੁੱਝ ਨੇ ਹੁਸ਼ਿਆਰਪੁਰ ਵਿਖੇ ਹੋਏ ਸਮਾਗਮਾਂ ਵਿੱਚ ਸਰਗਰਮ ਸ਼ਮੂਲੀਅਤ ਕੀਤੀ। 5 ਅਪ੍ਰੈਲ ਨੂੰ ਦਿੱਲੀ ਮਜ਼ਦੂਰ ਕਿਸਾਨ ਸੰਘਰਸ਼ ਰੈਲੀ ਵਿੱਚ ਸ਼ਾਮਲ ਹੋਏ। 14 ਅਪ੍ਰੈਲ ਨੂੰ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ 'ਤੇ ਡਾ. ਅੰਬੇਦਕਰ ਭਵਨ ਵਿਖੇ ਹੋਏ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ 'ਪਾਖੰਡੀਆਂ ਨੂੰ ਖੁੱਲ੍ਹੀ ਚੁਣੌਤੀ' ਪਰਚਾ ਵੰਡਿਆ। ਇਹਨਾਂ ਸਾਰੀਆਂ ਸਰਗਰਮੀਆਂ ਵਿੱਚ ਨਸੀਬ ਚੰਦ ਬੱਬੀ (ਜਥੇਬੰਦਕ ਮੁਖੀ), ਵਿਜੈ ਰਾਹੀ, ਡਾ. ਕਮਲਸ਼ੀਲ, ਵਿਸ਼ਵਾ ਮਿੱਤਰ ਬੰਮੀ, ਸਰਪੰਚ ਰਮੇਸ਼ ਚੋਹਕਾ, ਸੂਬੇਦਾਰ ਮੇਜਰ ਪਰਮਜੀਤ ਸਿੰਘ, ਪਰਮਜੀਤ ਸਿੰਘ ਕਿਰਤੀ, ਪਰਮਜੀਤ ਲਾਲ ਨਾਰੰਗਪੁਰ ਅਤੇ ਅਰੁਣ ਤਰਕਸ਼ੀਲ ਸ਼ਾਮਲ ਹੋਏ। **- ਨਸੀਬ ਚੰਦ ਬੱਬੀ**

ਜ਼ੋਨ ਮਾਨਸਾ: ਸ਼ਹੀਦਾਂ ਦਾ ਸਿਲੇਬਸ ਪਾਠਕ੍ਰਮ 'ਚੋਂ ਕੱਢਣ ਦਾ ਵਿਰੋਧ: ਜਾਰੀ ਕੀਤਾ ਮੈਗਜੀਨ :
ਜੋਨ ਆਗੂ ਅੰਮ੍ਰਿਤ ਰਿਸ਼ੀ ਦੀ ਪ੍ਰਧਾਨਗੀ ਹੇਠ ਤਰਕਸ਼ੀਲ ਮੈਗਜੀਨ ਜਾਰੀ ਕੀਤਾ ਗਿਆ। ਉਨ੍ਹਾਂ ਆਪਣੀ ਤਕਰੀਰ ਦੌਰਾਨ ਕਿਹਾ ਕਿ ਅੱਜ ਵਿਗਿਆਨ ਦੇ ਯੁੱਗ ਵਿੱਚ ਸਰਕਾਰਾਂ ਲੋਕਾਂ 'ਚ ਅੰਧਵਿਸ਼ਵਾਸ ਦਾ ਪ੍ਰਚਾਰ ਕਰਕੇ 16ਵੀਂ ਸਦੀ ਵੱਲ ਨੂੰ ਧੱਕ ਰਹੀਆਂ ਹਨ, ਇਹ ਕਦੇ ਨਹੀਂ ਹੋ ਸਕਦਾ।ਉਨ੍ਹਾਂ ਕਿਹਾ ਕਿ ਬੁੱਧੀਜੀਵੀਆਂ, ਤਰਕਸ਼ੀਲਾਂ ਤੇ ਪੱਤਰਕਾਰਾਂ ਉੱਤੇ ਹਮਲੇ ਹੋ ਰਹੇ ਹਨ ਜਾਂ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਾਨ੍ਹਾਮੱਤੇ ਇਤਿਹਾਸ ਨੂੰ ਖਤਮ ਕਰਨ ਲਈ ਸਰਕਾਰ ਸਕੂਲ/ਕਾਲਜ ਦੇ ਸਿਲੇਬਸਾਂ 'ਚ ਸ਼ਹੀਦਾਂ ਦੇ ਪਾਠਕ੍ਰਮ ਕੱਢਣ 'ਤੇ ਲੱਗੀ ਹੋਈ ਹੈ। **- ਭੁਪਿੰਦਰ ਫੌਜੀ**

ਇਕਾਈ ਅੰਮ੍ਰਿਤਸਰ- ਕੌਮਾਂਤਰੀ ਔਰਤ ਦਿਵਸ ਮਨਾਇਆ:
ਇਕਾਈ ਵੱਲੋਂ 'ਸਮਾਜ ਵਿੱਚ ਔਰਤਾਂ ਦੇ ਜਮਹੂਰੀ ਹੱਕਾਂ ਦੀ ਹੋ ਰਹੀ ਉਲੰਘਣਾ ਅਤੇ ਸਾਡੀ ਜਿੰਮੇਵਾਰੀ ' ਵਿਸ਼ੇ 'ਤੇ ਕੌਮਾਂਤਰੀ ਔਰਤ ਦਿਵਸ ਨੂੰ ਸਮਰਪਤ ਇੱਕ ਸੈਮੀਨਾਰ 5 ਮਾਰਚ ਨੂੰ ਕਰਵਾਇਆ, ਜਿਸਦੀ ਪ੍ਰਧਾਨਗੀ ਤਰਕਸ਼ੀਲ ਚਿੰਤਕ ਡਾ. ਸ਼ਿਆਮ ਸੁੰਦਰ ਦੀਪਤੀ, ਊਸ਼ਾ ਦੀਪਤੀ, ਤਰਕਸ਼ੀਲ ਕਾਰਕੁੰਨ ਦਮਨਜੀਤ ਕੌਰ ਅਤੇ ਸ਼ਰਨਜੀਤ ਕੌਰ ਨੇ ਕੀਤੀ। ਮੁੱਖ ਬੁਲਾਰੇ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਸਮਾਜ ਵਿੱਚ ਔਰਤ ਨੂੰ ਅਨਪੜ੍ਹਤਾ, ਗੁਲਾਮੀ, ਨਾ-ਬਰਾਬਰੀ, ਰੂੜੀਵਾਦੀ ਮਾਨਸਿਕਤਾ ਅਤੇ ਜਬਰ ਜੁਲਮ ਦਾ ਸ਼ਿਕਾਰ ਬਣਾਉਣ ਵਿੱਚ ਕੁੱਝ ਧਰਮਾਂ ਦੇ ਰੂੜੀਵਾਦੀ ਗ੍ਰੰਥਾਂ ਅਤੇ ਪ੍ਰਚਾਰਕਾਂ ਨੇ ਨਾਂਹ ਪੱਖੀ ਰੋਲ ਨਿਭਾਇਆ ਹੈ। ਮਾਝਾ ਜ਼ੋਨ ਦੇ ਮੁਖੀ ਰਾਜਵੰਤ ਬਾਗੜੀਆ, ਦਮਨਜੀਤ ਕੌਰ ਅਤੇ ਊਸ਼ਾ ਦੀਪਤੀ ਨੇ ਔਰਤਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਸਮਾਜ ਦੇ ਵੱਡੇ ਹਿੱਸੇ ਨੇ ਔਰਤਾਂ ਪ੍ਰਤੀ ਸਤਿਕਾਰ, ਸਮਾਜਿਕ ਬਰਾਬਰੀ ਦੇਣ ਲਈ ਕਦੇ ਸੁਹਿਰਦਤਾ ਨਹੀਂ ਵਿਖਾਈ। ਸੀਨੀਅਰ ਰੰਗ ਮੰਚ ਅਦਾਕਾਰਾ ਸੁਖਵਿੰਦਰ ਕੌਰ ਅਤੇ ਸ਼ਰਨਜੀਤ ਕੌਰ ਨੇ ਕਿਹਾ ਕਿ ਔਰਤਾਂ ਨੂੰ ਪਾਖੰਡੀ ਬਾਬਿਆਂ ਦੇ ਡੇਰਿਆਂ, ਆਸ਼ਰਮਾਂ, ਜੋਤਸ਼ੀਆਂ, ਪੁਜਾਰੀ ਵਰਗ ਅੱਗੇ ਨੱਕ ਰਗੜਨ ਦਾ ਥਾਂ ਵਿਗਿਆਨਿਕ ਸੋਚ ਦੇ ਧਾਰਨੀ ਬਣ ਕੇ ਆਪਣੇ ਜਮਹੂਰੀ ਹੱਕ ਲੈਣ ਲਈ ਹਰ ਜ਼ਬਰ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ। ਸੁਮੀਤ ਸਿੰਘ ਅਤੇ ਐਡਵੋਕੇਟ ਅਮਰਜੀਤ ਬਾਈ ਨੇ ਮੋਦੀ ਸਰਕਾਰ ਦੇ ਮੌਜੂਦਾ ਫਿਰਕੂ ਫਾਸ਼ੀਵਾਦ ਅਤੇ 'ਬੇਟੀ ਪੜਾਓ-ਬੇਟੀ ਬਚਾਓ' ਦੇ ਫਿਰਕੂ ਨਾਅਰੇ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਔਰਤਾਂ ਨੂੰ ਆਪਣੇ ਹੱਕ ਲੈਣ ਲਈ ਖ਼ੁਦ ਅੱਗੇ ਆਉਣਾ ਪਵੇਗਾ। ਇਕਾਈ ਜੰਡਿਆਲਾ ਤੋਂ ਬੇਟੀ ਬਲਜੀਤ ਕੌਰ ਨੇ ਔਰਤ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਅਦਾਕਾਰ ਸੁਖਵਿੰਦਰ ਵਿਰਕ ਵੱਲੋਂ ਮਰਨ ਉਪਰੰਤ ਆਪਣਾ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਸੌਂਪਣ ਸੰਬੰਧੀ ਹਲਫੀਆ ਬਿਆਨ ਆਗੂਆਂ ਨੂੰ ਸੌਂਪਿਆ ਗਿਆ। ਇਕਾਈ ਮੁਖੀ ਜਸਪਾਲ ਬਾਸਰਕੇ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਡਾ.ਪਰਸ਼ੋਤਮ ਲਾਲ, ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਮਨਜੀਤ ਬਾਸਰਕੇ, ਬਲਦੇਵ ਰਾਜ ਵੇਰਕਾ, ਸ਼ਕਤੀ ਕੁਮਾਰ, ਸੁਖਜੀਤ ਸਿੰਘ, ਹਰਜਿੰਦਰ ਜਲਾਲਪੁਰ, ਕਾ.ਬਲਵਿੰਦਰ ਦੁਧਾਲਾ, ਪੈਰਾ ਮੈਡੀਕਲ ਆਗੂ ਪ੍ਰੇਮ ਚੰਦ, ਰਾਜ ਕੁਮਾਰ ਵੇਰਕਾ, ਪ੍ਰੋ. ਹੇਮੰਤ ਕੁਮਾਰ, ਬਨਾਰਸੀ ਦਾਸ, ਰਮੇਸ਼ ਜੈਨ, ਅਨਮੋਲ ਸਿੰਘ, ਪਰਮਜੀਤ ਸਿੰਘ, ਨਵਰੀਤ, ਨਵਜੀਤ, ਕਪਤਾਨ ਸਿੰਘ ਮਾਨਾਂ ਵਾਲਾ ਇਕਾਈ ਜੰਡਿਆਲਾ, ਸੁਰਿੰਦਰ ਕੁਮਾਰ ਜੀਰਾ, ਹਰਜੀਤ ਕੌਰ, ਪ੍ਰੀਤੀ ਸ਼ਮਾ ਆਦਿ ਹਾਜ਼ਰ ਸਨ।

2. ਜਲ੍ਹਿਆਂ ਵਾਲੇ ਬਾਗ ਦੇ ਮੂਲ ਸਰੂਪ ਨੂੰ ਬਹਾਲ ਕਰਵਾਉਣ ਲਈ ਕੀਤਾ ਤਰਕਸ਼ੀਲਾਂ ਨੇ ਰੋਸ ਮੁਜਾਹਰਾ :
ਲੋਕ ਪੱਖੀ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਜਲ੍ਹਿਆ ਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਵੱਲੋਂ ਜੱਲਿਆਂ ਵਾਲਾ ਬਾਗ ਦੇ ਸੁੰਦਰੀਕਰਨ ਅਤੇ ਨਵੀਨੀਕਰਨ ਦੇ ਨਾਮ ਹੇਠ ਇਸ ਦੇ ਮੂਲ ਸਰੂਪ, ਇਤਿਹਾਸਕ ਤੱਥਾਂ ਅਤੇ ਇਨਕਲਾਬੀ ਵਿਰਾਸਤ ਨਾਲ ਛੇੜ ਛਾੜ ਕਰਨ ਦੇ ਵਿਰੋਧ ਵਿੱਚ 9 ਅਪ੍ਰੈਲ ਨੂੰ ਜੱਲ੍ਹਿਆਂ ਵਾਲਾ ਬਾਗ ਦੇ ਸਾਹਮਣੇ ਰੋਸ ਮੁਜਾਹਰਾ ਕੀਤਾ ਗਿਆ ਅਤੇ ਇਸਦੇ ਮੂਲ ਸਰੂਪ ਅਤੇ ਇਤਿਹਾਸਕ ਤੱਥਾਂ ਨੂੰ ਬਹਾਲ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਕਿਹਾ ਕਿ ਟਰੱਸਟ ਨੇ ਪਿਛਲੇ 3 ਸਾਲ ਤੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦੇ ਜਥੇਬੰਦਕ ਦਬਾਅ ਹੇਠ ਈ. ਟਿਕਟਿੰਗ ਬੈਰੀਅਰ ਤਾਂ ਹਟਾ ਦਿੱਤੇ ਪਰ ਮੁੱਖ ਦਰਵਾਜੇ 'ਤੇ ਟਿਕਟ ਕਾਊਂਟਰ ਅਤੇ ਗਲੀ ਵਿੱਚ ਨੱਚਦੇ-ਟੱਪਦੇ ਲੋਕਾਂ ਦੀਆਂ ਮੂਰਤੀਆਂ ਨੂੰ ਨਹੀਂ ਹਟਾਇਆ, ਇਸ ਸਭ ਕੁੱਝ ਕਰਾਉਣ ਲਈ ਸੰਘਰਸ਼ ਜਾਰੀ ਰਹੇਗਾ। ਬੀ.ਕੇ.ਯੂ. (ਏਕਤਾ ਉਗਰਾਹਾਂ) ਦੇ ਕਿਸਾਨ ਆਗੂ ਗੁਰਬਚਨ ਸਿੰਘ, ਪੀ.ਐਸ.ਯੂ. ਲਲਕਾਰ ਦੇ ਵਿਦਿਆਰਥੀ ਆਗੂਆਂ ਰਵਿੰਦਰ, ਗੁਰਪ੍ਰੀਤ, ਸਿਮਰਨ ਅਤੇ ਤਰਕਸ਼ੀਲ ਆਗੂਆਂ ਬਲਦੇਵ ਰਾਜ ਵੇਰਕਾ ਅਤੇ ਜਸਪਾਲ ਬਾਸਰਕੇ ਨੇ ਮੋਦੀ ਸਰਕਾਰ ਵੱਲੋਂ ਜਮਹੂਰੀਅਤ ਅਤੇ ਫੈਡਰਲ ਢਾਂਚੇ 'ਤੇ ਕੀਤੇ ਜਾ ਰਹੇ ਹਮਲਿਆਂ ਦਾ ਡਟਵਾਂ ਵਿਰੋਧ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਮਾ. ਕੁਲਜੀਤ ਵੇਰਕਾ, ਅਸ਼ਵਨੀ ਕੁਮਾਰ, ਪੈਰਾ ਮੈਡੀਕਲ ਸਟਾਫ਼ ਐਸੋਸੀਏਸ਼ਨ ਦੇ ਆਗੂ ਨਰਿੰਦਰ ਸਿੰਘ, ਉੱਘੇ ਸ਼ਾਇਰ ਡਾ. ਮੋਹਨ, ਤਰਕਸ਼ੀਲ ਆਗੂ ਸੁਖਮੀਤ ਸਿੰਘ, ਰਾਜ ਕੁਮਾਰ ਵੇਰਕਾ, ਹਰਜਿੰਦਰ ਜਲਾਲਪੁਰ, ਮੇਲਾ ਰਾਮ ਬੀ.ਈ.ਓ; ਵਿਦਿਆਰਥੀ ਆਗੂ ਪ੍ਰਨੀਤ, ਤਰਕਸ਼ੀਲ ਰਮੇਸ਼ ਜੈਨ, ਬਨਾਰਸੀ ਦਾਸ, ਅਨਮੋਲ ਸਿੰਘ, ਦਮਨਜੀਤ ਕੌਰ, ਹਰਜੀਤ ਕੌਰ, ਸੁਖਵਿੰਦਰ ਕੌਰ, ਕੈਪਟਨ ਕੁਲਵਿੰਦਰ ਸਿੰਘ, ਬੀ.ਐਮ. ਸਿੰਘ ਅਤੇ ਲੇਖਕ ਜਸਵੀਰ ਝਬਾਲ ਆਦਿ ਮੌਜੂਦ ਸਨ।

- ਸੁਮੀਤ ਸਿੰਘ (ਇਕਾਈ ਜਥੇਬੰਦਕ ਮੁਖੀ)

ਪ੍ਰਾਪਤ ਆਰਥਿਕ ਸਹਾਇਤਾ

ਸੁਸਾਇਟੀ ਸਹਾਇਤਾ

1. ਅੱਛਰ ਸਿੰਘ ਖਰਲਵੀਰ ਇੰਗਲੈਂਡ
(ਉੱਘੇ ਤਰਕਸ਼ੀਲ ਆਗੂ) 3000 ਰੁ.

2 ਜੋਨ ਚੰਡੀਗੜ੍ਹ ਦੀ ਇਕਾਈ ਸੰਘੋਲ ਦੇ ਸਾਥੀ ਅਸ਼ੋਕ ਕੁਮਾਰ ਜੀ ਵੱਲੋਂ (ਆਪਣੇ ਬੇਟੇ ਦੀਪਕ ਰਾਣਾ ਦੇ ਵਿਆਹ ਦੀ ਖੁਸ਼ੀ ਵਿੱਚ) 2000 ਰੁ.

ਮੈਗਜ਼ੀਨ ਸਹਾਇਤਾ

ਡਾ. ਕਮਲਸ਼ੀਲ (ਜਲੰਧਰ) ਵੱਲੋਂ ਆਪਣੇ ਪਿਤਾ ਬਿਹਾਰੀ ਲਾਲ ਖਾਰ ਜੀ ਦੀ ਸਲਾਨਾ ਬਰਸੀ ’ਤੇ 500 ਰੁ.

ਡਾ. ਮਨਜਿੰਦਰ ਸਿੰਘ ਸਰਾਂ ਲੰਬੀ (ਪਿਤਾ ਰਣਧੀਰ ਸਿੰਘ ਸਰਾਂ ਦੀ ਯਾਦ ਵਿੱਚ) : 500 ਰੁ.

ਇਕਾਈਆਂ ਨੂੰ

ਇਕਾਈ ਰਾਮਪੁਰਾ ਫੂਲ

1. ਗਗਨ ਗਰੋਵਰ (ਆਪਣੀ ਪੇ ਫਿਕਸ਼ੇਸ਼ਨ ਵਿੱਚ ਹੋਏ ਵਾਧੇ ’ਤੇ) 5000 ਰੁ.
2. ਸਤਪਾਲ ਗੋਇਲ (ਰਿਟਾਇਰਡ ਅਧਿਆਪਕ ਐਸੋਸੀਏਸ਼ਨ ਦੇ ਪ੍ਰਧਾਨ) 500 ਰੁ.
3. ਰਾਜ ਕੁਮਾਰ (ਰਿਟਾਇਰਡ ਪ੍ਰਿੰਸੀਪਲ) 500 ਰੁ.

ਇਕਾਈ ਮੋਹਾਲੀ

ਹਰਪ੍ਰੀਤ ਸਿੰਘ ਖਰੜ (ਘਰ ਦੀ ਖੁਸ਼ੀ ਵਿੱਚ) 500 ਰੁ.

ਇਕਾਈ ਰੋਪੜ

ਇਕਾਈ ਜਥੇਬੰਦਕ ਮੁਖੀ ਅਸ਼ੋਕ ਕੁਮਾਰ ਜੀ
(ਆਪਣੀ ਬੇਟੀ ਅਚਿੰਤ (ਕਲਾਰਾ) ਦੇ ਉਚੇਰੀ
ਸਿੱਖਿਆ ਵਿੱਚ ਦਾਖਲਾ ਮਿਲਣ ’ਤੇ) 2100 ਰੁ.

ਇਕਾਈ ਲੁਧਿਆਣਾ

ਡਾ. ਹਰਬੰਸ ਸਿੰਘ ਗਰੇਵਾਲ, ਅਰਬਨ ਅਸਟੇਟ, ਦੁੱਗਰੀ (ਲੁਧਿਆਣਾ) (ਆਪਣੀ ਜੀਵਨ ਸਾਥਣ ਸਵਰਨ ਕੌਰ ਜੀ ਦੇ ਸ਼ਰਧਾਂਜਲੀ ਸਮਾਗਮ ਮੌਕੇ) 2000 ਰੁ.

ਇਕਾਈ ਬਠਿੰਡਾ

1. ਵਿਪਨ ਕੁਮਾਰ (ਬੇਟੀ ਹਿਤਾਸ਼ੀ ਬਾਂਸਲ ਦੇ ਜਨਮ ਦਿਨ ’ਤੇ) 500 ਰੁ.
2. ਨਰਿੰਦਰ ਸਿੰਘ, (ਰਿਟ. ਮੈਥ ਮਾਸਟਰ, ਮੁਲਤਾਨੀਆ ਰੋਡ, ਬਠਿੰਡਾ) 500 ਰੁ.
3. ਵੀਰ ਸਿੰਘ ਲੈਕਚਰਾਰ ਕਾਮਰਸ, ਸ.ਸ.ਸ.ਸ. ਭੋਖੜਾ (ਸਰਕਾਰੀ ਸੇਵਾ ਨਵਿਰਤੀ ’ਤੇ) 2000 ਰੁ.

ਜ਼ੋਨ ਬਠਿੰਡਾ

ਸੁਖਦੇਵ ਸਿੰਘ (ਸਾਬਕਾ ਫਾਰਮਾਸਿਸਟ) ਤਲਵੰਡੀ ਸਾਬੋ 500ਰੁ.

ਲਾਈਫ ਮੈਂਬਰਸ਼ਿਪ

1. ਨਰਪਾਲ ਸਿੰਘ ਪੁੱਤਰ ਜੱਗਾ ਸਿੰਘ GTB ਨਗਰ, ਗਲੀ ਨੰਬਰ -7, ਬਠਿੰਡਾ
2. ਕਰਮਜੋਤ ਸਿੰਘ ਪੁੱਤਰ ਬਲਕਰਨ ਸਿੰਘ ਪੁੱਤਰ ਅਜਮੇਰ ਸਿੰਘ (ਸ਼ਟਰ ਸਟੋਰ ਵਾਲੇ) ਦੇਸੂ ਰੋਡ, ਡਾਕਖਾਨਾ ਕਾਲਿਆਂ ਵਾਲੀ (ਸਿਰਸਾ) -125201

ਅੰਧਵਿਸ਼ਵਾਸ ਤੇ ਅੰਧਰਾਸ਼ਟਰਵਾਦ

ਅੱਜਕਲ੍ਹ ਬਾਗੇਸ਼ਵਰ ਧਾਮ (ਮੱਧ ਪ੍ਰਦੇਸ਼) ਦਾ ਮੁਖੀ ਧ੍ਰਿੰਦਰ ਕੁਮਾਰ ਸ਼ਾਸਤਰੀ ਆਪਣੇ ਕਥਿਤ ‘ਚਮਤਕਾਰਾਂ’ ਕਾਰਨ ਬਹੁਤ ਚਰਚਾ ਵਿੱਚ ਹੈ। ਪਿਛਲੇ ਮਹੀਨੇ ਜਦੋਂ ਉਹ ਨਾਗਪੁਰ (ਮਹਾਂਰਾਸ਼ਟਰ) ਗਿਆ ਤਾਂ ਤਰਕਸ਼ੀਲ ਕਾਰਕੁੰਨ ਸਿਆਮ ਮਾਨਵ ਨਾਲ ਵਾਹ ਪੈ ਗਿਆ। ਮਾਨਵ ਨੇ ਇਸ ਢੌਂਗੀ ਬਾਬਾ ਨੂੰ ਬਹੁਤ ਸਰਲ ਜਿਹੇ ਸਵਾਲਾਂ ਦਾ ਜਵਾਬ ਦੇਣ ਲਈ ਕਿਹਾ। ਸਵਾਲ ਸੀ ਕਿ ‘ਬਾਬਾ’ ਕੁੱਝ ਬੰਦਿਆਂ ਦੇ ਨਾਮ, ਟੈਲੀਫੋਨ ਨੰਬਰ ਅਤੇ ਕੁੱਝ ਹੋਰ ਨਿੱਜੀ ਜਾਣਕਾਰੀਆਂ ਦੱਸ ਕੇ ਆਪਣੀ ਚਮਤਕਾਰੀ ਸ਼ਕਤੀ ਦਾ ਪ੍ਰਮਾਣ ਦੇਵੇ। ਸ਼ਰਤ ਇਹ ਸੀ ਕਿ ਉਹ ਬੰਦੇ ਸਿਆਮ ਮਾਨਵ ਦੀ ਪਸੰਦ ਦੇ ਹੋਣਗੇ, ‘ਬਾਬੇ’ ਦੀ ਆਪਣੀ ਪਸੰਦ ਦੇ ਨਹੀਂ। ਬਸ ਇੰਨੀ ਛੋਟੀ ਜਿਹੀ ਸ਼ਰਤ ’ਤੇ ਹੀ ਇਹ ਢੌਂਗੀ ਨਾਗਪੁਰ ਤੋਂ ਭੱਜ ਨਿਕਲਿਆ ਕਿਉਂਕਿ ਮਹਾਂਰਾਸ਼ਟਰ ਵਿੱਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਹੈ ਜਿਸ ਅਧੀਨ ਇਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ।

ਬੀਜੇਪੀ ਸ਼ਾਸਿਤ ਸੂਬੇ ਮੱਧ ਪ੍ਰਦੇਸ਼ ਵਿੱਚ ਪਹੁੰਚ ਕੇ ਇਸ ਢੌਂਗੀ ਨੇ ਉਹੀ ਸਹਾਰਾ ਲਿਆ ਜਿਹੜਾ ਅਕਸਰ ਅਜਿਹੇ ਜਾਲਸ਼ਾਜ ਲੈਂਦੇ ਹਨ, ਧਰਮ ਜਾਂ ਅੰਧ-ਰਾਸ਼ਟਰਵਾਦ ਦਾ ਸਹਾਰਾ। ਅਖੇ, ਮੇਰੇ ‘ਚਮਤਕਾਰਾਂ’ ਨੂੰ ਚੁਣੌਤੀ ਦੇਣਾ ਸਨਾਤਨ ਧਰਮ ਉੱਪਰ ਹਮਲਾ ਹੈ। ਇੰਝ ਹੀ ਅਡਾਨੀ ਨੇ ਵੀ ਰਾਸ਼ਟਰਵਾਦ ਦਾ ਸਹਾਰਾ ਲੈਂਦਿਆਂ ਹਿੰਡਨਬਰਗ ਰਿਸਰਚ ਦੀ ਰਿਪੋਰਟ ਨੂੰ ‘ਦੇਸ਼ ਉੱਪਰ ਗਿਣਿਆ ਮਿਥਿਆ ਹਮਲਾ’ ਕਿਹਾ ਸੀ। ਦਰਅਸਲ ਸੱਤਾ ਹਾਸਲ ਕਰਨ ਲਈ ਅੰਧਵਿਸ਼ਵਾਸ ਦਾ ਸਹਾਰਾ ਲੈਣਾ ਸਾਡੇ ਮੌਜੂਦਾ ਸ਼ਾਸਕਾਂ ਦੀ ਰਾਜਨੀਤੀ ਦਾ ਇੱਕ ਹਿੱਸਾ ਹੈ। ਜਿਸ ਚਾਣਕਿਆ ਦੇ ਇਹ ਪੈਰੋਕਾਰ ਹਨ, ਉਸ ਦੀ ‘ਸਾਮ, ਦਾਮ, ਦੰਡ, ਭੇਦ’ ਦੀ ਨੀਤੀ ਅੰਧਵਿਸ਼ਵਾਸ ਨੂੰ ਇੱਕ ਰਾਜਸੀ ਹਥਿਆਰ ਵਜੋਂ ਵਰਤਣ ਉਪਰ ਬਹੁਤ ਜ਼ੋਰ ਦਿੰਦੀ ਹੈ। ਚਾਣਕਿਆ ਦਾ ਕਹਿਣਾ ਸੀ ਕਿ ਰਾਜੇ ਨੂੰ ਤਰਕ ਵਿਦਿਆ ਜਰੂਰ ਸਿੱਖਣੀ ਚਾਹੀਦੀ ਹੈ ਤਾਂ ਜੋ ਉਹ ਰਾਜ ਕਰਨ ਲਈ ਅੰਧਵਿਸ਼ਵਾਸ ਦੀ ਸੁਚੱਜੀ ਵਰਤੋਂ ਕਰ ਸਕੇ। ਧਿਰੰਦਰ ਕੁਮਾਰ ਸ਼ਾਸਤਰੀ ਜਿਹੇ ਢੌਂਗੀਆਂ ਨੂੰ ਵਡ਼ਾਵਾ ਦੇ ਕੇ ਸਾਡੇ ਸ਼ਾਸਕ ਉਸੇ ਬਦਨਾਮ ਚਾਣਕਿਆ ਨੀਤੀ ਨੂੰ ਲਾਗੂ ਕਰ ਰਹੇ ਹਨ। – **ਹਰਚਰਨ ਸਿੰਘ ਚਹਿਲ**

ਤਨ ਤੇ ਮਨ ਦਾ ਟੁੱਟਦਾ ਤਾਲਮੇਲ



- ਜਸਵੰਤ ਮੋਹਾਲੀ

ਮੈਡੀਕਲ ਵਿਗਿਆਨ ਮੁਤਾਬਕ ਸਿਹਤ ਤੋਂ ਭਾਵ ਤਨ ਤੇ ਮਨ ਦੋਹਾਂ ਦਾ ਸਿਹਤਮੰਦ ਅਤੇ ਤਾਲਮੇਲ ਵਿੱਚ ਹੋਣਾ ਹੈ। ਪਰ ਦੇਖਿਆ ਗਿਆ ਹੈ ਕਿ ਬੰਦਾ ਬਹੁਤਾ ਦੇਹੀ ਦੁਆਲੇ ਘੁੰਮਦਾ ਹੈ। ਦੇਹ ਨੂੰ ਤਕੜਾ ਤੇ ਆਕਰਸ਼ਿਕ ਬਣਾਉਨ ਲਈ ਖਾਣਾ, ਕਸਰਤ, ਸਾਬਣ, ਕਰੀਮਾਂ, ਸ਼ਿੰਗਾਰ ਆਦਿ ਦੀ ਵਰਤੋਂ ਕਰਦਾ ਹੈ। ਇਸ ਵਿਚ ਕੁਝ ਮਾੜਾ ਵੀ ਨਹੀਂ ਪਰ ਅਕਸਰ ਭੁਲ ਜਾਂਦਾ ਹੈ ਕਿ ਸਖਸ਼ੀਅਤ ਉਸਾਰੀ ਵਿਚ ਤਨ ਨਾਲੋਂ ਮਨ ਵਧੇਰੇ ਮਹੱਤਵਪੂਰਨ ਹੈ।

'ਤੇਰੇ ਮਨ ਦੀ ਮੈਲ ਨਾ ਜਾਵੇ ਤੂੰ ਨਾਹੁੰਦਾ ਫਿਰੇਂ ਤੀਰਥਾਂ 'ਤੇ।' ਇਹ ਗੀਤ ਛੋਟੇ ਹੁੰਦਿਆਂ ਸੁਣਿਆ ਕਰਦੇ ਸਾਂ। ਇਹ ਗੀਤ ਬੰਦੇ ਦੇ ਦੋਹਰੇ ਕਿਰਦਾਰ ਬਾਰੇ ਹੈ। ਮਾੜੇ ਕਿਰਦਾਰ ਨਾਲ ਧਾਰਮਿਕ ਹੋਣ ਦਾ ਵਿਖਾਵਾ। ਮਨ ਦੀ ਮੈਲ ਕੀ ਹੁੰਦੀ ਹੈ? ਜਦੋਂ ਤੁਸੀਂ ਮਾੜੀ ਸੰਗਤ ਵਿੱਚ ਵਿਚਰਦੇ ਨਸ਼ਿਆਂ ਵੱਲ ਅਹੁਲਦੇ ਹੋ, ਜਦੋਂ ਕੋਈ ਤੁਹਾਨੂੰ ਅਸਲੀਲ ਵੀਡੀਓ ਦੀ ਚੇਟਕ ਲਾ ਦਿੰਦਾ ਹੈ, ਤੁਸੀਂ ਦੂਜੇ ਸੈਕਸ ਵੱਲ ਖਿੱਚੇ ਕਿਸੇ ਵਰਜਿਤ ਇੱਛਾ ਨੂੰ ਕਲਪਣ ਲਗਦੇ ਹੋ, ਕਿਸੇ ਦੀ ਕਾਰ, ਬਾਈਕ, ਆਈ ਫੋਨ ਤੇ ਉਸਦੇ ਬ੍ਰਾਂਡੇਡ ਕੱਪੜਿਆਂ ਤੋਂ ਪ੍ਰਭਾਵਿਤ ਹੋ ਉਸ ਵਰਗਾ ਬਣਨ ਲਈ ਪੈਸੇ ਦੀ ਹਵਸ ਦਾ ਸ਼ਿਕਾਰ ਹੁੰਦੇ ਹੋ, ਕਿਸੇ ਜਹਿਰੀਲੇ ਭਾਸ਼ਣ ਦੇ ਅਸਰ ਵਿਚ ਦੂਜੇ ਧਰਮ ਜਾਤ ਵਾਲਿਆਂ ਨੂੰ ਨਫਰਤ ਕਰਨ ਲਗਦੇ ਹੋ, ਇਹ ਸਾਡੇ ਆਲੇ ਦੁਆਲੇ ਉਡਦੀਆਂ ਉਹ ਧੂੜਾਂ ਹਨ ਜੋ ਸਾਡੇ ਮਨ ਨੂੰ ਮੈਲਾ ਕਰਦੀਆਂ ਹਨ। ਦੇਹ ਦਿਸਦੀ ਹੈ, ਇਸ ਲਈ ਉਸ ਨੂੰ ਚਮਕਾਉਣ ਲਈ ਬਾਜਾਰ ਵਿੱਚ ਸੈਂਕੜੇ ਕੌਸਮੈਟਿਕ ਮੌਜੂਦ ਹਨ, ਪਰ ਮਨ ਅਮੂਰਤ ਹੈ, ਮੈਲਾ ਹੋਣ 'ਤੇ ਵੀ ਦਿਸਦਾ ਨਹੀਂ ਇਸ ਲਈ ਮਨ ਬਾਰੇ ਬਹੁਤਾ ਤਰੱਦਦ ਨਹੀਂ ਕੀਤਾ ਜਾਂਦਾ।

ਸਰੀਰਕ ਤਾਕਤ ਲਈ ਤੁਸੀਂ ਜਿਮ ਜਾਂਦੇ ਹੋ, ਮਾਨਸਿਕ ਤਕੜਾਈ ਦਾ ਜਿਮ ਕਿਹੜਾ ਹੈ? ਮਹਾਂਪੁਰਸ਼ਾਂ ਦੀਆਂ ਜੀਵਨੀਆਂ ਵਿਚ ਅਕਸਰ ਲਿਖਿਆ ਮਿਲਦਾ ਹੈ ਕਿ ਉਸ ਨੂੰ ਬਚਪਨ ਵਿੱਚ ਹੀ ਦਲੇਰੀ ਭਰੀਆਂ ਕਹਾਣੀਆਂ ਸੁਣਾ ਕੇ ਉਸ ਵਿਚ ਦਲੇਰੀ ਕੁਟ-ਕੁਟ ਕੇ ਭਰੀ ਹੋਈ ਸੀ। ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਕਈ ਕੇਸਾਂ ਵਿੱਚ ਬੱਚਿਆਂ ਦੇ ਮਨਾਂ ਵਿੱਚ ਭੂਤਾਂ, ਰੂਹਾਂ ਆਦਿ ਦਾ ਡਰ ਡੂੰਘੀ ਤਰ੍ਹਾਂ ਬੈਠਾ ਹੋਇਆ ਹੁੰਦਾ ਹੈ। ਕੌਂਸਲਿੰਗ ਸਮੇਂ ਦਿੱਤੇ ਸੁਝਾਵਾਂ ਨਾਲ ਜਦੋਂ ਉਹ ਇਸ ਡਰ ਤੋਂ ਮੁਕਤ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਪਰਤ ਆਉਂਦੀ ਹੈ। ਜਿੰਨ੍ਹਾਂ ਨੂੰ ਮਨ ਦੇ ਮਰਜ਼ ਲੱਗੇ ਹਨ ਉਹ ਹੀ ਜਾਣਦੇ ਹਨ ਕਿ ਕਿਵੇਂ ਹਰ ਸੁਖ ਸਹੂਲਤ ਉਨ੍ਹਾਂ ਲਈ ਬੇਮਤਲਬ ਹੋ ਕੇ ਰਹਿ ਜਾਂਦੀ ਹੈ।

ਬੌਧਿਕ ਸਰਗਰਮੀ, ਸੋਚ, ਤਰਕ ਅਤੇ ਭਾਵਨਾਵਾਂ ਮਨ ਦਾ ਖੇਤਰ ਹਨ। ਜਿਵੇਂ ਦੇਹ ਨੂੰ ਤਕੜਾ ਰੱਖਣ ਲਈ ਚੰਗੀ ਖੁਰਾਕ ਦੀ ਲੋੜ ਹੈ ਉਵੇਂ ਹੀ ਮਨ ਨੂੰ ਮਜ਼ਬੂਤ ਰੱਖਣ ਲਈ ਗਿਆਨ ਦੀ ਲੋੜ ਹੈ। ਕਿਤਾਬਾਂ, ਫਿਲਮਾਂ, ਨਾਟਕ ਅਤੇ ਕਿਸੇ ਕਲਾ ਨਾਲ ਜੁੜੇ ਰਹਿਣਾ ਮਨ ਦੀ ਮਜ਼ਬੂਤੀ ਲਈ ਜਿਮ ਦਾ ਕੰਮ ਕਰਦੇ ਹਨ। ਕਿਤਾਬ 'ਮੇਰਾ ਦਾਗਿਸਤਾਨ' ਵਿੱਚ ਇਸ ਗਲ ਦੀ ਮਹੱਤਤਾ ਦਰਜ ਹੈ। ਅੱਤ ਦੀ ਸਰਦੀ ਵਿੱਚ ਪਿੰਡ ਦੇ ਲੋਕ ਬਾਹਰੀ ਹਮਲੇ ਤੋਂ ਚੌਕਸੀ ਲਈ ਪਹਾੜੀ 'ਤੇ ਜਿੰਮੇਵਾਰੀ ਵੰਡ ਕੇ ਪਹਿਰਾ ਦਿੰਦੇ ਹਨ। ਰਾਤ ਨੂੰ ਇੱਕ ਬੰਦੇ ਦੀ ਜ਼ਿੰਮੇਵਾਰੀ ਸਿਰਫ ਅੱਗ ਮਘਾਈ ਤੇ ਬਚਾਈ ਰੱਖਣ ਦੀ ਹੁੰਦੀ ਹੈ। ਅੱਗ ਮਘਾਈ ਰਖਣ ਨਾਲ ਹੀ ਉਨ੍ਹਾਂ ਦੀ ਹੋਂਦ ਬਚਦੀ ਹੈ। ਕਵੀ, ਲੇਖਕ, ਕਲਾਕਾਰ, ਨਾਟਕਕਾਰ ਵੀ ਹਰ ਬੰਦੇ ਅੰਦਰਲੀ ਅੱਗ ਮਘਾਈ ਰਖਣ ਦਾ ਕੰਮ ਕਰਦੇ ਹਨ। ਇਹ ਮਨਾਂ ਦੀ ਮੈਲ ਧੋਂਦੇ ਹਨ, ਉਸਨੂੰ ਦਿਸ਼ਾ ਦਿੰਦੇ ਹਨ, ਉਸਨੂੰ ਤਕੜਾ ਰੱਖਦੇ ਹਨ। ਮਨ ਦੇ ਤਕੜੇ ਤਨਾਂ 'ਤੇ ਤਸ਼ੱਦਦ ਝੱਲ ਕੇ ਵੀ ਝੁਕਦੇ ਨਹੀਂ। ਤਨ ਦੀ ਸਰਗਰਮੀ ਪ੍ਰਤੱਖ ਦਿਸਦੀ ਹੈ, ਮਨ ਦੀਆਂ ਹਰਕਤਾਂ ਗੁੱਝੀਆਂ ਹੁੰਦੀਆਂ ਹਨ। ਮਨ ਤਰਲ ਵਾਂਗ ਹੈ, ਬੇਕਾਬੂ ਹੋ ਕੇ ਕਿਧਰੇ ਵੀ ਵਹਿ ਸਕਦਾ ਹੈ। ਇਸ ਨੂੰ ਦਿਸ਼ਾ ਹੀ ਦਿੱਤੀ ਜਾ ਸਕਦੀ ਹੈ, ਬੰਨ੍ਹ ਨਹੀਂ ਮਾਰੇ ਜਾ ਸਕਦੇ।

ਅੱਜ ਕੱਲ੍ਹ ਬਹੁਤੇ ਬੰਦੇ ਆਪਣੇ ਮੌਜੂਦਾ ਕੰਮ ਤੋਂ ਸੰਤੁਸ਼ਟ ਨਹੀਂ ਹਨ। ਉਹ ਕਰਨਾ ਕੁੱਝ ਹੋਰ ਚਾਹੁੰਦੇ ਹਨ ਪਰ ਕਮਾਈ ਲਈ ਕੁੱਝ ਹੋਰ ਕਰਨ ਲਈ ਮਜ਼ਬੂਰ ਹਨ। "ਕੰਮ ਛੱਡਾਂ, ਨਾਂ ਛੱਡਾਂ" ਦੀ ਦੁਬਿਧਾ ਦੀ ਸਲੀਬ 'ਤੇ ਲਟਕਦੇ ਰਹਿੰਦੇ ਹਨ। ਮਾਰਕਸ ਨੇ ਅਜਿਹੀ ਹੀ ਅਵਸਥਾ ਨੂੰ ਬੇਗਾਨਗੀ (Alienation) ਦਾ ਨਾਮ ਦਿੱਤਾ ਹੈ। ਜਦੋਂ ਬੰਦਾ ਆਪਣੇ ਆਪੇ ਨੂੰ ਮਾਰਕੇ ਜਿਉਂਦਾ ਹੈ। ਕਿਸੇ ਕਵੀ ਦਾ ਸੁਆਲਨੁਮਾ ਸ਼ੇਅਰ ਸਾਡੇ ਸਮਿਆਂ 'ਤੇ ਪੂਰਾ ਢੁੱਕਦਾ ਹੈ- "ਬੰਦੇ ਅੰਦਰ ਅਸਲੀ ਬੰਦਾ ਕਿਉਂ ਤੜਫੇ ਦਿਨ ਰਾਤ, ਅੰਦਰ ਦੇ ਬੰਦੇ ਵਲ ਬੰਦਾ ਕਿਉਂ ਨਾ ਮਾਰੇ ਝਾਤ?"

ਛੋਟੀ ਜ਼ਿੰਦਗੀ: ਵੱਡਾ ਸਬਕ



ਜ਼ਿੰਦਗੀ ਦੇ ਸਫ਼ਰ ਵਿੱਚ ਕੀਤੇ ਕੰਮਾਂ ਨੂੰ ਯਾਦ ਰੱਖਿਆ ਜਾਂਦਾ ਹੈ। ਕੋਈ ਵਿਅਕਤੀ ਕਿੰਨੀ ਲੰਬੀ ਉਮਰ ਗੁਜ਼ਾਰ ਕੇ ਗਿਆ, ਆਪਣੇ ਘਰ, ਪਰਿਵਾਰ ਲਈ ਕੀ ਛੱਡ ਗਿਆ, ਇਸ ਸਭ ਕਾਸੇ ਤੋਂ ਉੱਪਰ ਮਨੁੱਖ ਦੀ ਸਮਾਜ ਲਈ ਦੇਣ ਹੁੰਦੀ ਹੈ। ਜਿਸਨੂੰ ਹਮੇਸ਼ਾਂ ਯਾਦ ਰੱਖਿਆ ਜਾਂਦਾ। ਜਿਹੜੀ ਹੋਰਨਾਂ ਲਈ ਪ੍ਰੇਰਨਾ ਤੇ ਸਬਕ ਬਣਦੀ ਹੈ। ਅਜਿਹੀ ਮਿਸਾਲ 39 ਦਿਨ ਦੀ ਨੰਨ੍ਹੀਂ ਬਾਲੜੀ ਬਣੀ।

ਅੰਮ੍ਰਿਤਸਰ ਦੇ ਹਸਪਤਾਲ ਵਿੱਚ ਨੰਨ੍ਹੀ ਬਾਲੜੀ ਨੇ ਜਨਮ ਲਿਆ। ਪਿਤਾ ਸੁਖਬੀਰ ਸਿੰਘ ਸੰਧੂ ਤੇ ਮਾਤਾ ਸੁਪ੍ਰੀਤ ਕੌਰ ਦਾ ਵਿਹੜਾ ਖ਼ੁਸ਼ੀਆਂ ਨਾਲ ਭਰ ਗਿਆ। ਉਨ੍ਹਾਂ ਉਸਦਾ ਨਾਂ ਅਬਾਬਤ ਕੌਰ ਰੱਖਿਆ। 24 ਦਿਨਾਂ ਦੀ ਉਮਰ ਵਿੱਚ ਹੀ ਅਬਾਬਤ ਨੂੰ ਦਿਲ ਦਾ ਦੌਰਾ ਪਿਆ। ਡਾਕਟਰਾਂ ਨੇ ਦੱਸਿਆ ਕਿ ਬੱਚੀ ਦੇ ਦਿਮਾਗ ਤੱਕ ਖ਼ੂਨ ਨਹੀਂ ਪਹੁੰਚ ਰਿਹਾ। ਐਮਰਜੈਂਸੀ ਹਾਲਤ ਵਿੱਚ ਬੱਚੀ ਦੀ ਜੀਵਨ ਸਲਾਮਤੀ ਲਈ ਪੀ.ਜੀ.ਆਈ. ਚੰਡੀਗੜ੍ਹ ਰੈਫਰ ਕੀਤਾ ਗਿਆ। ਡਾਕਟਰਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਕੁੱਲ 39 ਦਿਨ ਜੀਵੀ ਅਬਾਬਤ ਦੀ ਜੀਵਨ ਤੰਦ ਟੁੱਟ ਗਈ। ਮਾਪਿਆਂ ਨੇ ਆਪਣੇ ਜਿਗਰ ਦਾ ਟੁਕੜਾ ਗੁਆ ਕੇ ਵੀ ਹੌਂਸਲਾ ਨਹੀਂ ਹਾਰਿਆ। ਉਨ੍ਹਾਂ ਅਬਾਬਤ ਦੇ ਅੰਗ ਪ੍ਰਦਾਨ ਕਰਨ ਦਾ ਫ਼ੈਸਲਾ ਲਿਆ ਜਿਸ ਨੂੰ ਸਾਰੇ ਪਰਿਵਾਰ ਨੇ ਸਹਿਮਤੀ ਦਿੱਤੀ। ਅਬਾਬਤ ਭਾਰਤ ਦੀ ਸਭ ਤੋਂ ਛੋਟੀ ਉਮਰ ਦੀ ਸਰੀਰ ਪ੍ਰਦਾਨੀ ਬਣੀ। ਪੀ.ਜੀ.ਆਈ. ਵਿੱਚ ਹੀ ਅਬਾਬਤ ਦੇ ਗੁਰਦੇ 16 ਸਾਲਾਂ ਨੌਜਵਾਨ ਦੀ ਜ਼ਿੰਦਗੀ ਬਚਾ ਗਏ। ਦੋਵੇਂ ਗੁਰਦੇ ਫੇਲ੍ਹ ਹੋਣ 'ਤੇ ਮੌਤ ਨਾਲ ਜੂਝ ਰਹੇ ਨੌਜਵਾਨ ਨੂੰ ਅਬਾਬਤ ਦੇ ਗੁਰਦਿਆਂ ਦਾ ਸਫ਼ਲ ਟ੍ਰਾਂਸਪਲਾਂਟ ਕੀਤਾ ਗਿਆ। ਛੋਟੀ ਜ਼ਿੰਦਗੀ ਦਾ ਇਹ ਵੱਡਾ ਸਬਕ ਹੈ। ਜਿਹੜਾ ਅਬਾਬਤ ਕੌਰ ਦੇ ਸਿਦਕਵਾਨ ਮਾਪਿਆਂ ਸਦਕਾ ਹੀ ਸੰਭਵ ਹੋ ਸਕਿਆ ਹੈ। ਇਹ ਪ੍ਰੇਰਨਾ ਤੇ ਸਬਕ ਸਮਾਜ ਦੇ ਭਲੇ ਦਾ ਲਖਾਇਕ ਹੈ।

ਵਧਦੇ ਕਦਮ:

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸ਼ੁਰੂ ਕੀਤੀ ਗਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਇਸ ਵਾਰ ਜੀਵ ਵਿਕਾਸ ਥਿਊਰੀ ਦੇ ਪਿਤਾਮਾ ਚਾਰਲਸ ਡਾਰਵਿਨ ਨੂੰ ਸਮਰਪਿਤ ਹੋਵੇਗੀ। ਪਿਛਲੀਆਂ ਚਾਰ ਪ੍ਰੀਖਿਆਵਾਂ ਦੇ ਗਿਣਨਯੋਗ ਨਤੀਜਿਆਂ ਤੇ ਮਾਪਿਆਂ, ਵਿਦਿਆਰਥੀਆਂ, ਸਕੂਲ ਮੁਖੀਆਂ ਤੇ ਤਰਕਸ਼ੀਲ ਕਾਮਿਆਂ ਵੱਲੋਂ ਮਿਲੇ ਭਰਪੂਰ ਸਹਿਯੋਗ ਸਦਕਾ ਇਹ ਪ੍ਰੀਖਿਆ ਅਗਸਤ 2023 ਵਿੱਚ ਲਈ ਜਾਵੇਗੀ। ਪ੍ਰੀਖਿਆ ਲਈ ਵਿਦਿਆਰਥੀਆਂ ਤੱਕ ਸਿਲੇਬਸ ਪੁਸਤਕ ਮਈ ਮਹੀਨੇ ਵਿੱਚ ਪੁੱਜਦੀ ਕਰ ਦਿੱਤੀ ਜਾਵੇਗੀ।

ਸਮਾਜ ਦੇ ਚੰਗੇਰੇ ਭਵਿੱਖ ਲਈ ਵਿਦਿਅਰਥੀਆਂ ਨੂੰ ਜੀਵਨ ਸਫ਼ਰ 'ਤੇ ਸਾਬਤ ਕਦਮੀਂ ਤੋਰਨ ਲਈ ਚੇਤਨਾ ਪਰਖ ਪ੍ਰੀਖਿਆ ਵਾਸਤੇ ਸਹਿਯੋਗ ਦੀ ਸਨਿਮਰ ਅਪੀਲ ਹੈ।

ਕੈਨੇਡਾ ਵਿੱਚ ਤਰਕਸ਼ੀਲ ਨਾਟਕ ਮੇਲਿਆਂ ਦੀ ਲੜੀ :

30 ਅਪ੍ਰੈਲ 2023	21 ਮਈ 2023	04 ਜੂਨ 2023	11 ਜੂਨ 2023	18 ਜੂਨ 2023
ਬਰੈਂਪਟਨ	ਐਬਟਸਫੋਰਡ	ਕੈਲਗਿਰੀ	ਵਿਨੀਪੈੱਗ	ਸਰੀ

ਸੰਪਰਕ : ਅਵਤਾਰ ਬਾਈ : 604 728 7011, ਬਲਦੇਵ ਰਹਿਪਾ : 416 881 7202

ਡਾਰਵਿਨ ਦਾ 'ਡਰ'

ਰੂੜ੍ਹੀਵਾਦੀ ਤੇ ਧਾਰਮਿਕ ਕੱਟੜਪੰਥੀ ਓਨਾ ਹੋਰ ਕਿਸੇ ਚੀਜ਼ ਤੋਂ ਨਹੀਂ ਡਰਦੇ ਜਿੰਨਾ ਵਿਗਿਆਨਕ ਸੋਚ ਤੋਂ ਡਰਦੇ ਹਨ ਕਿਉਂਕਿ ਵਿਗਿਆਨਕ ਸੋਚ ਇਨ੍ਹਾਂ ਦੇ ਝੂਠ ਨੂੰ ਸ਼ਰੇਆਮ ਬੇਪਰਦ ਕਰ ਦਿੰਦੀ ਹੈ। ਸੰਨ 1859 ਵਿੱਚ ਡਾਰਵਿਨ ਦੀ ਸ਼ਾਹਕਾਰ ਰਚਨਾ 'ਓਰਿਜ਼ਨ ਆਫ ਸਪੀਸ਼ੀਜ' ਦੇ ਆਉਣ ਤੋਂ ਪਹਿਲਾਂ ਵੱਖ ਵੱਖ ਕਿਸਮ ਦੇ ਰੂੜ੍ਹੀਵਾਦੀ ਚਿੰਤਕਾਂ ਨੇ ਜੀਵ ਸੰਸਾਰ ਦੀ, ਵਿਸ਼ੇਸ਼ ਤੌਰ 'ਤੇ ਮਨੁੱਖ ਦੀ ਉਤਪਤੀ ਬਾਰੇ ਤਰ੍ਹਾਂ ਤਰ੍ਹਾਂ ਦੇ ਊਲ-ਜਲੂਲ ਸਿਧਾਂਤ ਘੜ ਰੱਖੇ ਸਨ। ਕੋਈ ਕਹਿੰਦਾ ਸੀ ਕਿ ਹਫਤੇ ਦੇ ਪਹਿਲੇ ਛੇ ਦਿਨਾਂ 'ਚ ਦੁਨੀਆਂ ਦੀ ਉਤਪਤੀ ਕਰਕੇ ਸੱਤਵੇਂ ਦਿਨ ਆਰਾਮ ਕੀਤਾ; ਕਿਸੇ ਹੋਰ ਦਾ ਮੱਤ ਸੀ ਕਿ 'ਫਲਾਣੇ' ਦੇ 'ਫਲਾਣੇ' ਅੰਗ 'ਚੋਂ 'ਫਲਾਣਾ' ਪੈਦਾ ਹੋਇਆ। ਪਰ ਡਾਰਵਿਨ ਦੇ ਕਰਮ-ਵਿਕਾਸ ਦੇ ਸਿਧਾਂਤ ਦੇ ਆਉਂਦਿਆਂ ਹੀ, ਸਾਰੇ ਰੂੜ੍ਹੀਵਾਦੀ ਸਿਧਾਂਤਾਂ ਦਾ ਭਾਂਡਾ ਐਨ ਚੁਰੱਸਤੇ ਦੇ ਵਿਚਕਾਰ ਫੁੱਟ ਗਿਆ (ਚੇਤੇ ਰਹੇ ਕਿ ਡਾਰਵਿਨ ਖ਼ੁਦ ਆਪਣੀ ਪਹਿਲੀ ਉਮਰੇ ਇੱਕ ਚਰਚ ਦਾ ਪਾਦਰੀ ਰਿਹਾ ਸੀ)।

ਡਾਰਵਿਨ ਦਾ ਸਿਧਾਂਤ ਪੜ੍ਹ ਕੇ ਰੂੜ੍ਹੀਵਾਦੀਆਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਨ੍ਹਾਂ ਦੇ ਝੂਠ ਦਾ ਕਿਲ੍ਹਾ ਇੱਕਦਮ ਢਹਿ-ਢੇਰੀ ਹੋ ਗਿਆ। ਸੋ ਸਾਰੇ ਮੱਤਾਂ ਦੇ ਰੂੜ੍ਹੀਵਾਦੀ ਚਿੰਤਕ ਉਦੋਂ ਤੋਂ ਹੀ ਡਾਰਵਿਨ ਦੇ ਸਿਧਾਂਤ ਨੂੰ ਗਲਤ ਸਿੱਧ ਕਰਨ ਜਾਂ ਨਿੰਦਣ-ਭੰਡਣ 'ਤੇ ਲੱਗੇ ਹੋਏ ਹਨ। ਈਸਾਈ 'ਗਰੇਟ ਡੀਜ਼ਾਈਨ' ਦਾ ਸਿਧਾਂਤ ਦੇ ਢੰਡੋਰਾ ਪਿੱਟਣ ਲੱਗੇ, ਤੇ ਕਿਸੇ ਹੋਰ ਮੱਤ ਵਾਲੇ ਡਾਰਵਿਨ ਦੇ ਸਿਧਾਂਤ 'ਤੇ ਹਾਸੋਹੀਣੇ ਇਤਰਾਜ਼ ਉਠਾਉਣ ਲੱਗੇ। ਅਖੇ, ਜੇਕਰ ਬਾਂਦਰ ਤੋਂ ਬੰਦਾ ਬਣਿਆ ਸੀ ਤਾਂ ਹੁਣ ਵਾਲੇ ਬਾਂਦਰਾਂ ਤੋਂ ਬੰਦੇ ਕਿਉਂ ਨਹੀਂ ਬਣਦੇ। ਸੰਨ 2018 ਵਿੱਚ ਸਾਡੇ ਦੇਸ਼ ਦੇ ਉੱਚ-ਸਿਖਿਆ ਮੰਤਰੀ ਸੱਤਿਆ ਪਾਲ ਸਿੰਘ ਨੇ ਉਪਰੋਕਤ ਸਵਾਲ ਕਰਨ ਤੋਂ ਇਲਾਵਾ, ਡਾਰਵਿਨ ਨੂੰ ਬਸ ਗਾਲ੍ਹਾਂ ਹੀ ਨਹੀਂ ਕੱਢੀਆਂ, ਬਾਕੀ ਹੋਰ ਕੋਈ ਕਸਰ ਨਹੀਂ ਛੱਡੀ (ਨੋਟ ਕਰਿਓ, ਅਗਲਾ 'ਉੱਚ' ਸਿਖਿਆ ਮੰਤਰੀ ਸੀ)।

ਡਾਰਵਿਨ ਥਿਊਰੀ ਮਾਰਗ ਦਰਸ਼ਕ

ਦੇਸ਼ ਦੇ 1800 ਤੋਂ ਵੱਧ ਸਾਇੰਸਦਾਨਾਂ, ਪ੍ਰੋਫ਼ੈਸਰਾਂ, ਖੋਜੀਆਂ, ਲੇਖਕਾਂ, ਬੁੱਧੀਜੀਵੀਆਂ ਤੇ ਸਾਇੰਸ ਨੂੰ ਚਾਹੁਣ ਵਾਲੇ ਨਾਗਰਿਕਾਂ ਨੇ ਚਾਰਲਸ ਡਾਰਵਿਨ ਦੀ ਜੀਵ ਵਿਕਾਸ ਥਿਊਰੀ ਨੂੰ ਸਿਲੇਬਸ ਵਿੱਚੋਂ ਕੱਢਣ ਦਾ ਨੋਟਿਸ ਲੈਂਦਿਆਂ ਆਨ ਲਾਈਨ ਪਟੀਸ਼ਨ 'ਤੇ ਹਸਤਾਖ਼ਰ ਕੀਤੇ ਹਨ। ਉਨ੍ਹਾਂ ਇਸ ਨੀਤੀ ਨੂੰ ਵਿਦਿਆਰਥੀਆਂ ਨੂੰ ਮਾਨਸਿਕ ਪੱਖੋਂ ਅਪਾਹਜ ਕਰਨ ਵਾਲੀ ਦਸਦਿਆਂ ਸੋਚੀ ਸਮਝੀ ਸਾਜਿਸ਼ ਦਾ ਸਿੱਟਾ ਕਰਾਰ ਦਿੱਤਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸੰਸਾਰ ਪੱਧਰ 'ਤੇ ਡਾਰਵਿਨ ਦੀ ਜੀਵ ਵਿਕਾਸ ਥਿਊਰੀ ਲੱਖਾਂ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀ ਹੈ।

ਪਰ ਡਾਰਵਿਨ ਤਾਂ ਆਖਰਕਾਰ ਡਾਰਵਿਨ ਸੀ। ਉਸ ਨੇ ਆਪਣੇ ਸਿਧਾਂਤ ਦੇ ਪੱਖ ਵਿੱਚ ਤੱਥ ਤੇ ਦਲੀਲਾਂ ਹੀ ਇੰਨੀਆਂ ਜਬਰਦਸਤ ਪੇਸ਼ ਕੀਤੀਆਂ ਕਿ ਦੁਨੀਆ ਭਰ ਦੇ ਸਾਰੇ ਰੂੜ੍ਹੀਵਾਦੀ ਚਿੰਤਕ ਉਸ ਦੇ ਸਿਧਾਂਤ ਦਾ ਕੁਝ ਨਹੀਂ ਵਿਗਾੜ ਸਕੇ। ਸਗੋਂ ਬਾਅਦ ਵਿੱਚ ਹੋਰ ਜੀਵ- ਵਿਗਿਆਨੀਆਂ ਨੇ ਨਵੇਂ ਤੱਥ ਇਕੱਤਰ ਕਰਕੇ ਇਸ ਸਿਧਾਂਤ ਨੂੰ ਵਧੇਰੇ ਬਲ ਪ੍ਰਦਾਨ ਕੀਤਾ।

ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ, ਭਾਰਤੀ ਰੂੜ੍ਹੀਵਾਦੀਆਂ ਨੇ ਤਾਂ ਡਾਰਵਿਨ ਤੋਂ ਖਹਿੜਾ ਛੁਡਾਉਣ ਦਾ ਨਵਾਂ ਰਾਹ ਲੱਭ ਲਿਆ ਹੈ, ਜਾਣਿਆ-ਪਹਿਚਾਣਿਆ ਰਾਹ। ਮੁਗਲ-ਕਾਲ, ਗਾਂਧੀ ਦਾ ਕਤਲ ਤੇ ਆਰਐਸਐਸ 'ਤੇ ਬੈਨ ਜਿਹੇ ਕਸੂਤੇ ਇਤਿਹਾਸਕ ਪ੍ਰਸੰਗਾਂ ਤੋਂ ਖਹਿੜਾ ਛੁਡਾਉਣ ਦੇ ਇਸ ਮੌਸਮ ਵਿੱਚ ਕਿਉਂ ਨਾ ਨਾਲ ਹੀ ਡਾਰਵਿਨ ਦਾ ਵੀ ਫਸਤਾ ਵੱਢ ਦਿੱਤਾ ਜਾਵੇ ਤਾਂ ਜੋ ਦੇਸ਼ ਦੀ ਅਗਲੀ ਪੀੜ੍ਹੀ ਡਾਰਵਿਨ ਦਾ ਨਾਮ ਤੱਕ ਨਾ ਜਾਣ ਸਕੇ। ਇਸ ਲਈ ਸਕੂਲ ਦੇ ਦਸਵੀਂ ਦੇ ਸਾਇੰਸ ਦੇ ਸਿਲੇਬਸ ਵਿੱਚੋ ਡਾਰਵਿਨ ਦਾ ਜੀਵ ਵਿਕਾਸ ਦਾ ਸਿਧਾਂਤ ਹੀ ਹਟਾ ਦਿੱਤਾ ਗਿਆ। ਹੈ ਨਾ ਡਾਰਵਿਨ ਦੇ ਡਰ ਤੋਂ ਖਹਿੜਾ ਛੁਡਾਉਣ ਦਾ ਸਰਬੋਤਮ ਤਰੀਕਾ, ਹੁਣ ਮਰਜੀ ਨਾਲ ਨਵੀਂ ਪੀੜ੍ਹੀ ਸਾਹਮਣੇ ਧਾਰਮਿਕ ਅੰਧਵਿਸ਼ਵਾਸੀ ਕਚਰਾ ਪ੍ਰਚਾਰੋ !!!

- ਹਰਚਰਨ ਸਿੰਘ ਚਾਹਲ

If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....